

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਪੰਜਾਬ ਵਿਧਾਨ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਕਈ ਅਹਿਮ ਬਿੱਲ ਹੋਏ ਪਾਸ 05

**ਅੰਦਰਲੀ ਖ਼ਬਰ**
ਸੁਖਬੀਰ-ਮੋਦੀ ਮੁਲਾਕਾਤ 'ਤੇ ਕੇਜਰੀਵਾਲ ਦਾ ਤੰਜ ਕੀ "ਚੰਦਾ ਚੋਰ ਪਾਰਟੀ ਅਤੇ ਬੇਅਦਬੀ ਪਾਰਟੀ ਦਾ ਗਠਜੋੜ ਹੋ ਰਿਹਾ ਹੈ?" 07



ਪੰਨਾ ਨੰ.:6 **ਲੇਖ**
**ਖਿੱਦੋ ਦੀਆਂ ਗੰਦੀਆਂ ਲੀਰਾਂ !**



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 13 ਅਗਸਤ ਤੋਂ 19 ਅਗਸਤ, 2026 | Email :- editor@punjabstar.com, Vo. 20. Issue:1250


## ਅਮਰੀਕਾ 'ਚ ਵਾਵਰੋਲਿਆਂ ਮਗਰੋਂ ਭੂਚਾਲ ਦੇ ਝਟਕਿਆਂ ਨਾਲ ਕੰਬੇ ਲੋਕ

* ਤਿੰਨ ਰਾਜਾਂ ਦੇ 7 ਲੱਖ 30 ਹਜ਼ਾਰ ਘਰਾਂ ਦੀ ਬਿਜਲੀ ਗੁੱਲ

* ਅਸਮਾਨੀ ਬਿਜਲੀ ਡਿੱਗਣ ਕਾਰਨ 16 ਗੰਭੀਰ ਜ਼ਖ਼ਮੀ



ਸ਼ਿਕਾਗੋ, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਇਕ ਪਾਸੇ ਵਾਵਰੋਲਿਆਂ ਨੇ ਕਹਿਰ ਢਾਹਿਆ ਅਤੇ ਦੂਜੇ ਪਾਸੇ ਕੈਲੇਫੋਰਨੀਆ ਤੇ ਨੇਵਾਡਾ ਰਾਜਾਂ ਵਿਚ ਭੂਚਾਲ ਨੇ ਲੋਕਾਂ ਦੇ ਸਾਹ ਸੂਤ ਦਿਤੇ ਜਦਕਿ ਓਹਾਇਓ ਵਿਚ ਅਸਮਾਨੀ ਬਿਜਲੀ ਡਿੱਗਣ ਕਰ ਕੇ ਘੱਟੋ ਘੱਟ 16 ਜਣਿਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਨੈਸ਼ਨਲ ਵੈਦਰ ਸਰਵਿਸ ਵੱਲੋਂ ਮੱਧ ਪੱਛਮੀ ਰਾਜਾਂ ਵਿਚ 5 ਮਿਲੀਅਨ ਲੋਕਾਂ ਨੂੰ ਟੌਰਨੈਡੋਜ਼ ਅਤੇ ਭਾਰੀ ਬਾਰਸ਼ ਦੀ ਚਿਤਾਵਨੀ ਵੱਖਰੇ ਤੌਰ 'ਤੇ ਜਾਰੀ ਕੀਤੀ ਗਈ ਹੈ। ਇਲੀਨੌਇ ਅਤੇ ਇੰਡਿਆਨਾ ਸੂਬਿਆਂ ਵਿਚ ਉਠੇ ਵਾਵਰੋਲਿਆਂ ਦੌਰਾਨ ਹਵਾਵਾਂ ਦੀ ਰਫ਼ਤਾਰ 130 ਮੀਲ ਪ੍ਰਤੀ ਘੰਟਾ ਤੋਂ ਟੱਪ ਗਈ ਅਤੇ ਵੱਡੀ ਗਿਣਤੀ ਵਿਚ ਦਰੱਖਤ ਜੜ੍ਹੋਂ ਪੁੱਟੇ ਗਏ।

ਇਲੀਨੌਇਸ ਵਿਚ 2 ਲੱਖ 90 ਹਜ਼ਾਰ ਅਤੇ ਇੰਡਿਆਨਾ ਵਿਚ 3 ਲੱਖ ਘਰਾਂ ਦੀ ਬਿਜਲ ਗੁੱਲ ਹੋ ਗਈ। ਹਾਈਵੇਜ਼ ਤੋਂ ਲੰਘ ਰਹੇ ਲੋਕਾਂ ਨੂੰ ਓਵਰਪਾਸ ਹੇਠਾਂ ਆਸਰਾ ਨਾ ਲੈਣ ਦਾ ਸੁਝਾਅ ਦਿੰਦਿਆਂ ਮਾਹਰਾਂ ਨੇ ਕਿਹਾ ਕਿ ਅਜਿਹੀਆਂ ਥਾਵਾਂ ਕੁਦਰਤੀ ਆਫ਼ਤ ਤੋਂ ਬਚਾਅ ਕਰਨ ਦੀ ਬਜਾਏ ਜਾਨ ਦਾ ਖੌਅ ਬਣ ਸਕਦੀਆਂ ਹਨ। ਉਧਰ ਸ਼ਿਕਾਗੋ ਤੋਂ ਸਿਰਫ਼ 30 ਮੀਲ ਦੂਰ ਟੌਰਨੈਡੋ ਨਾਲ ਵੱਡਾ ਨੁਕਸਾਨ ਹੋਣ ਦੀ ਰਿਪੋਰਟ ਹੈ ਜਦਕਿ ਉਹਾਇਓ ਵਿਚ 1 ਲੱਖ 80 ਹਜ਼ਾਰ ਘਰਾਂ ਦੀ ਬਿਜਲੀ ਗੁੱਲ ਹੋਈ ਪਰ ਜ਼ਿਆਦਾਤਰ ਥਾਵਾਂ 'ਤੇ ਬਿਜਲੀ ਸਪਲਾਈ ਬਹਾਲ ਕਰ ਦਿਤੀ ਗਈ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ 1985 ਤੋਂ ਬਾਅਦ ਵਾਵਰੋਲਿਆਂ ਦੇ ਰੁਝਾਨ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ।

* ਬਾਕੀ ਸਫ਼ਾ 2 'ਤੇ

## ਕੋਲੰਬੀਆ 'ਚ ਭੂਚਾਲ ਕਾਰਨ 224 ਲੋਕਾਂ ਦੀ ਮੌਤ

### 1,200 ਜ਼ਖ਼ਮੀ, 86 ਇਮਾਰਤਾਂ ਡਿੱਗੀਆਂ

### 1,500 ਤੋਂ ਵੱਧ ਘਰ ਨੁਕਸਾਨੇ ਗਏ; 3,000 ਤੋਂ ਵੱਧ ਲੋਕ ਲਾਪਤਾ



(ਪੰਜਾਬ ਸਟਾਰ ਬਿਓਰੋ): ਦੱਖਣੀ ਅਮਰੀਕੀ ਦੇਸ਼ ਕੋਲੰਬੀਆ ਵਿਚ ਆਏ 7.4 ਤੀਬਰਤਾ ਵਾਲੇ ਭੂਚਾਲ ਕਾਰਨ ਹੁਣ ਤੱਕ 224 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ 1,200 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਅਤੇ 3,000 ਤੋਂ ਵੱਧ ਲੋਕਾਂ ਦੇ ਲਾਪਤਾ ਹੋਣ ਦੀ ਖ਼ਬਰ ਹੈ। ਅਧਿਕਾਰੀਆਂ ਅਨੁਸਾਰ, ਦੇਸ਼ ਭਰ ਵਿਚ 86 ਇਮਾਰਤਾਂ ਡਿੱਗ ਪਈਆਂ,

* ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਇਕੋ ਪਰਿਵਾਰ ਦੇ 6 ਜੀਆਂ ਦੀ ਮੌਤ

### ਪਿਉ ਨੇ ਬੱਚਿਆਂ ਅਤੇ ਮਾਂ ਦੇ ਕਤਲ ਮਗਰੋਂ ਕੀਤੀ ਖੁਦਕੁਸ਼ੀ




ਵਿਨਫ਼ੀਲਡ, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਚਾਰ ਬੱਚਿਆਂ ਅਤੇ ਉਨ੍ਹਾਂ ਦੀ ਮਾਂ ਦਾ ਕਤਲ ਕਰਨ ਮਗਰੋਂ ਪਿਉ ਨੇ ਪਸਤੌਲ ਆਪਣੇ ਵੱਲ ਘੁਮਾ ਲਈ ਅਤੇ ਕੁਝ ਹੀ ਪਲਾਂ ਵਿਚ ਹਸਦਾ-ਵਸਦਾ ਪਰਵਾਰ ਖ਼ਤਮ ਹੋ ਗਿਆ। 53 ਸਾਲਾ ਪਿਉ ਨੇ 911 'ਤੇ ਕਾਲ ਕਰਦਿਆਂ ਆਪਣਾ ਗੁਨਾਹ ਕਬੂਲ ਕੀਤਾ ਅਤੇ ਨਾਲ ਹੀ ਦੱਸਿਆ ਕਿ ਹੁਣ ਉਹ ਵੀ ਦੁਨੀਆਂ ਨੂੰ ਅਲਵਿਦਾ ਆਖ ਰਿਹਾ ਹੈ। ਪੁਲਿਸ ਅਫ਼ਸਰ ਘਰ ਦਾ ਦਰਵਾਜ਼ਾ ਤੋੜ ਅੰਦਰ ਦਾਖ਼ਲ ਹੋਏ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਕੈਨਸਸ ਸੂਬੇ ਦੇ ਵਿਨਫ਼ੀਲਡ ਸ਼ਹਿਰ ਵਿਚ ਵਾਪਰੀ ਵਾਰਦਾਤ ਮਗਰੋਂ ਪੁਲਿਸ ਨੇ ਪਰਵਾਰ ਦੀ ਸ਼ਨਾਖ਼ਤ 53 ਸਾਲ ਦੇ ਰੌਨਲਡ ਵਿਲੀਅਮਜ਼, ਬੱਚਿਆਂ ਦੀ ਮਾਂ ਕੈਲੀ ਜਾਰਜ, 9 ਸਾਲਾ ਕੈਰਲ ਵਿਲੀਅਮਜ਼, 7 ਸਾਲਾ ਰੌਨਲਡ ਵਿਲੀਅਮਜ਼, ਪੰਜ ਸਾਲਾ ਸਾਰਾਹ ਵਿਲੀਅਮਜ਼ ਅਤੇ ਤਿੰਨ ਸਾਲਾ ਕੈਲੀ ਵਿਲੀਅਮਜ਼ ਵਜੋਂ ਕੀਤੀ।

ਵਿਨਫ਼ੀਲਡ ਪੁਲਿਸ ਨੇ ਦੱਸਿਆ ਕਿ ਰੌਨਲਡ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਪ੍ਰੇਸ਼ਾਨੀਆਂ ਵਿਚੋਂ ਲੰਘ ਰਿਹਾ ਸੀ। ਉਸ ਵੱਲੋਂ ਲੋਕਾਂ ਨਾਲ ਝਗੜੇ ਦੇ ਕਈ ਮਾਮਲੇ ਸਾਹਮਣੇ ਆਏ ਪਰ ਪਰਿਵਾਰ ਨੂੰ ਖ਼ਤਮ ਕਰਨ ਦੀ ਵਾਰਦਾਤ ਨੇ ਸ਼ਹਿਰ ਨੂੰ ਝੰਜੋੜ ਕੇ ਰੱਖ ਦਿਤਾ ਹੈ। ਫ਼ਿਲਹਾਲ ਕਤਲੇਆਮ ਲਈ ਜ਼ਿੰਮੇਵਾਰ ਕਾਰਨ ਪਤਾ ਨਹੀਂ ਲੱਗ ਸਕੇ ਕਿ ਆਖਰਕਾਰ ਕਿਹੜੀ ਗੱਲ ਐਨੇ ਵੱਡੇ ਖ਼ੂਨੀ ਕਾਂਡ ਦਾ ਆਧਾਰ ਬਣੀ।

* ਬਾਕੀ ਸਫ਼ਾ 2 'ਤੇ

## ਕੈਨੇਡਾ ਨੇ 2026 ਦੇ ਪਹਿਲੇ 6 ਮਹੀਨੇ 'ਚ 3323 ਭਾਰਤੀਆਂ ਨੂੰ ਦਿੱਤਾ ਦੇਸ਼ ਨਿਕਾਲਾ

### ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਜਾਰੀ ਕੀਤੇ ਅੰਕੜੇ




ਓਟਾਵਾ, (ਪੰਜਾਬ ਸਟਾਰ ਬਿਓਰੋ): ਕੈਨੇਡਾ ਨੇ 2026 ਦੇ ਪਹਿਲੇ 6 ਮਹੀਨਿਆਂ ਵਿੱਚ 3,323 ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦਿੱਤਾ, ਜਿਸ ਨਾਲ ਅਧਿਕਾਰਤ ਅੰਕੜਿਆਂ ਅਨੁਸਾਰ ਇਹ ਅੰਕੜਾ ਪਿਛਲੇ ਛੇ ਸਾਲਾਂ ਦੇ ਰਿਕਾਰਡ ਨੂੰ ਪਾਰ ਕਰਨ ਦੀ ਰਾਹ 'ਤੇ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ.) ਦੇ ਅੰਕੜਿਆਂ ਅਨੁਸਾਰ, ਇਸ ਸਾਲ ਦੇ ਪਹਿਲੇ ਅੱਧ ਵਿੱਚ ਉੱਤਰੀ ਅਮਰੀਕੀ ਦੇਸ਼ ਤੋਂ ਕੱਢੇ ਗਏ ਭਾਰਤੀਆਂ ਦੀ ਗਿਣਤੀ ਪਹਿਲਾਂ ਹੀ ਪੂਰੇ 2025 ਦੌਰਾਨ ਕੱਢੇ ਗਏ 3,779 ਵਿੱਚੋਂ ਲਗਭਗ 88 ਪ੍ਰਤੀਸ਼ਤ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਉੱਚਾ ਸੀ।

ਇਹ ਅੰਕੜੇ ਅਜਿਹੇ ਸਮੇਂ ਆਏ ਹਨ ਜਦੋਂ ਕੈਨੇਡਾ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਸਖ਼ਤ ਕਰ ਰਿਹਾ ਹੈ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾ ਰਿਹਾ ਹੈ। ਕੈਨੇਡਾ ਨਿਯਮਿਤ ਤੌਰ 'ਤੇ ਭਾਰਤੀ ਨਾਗਰਿਕਾਂ ਨੂੰ ਮੁੱਖ ਤੌਰ 'ਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਨਾ ਕਰਨ, ਅਸਵੀਕਾਰ ਕੀਤੇ ਗਏ ਸ਼ਰਣ ਜਾਂ ਸ਼ਰਨਾਰਥੀ ਦਾਅਵਿਆਂ, ਵੀਜ਼ਾ ਓਵਰਸਟੇਅ ਅਤੇ ਵੀਜ਼ਾ ਧੋਖਾਧੜੀ ਘੁਟਾਲਿਆਂ ਕਾਰਨ ਦੇਸ਼ ਨਿਕਾਲਾ ਦਿੰਦਾ ਹੈ।

2026 ਦੇ ਪਹਿਲੇ ਅੱਧ ਵਿੱਚ ਕੈਨੇਡਾ ਤੋਂ ਕੱਢੇ ਗਏ ਲੋਕਾਂ ਵਿੱਚ ਭਾਰਤੀ ਸਭ ਤੋਂ ਵੱਡੀ ਕੌਮੀਅਤ ਵਜੋਂ ਉਭਰੇ, 1,573 ਦੇਸ਼ ਨਿਕਾਲੇ ਨਾਲ ਮੈਕਸੀਕਨਾਂ ਨੂੰ ਪਛਾੜ ਦਿੱਤਾ। ਪਿਛਲੇ ਪੰਜ ਸਾਲਾਂ ਵਿੱਚ ਦੇਸ਼ ਨਿਕਾਲੇ ਲਈ ਕੈਨੇਡਾ ਦੀ ਕੌਮੀਅਤਾਂ ਦੀ ਸੂਚੀ ਵਿੱਚ ਮੈਕਸੀਕੋ ਸਿਖਰ 'ਤੇ ਰਿਹਾ, ਉਸ ਸਮੇਂ ਦੌਰਾਨ ਭਾਰਤ ਦੂਜੇ ਸਥਾਨ 'ਤੇ ਰਿਹਾ।

ਭਾਰਤ ਆਖਰੀ ਵਾਰ 2020 ਵਿੱਚ ਸੂਚੀ ਵਿੱਚ ਸਿਖਰ 'ਤੇ ਸੀ, ਜਦੋਂ 1,424 ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ।

2021 ਵਿੱਚ, ਕੈਨੇਡਾ ਤੋਂ 603 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਇਸ ਤੋਂ ਬਾਅਦ 2022 ਵਿੱਚ 786। CBSA ਦੇ ਅੰਕੜਿਆਂ ਅਨੁਸਾਰ, 2023 ਵਿੱਚ, ਇਹ ਗਿਣਤੀ ਵੱਧ

* ਬਾਕੀ ਸਫ਼ਾ 2 'ਤੇ

## ਸੁਖਬੀਰ ਬਾਦਲ ਜਾਨਲੇਵਾ ਹਮਲੇ 'ਚ ਜ਼ਖਮੀ

### SGPC ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਮਲੇ ਦੀ ਕੀਤੀ ਸਖ਼ਤ ਨਿੰਦਾ



(ਪੰਜਾਬ ਸਟਾਰ ਬਿਓਰੋ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਮਹਾਰਾਸ਼ਟਰ ਦੇ ਨਾਂਦੇੜ ਸਾਹਿਬ ਵਿਖੇ ਹਮਲਾ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਦੇ ਹੱਥ 'ਤੇ ਸੱਟ ਲੱਗੀ ਹੈ ਅਤੇ ਉਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਸੁਖਬੀਰ ਸਿੰਘ ਬਾਦਲ ਦੇ ਨਾਲ ਮੌਜੂਦ ਇੱਕ ਮੁਲਾਜ਼ਮ ਵੀ ਆਗੂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਜ਼ਖਮੀ ਹੋ ਗਿਆ ਹੈ। ਇਹ ਘਟਨਾ ਸਵੇਰੇ ਲਗਪਗ 11 ਵਜੇ ਵਾਪਰੀ ਜਦੋਂ ਸੁਖਬੀਰ ਸਿੰਘ ਬਾਦਲ ਆਪਣੇ ਸਮਰਥਕਾਂ ਅਤੇ ਸੁਰੱਖਿਆ ਕਰਮਚਾਰੀਆਂ ਨਾਲ ਨਾਂਦੇੜ ਸਾਹਿਬ ਵਿਖੇ ਮਾਤਾ ਸਾਹਿਬ ਕੌਰ ਗੁਰਦੁਆਰੇ ਦੇ ਦਰਸ਼ਨ ਕਰਨ ਗਏ ਸਨ। ਇਹ ਗੁਰਦੁਆਰਾ ਸ਼ਹਿਰ ਦੇ ਬਾਹਰਵਾਰ ਹੈ ਅਤੇ ਜੰਗਲ ਨਾਲ ਘਿਰਿਆ ਹੋਇਆ ਹੈ।

ਗੁਰਦੁਆਰੇ ਵਿੱਚ ਭੀੜ

* ਬਾਕੀ ਸਫ਼ਾ 2 'ਤੇ

## ਵਿਦਿਆਰਥੀਆਂ ਦੇ ਪ੍ਰਦਰਸ਼ਨ ਵਾਲੀ ਥਾਂ 'ਤੇ ਸੀਬੀਐੱਸਏ ਵੱਲੋਂ ਛਾਪਾ




(ਪੰਜਾਬ ਸਟਾਰ ਬਿਓਰੋ): ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐੱਸਏ) ਦੇ ਅਧਿਕਾਰੀਆਂ ਨੇ ਕੈਲਗਰੀ ਵਿੱਚ ਉਸ ਥਾਂ 'ਤੇ ਛਾਪਾ ਮਾਰਿਆ ਹੈ ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰਦਰਸ਼ਨ ਕਰ ਰਹੇ ਹਨ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਅਧਿਕਾਰੀਆਂ ਨੇ ਉਨ੍ਹਾਂ ਦੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀ ਜਾਂਚ ਕੀਤੀ। ਇਹ ਏਜੰਸੀ ਪੂਰੇ ਕੈਨੇਡਾ ਵਿੱਚ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ, ਸੰਭਾਵੀ ਉਲੰਘਣਾਵਾਂ ਦੀ ਜਾਂਚ ਕਰਨ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਮੱਦੇਨਜ਼ਰ ਕੀਤੀ ਗਈ ਹੈ।

ਇਸ ਪ੍ਰਦਰਸ਼ਨ ਵਿੱਚ 1,000 ਤੋਂ ਵੱਧ ਅੰਤਰਰਾਸ਼ਟਰੀ ਗ੍ਰੈਜੂਏਟ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤ ਦੇ ਪੰਜਾਬ ਨਾਲ ਸਬੰਧਤ ਵਿਦਿਆਰਥੀ ਹਨ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (ਪੀਜੀਡਬਲਯੂਪੀ) ਦੀਆਂ ਅਰਜ਼ੀਆਂ ਵਿਆਪਕ ਤੌਰ 'ਤੇ ਰੱਦ ਕੀਤੇ ਜਾਣ ਤੋਂ ਬਾਅਦ ਪ੍ਰਦਰਸ਼ਨਕਾਰੀ ਲਗਪਗ 10 ਦਿਨਾਂ ਤੋਂ ਸੜਕਾਂ 'ਤੇ ਪ੍ਰਦਰਸ਼ਨ ਕਰ ਰਹੇ ਹਨ ਅਤੇ ਲੜੀਵਾਰ ਭੁੱਖ ਹੜਤਾਲ 'ਤੇ ਬੈਠੇ ਹਨ। ਗ੍ਰੈਜੂਏਟ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰ ਰਹੇ ਹਨ, ਇਹ ਕਹਿੰਦੇ ਹੋਏ ਕਿ ਉਨ੍ਹਾਂ ਨੇ ਇਸ ਭਰੋਸੇ ਨਾਲ ਆਪਣੇ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ ਅਤੇ ਪੂਰਾ ਕੀਤਾ ਕਿ ਉਹ ਪਰਮਿਟਾਂ ਲਈ ਯੋਗ ਸਨ। ਇਹ ਸਥਿਤੀ ਕਥਿਤ ਤੌਰ 'ਤੇ ਕੁਝ ਹੱਦ ਤੱਕ ਪੰਜਾਬ ਦੇ ਜਲੰਧਰ ਵਿੱਚ ਸਥਿਤ ਇੱਕ ਇਮੀਗ੍ਰੇਸ਼ਨ ਫਰਮ ਤੋਂ ਪੈਦਾ ਹੋਈ ਹੈ।

ਪੰਜਾਬ ਵਿੱਚ ਪਰਿਵਾਰ ਅਕਸਰ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਲਈ ਮਹੱਤਵਪੂਰਨ ਵਿੱਤੀ ਨਿਵੇਸ਼ ਕਰਦੇ ਹਨ, ਅਤੇ ਪ੍ਰਭਾਵਿਤ ਗ੍ਰੈਜੂਏਟਾਂ ਨੇ ਰਿਪੋਰਟ ਦਿੱਤੀ ਹੈ ਕਿ ਉਨ੍ਹਾਂ ਨੇ ਇਸ ਧਾਰਨਾ ਤਹਿਤ ਭਾਰੀ ਟਿਊਸ਼ਨ ਫ਼ੀਸਾਂ ਅਦਾ ਕੀਤੀਆਂ ਹਨ ਕਿ ਉਹ ਪੜ੍ਹਾਈ ਤੋਂ ਬਾਅਦ ਦੇ ਕੰਮ ਦੇ ਪਰਮਿਟਾਂ ਲਈ ਯੋਗ ਹੋਣਗੇ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਕਿਹਾ ਹੈ ਕਿ ਇਸ

* ਬਾਕੀ ਸਫ਼ਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor

www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

**PERSONAL INJURY**
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

**FOR ALL YOUR REAL ESTATE NEEDS**

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਦੱਖਣੀ ਅਫਰੀਕਾ 'ਚ ਵੱਡਾ ਹਾਦਸਾ:

## 14 ਖਾਣ-ਮਜ਼ਦੂਰਾਂ ਦੀ ਹੋਈ ਮੌਤ



ਲਾਪਰਵਾਹੀ ਅਤੇ ਖਤਰਾ: ਦੱਖਣੀ ਅਫਰੀਕਾ ਵਿੱਚ ਹਜ਼ਾਰਾਂ ਗੈਰ-ਕਾਨੂੰਨੀ ਕਾਮੇ ਬੰਦ ਪਈਆਂ ਸੋਨੇ ਅਤੇ ਪਲੈਟੀਨਮ ਦੀਆਂ ਖਾਣਾਂ ਵਿੱਚ ਕੰਮ ਕਰਦੇ ਹਨ।

ਸੁਰੱਖਿਆ ਦੀ ਘਾਟ: ਇਹ ਮਜ਼ਦੂਰ ਬਿਨਾਂ ਕਿਸੇ ਸੁਰੱਖਿਆ ਸਾਜ਼ੋ-ਸਾਮਾਨ ਦੇ ਕੰਮ ਕਰਦੇ ਹਨ।

ਹਫ਼ਤਿਆਂ ਤੱਕ ਹਨੇਰੇ ਵਿੱਚ: ਮਜ਼ਦੂਰ ਬਚੀ-ਖੁਚੀ ਧਾਤ ਦੀ ਭਾਲ ਵਿੱਚ ਹਫ਼ਤਿਆਂ ਬੱਧੀ ਜ਼ਮੀਨਦੋਜ਼ ਰਹਿੰਦੇ ਹਨ।

ਖ਼ਤਰਨਾਕ ਖਾਣਾਂ: ਵਪਾਰਕ ਕੰਪਨੀਆਂ ਵੱਲੋਂ ਛੱਡ ਦਿੱਤੇ ਜਾਣ ਕਾਰਨ, ਇਹ ਖਾਣਾਂ ਪੂਰੀ ਤਰ੍ਹਾਂ ਅਸੁਰੱਖਿਅਤ ਹੋ ਗਈਆਂ ਹਨ।

ਦੱਖਣੀ ਅਫਰੀਕਾ ਤੋਂ ਬੇਹੱਦ ਦੁਖਦਾਈ ਖਬਰ ਸਾਹਮਣੇ ਆਈ ਹੈ। ਰਸਟਨਬਰਗ ਸ਼ਹਿਰ ਨੇੜੇ ਇੱਕ ਬੰਦ ਪਈ ਖਾਨ ਵਿੱਚੋਂ ਘੱਟੋ-ਘੱਟ 14 ਗੈਰ-ਕਾਨੂੰਨੀ ਮਾਈਨਰਾਂ (ਖਾਨ-ਕਾਮਿਆਂ) ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਨੇ ਮੰਗਲਵਾਰ ਨੂੰ ਇਸ ਵੱਡੀ ਘਟਨਾ ਦੀ ਪੁਸ਼ਟੀ ਕੀਤੀ ਹੈ। ਇਸ ਦਿਲ-ਦਹਿਲਾਉਣ ਵਾਲੀ ਘਟਨਾ ਵਿੱਚ ਦਰਜਨਾਂ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਵੀ ਹੋਏ ਹਨ।

ਇਹ ਪੂਰੀ ਘਟਨਾ ਰਸਟਨਬਰਗ ਨੇੜੇ ਵਾਪਰੀ, ਜੋ ਜੋਹਾਨਸਬਰਗ ਤੋਂ ਲਗਭਗ 130 ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਰਾਸ਼ਟਰੀ ਪੁਲਿਸ ਸੇਵਾ ਨੇ ਅਜੇ ਤੱਕ ਮੌਤਾਂ ਦੇ ਸਹੀ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਹੈ। ਹਾਲਾਂਕਿ, ਸੂਬਾਈ ਪੁਲਿਸ ਕਮਿਸ਼ਨਰ ਸਥਿਤੀ ਦਾ ਜਾਇਜ਼ਾ ਲੈਣ ਲਈ ਖੁਦ ਘਟਨਾ ਵਾਲੀ ਥਾਂ 'ਤੇ ਪਹੁੰਚ ਰਹੇ ਹਨ।

ਦੱਖਣੀ ਅਫਰੀਕਾ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੀ ਸਮੱਸਿਆ ਬਹੁਤ ਡੂੰਘੀ ਜੜ੍ਹ ਜਮਾ ਚੁੱਕੀ ਹੈ। ਇਸ ਗੈਰ-ਕਾਨੂੰਨੀ ਕਾਰੋਬਾਰ 'ਤੇ ਪੂਰੀ ਤਰ੍ਹਾਂ ਅਪਰਾਧੀ ਗਰੋਹਾਂ ਦਾ ਕਬਜ਼ਾ ਹੈ। ਇਨ੍ਹਾਂ ਖਾਣਾਂ 'ਤੇ ਕਬਜ਼ੇ ਨੂੰ ਲੈ ਕੇ ਵਿਰੋਧੀ ਗਰੋਹਾਂ ਵਿਚਕਾਰ ਅਕਸਰ ਹਿੰਸਕ ਝੜਪਾਂ ਹੁੰਦੀਆਂ ਰਹਿੰਦੀਆਂ ਹਨ। ਰਸਟਨਬਰਗ ਪਲੈਟੀਨਮ ਮਾਈਨਿੰਗ ਦਾ ਇੱਕ ਪ੍ਰਮੁੱਖ ਕੇਂਦਰ ਹੈ। ਦੱਖਣੀ ਅਫਰੀਕਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਪਲੈਟੀਨਮ ਭੰਡਾਰ ਮੌਜੂਦ ਹਨ।

# ਨਵਾਂਸ਼ਹਿਰ ਦੇ ਪਿੰਡ ਗੜਪਧਾਣਾ ਵਾਪਰਿਆ ਵੱਡਾ ਦੁਖਾਂਤ, 2 ਨੌਜਵਾਨਾਂ ਦੀ ਹੋਈ ਰਹਸਮਈ ਮੌਤ



ਨਵਾਂਸ਼ਹਿਰ ਵਿਖੇ ਵੱਡਾ ਦੁਖਾਂਤ ਵਾਪਰਿਆ ਹੈ ਜਿਥੋਂ ਦੇ 3 ਦੋਸਤਾਂ ਦੀ ਭੇਦਭਰੇ ਹਾਲਾਤਾਂ ਵਿਚ ਮੌਤ ਹੋ ਗਈ ਹੈ। ਪੁਲਿਸ ਤੋਂ ਮਿਲੀ ਜਾਣਕਾਰੀ ਮੁਤਾਬਕ ਤਿੰਨਾਂ ਨੇ ਜ਼ਹਿਰੀਲੀ ਚੀਜ਼ ਖਾ ਲਈ। ਤਿੰਨਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਭਰਤੀ ਕਰਾਇਆ ਗਿਆ ਜਿਥੇ ਇਲਾਜ ਦੌਰਾਨ ਦੋ ਨੌਜਵਾਨਾਂ ਦੀ ਮੌਤ ਹੋ ਗਈ। ਬਾਕੀ ਇਕ ਦੋਸਤ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨੌਜਵਾਨਾਂ ਵੱਲੋਂ ਜ਼ਹਿਰ ਖਾਣ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤਿੰਨੋਂ ਨੌਜਵਾਨ ਨਾਬਾਲਗ ਦੱਸੇ ਜਾ ਰਹੇ ਹਨ। ਮਾਪੇ ਸਦਮੇ ਵਿਚ ਹਨ। ਪੂਰੇ ਪਿੰਡ ਵਿਚ ਸੋਗ ਦੀ ਲਹਿਰ ਹੈ। ਮ੍ਰਿਤਕਾਂ ਦੀ ਪਛਾਣ ਪਰਮਜੀਤ ਸਿੰਘ ਤੇ ਦਿਲਪ੍ਰੀਤ ਸਿੰਘ ਵਜੋਂ ਹੋਈ ਹੈ। ਜ਼ਹਿਰੀਲੀ ਚੀਜ਼ ਖਾਣ ਮਗਰੋਂ ਤਿੰਨਾਂ ਦੀ ਤਬੀਅਤ ਵਿਗੜ ਗਈ। ਪਰਿਵਾਰ ਵਾਲਿਆਂ ਤੇ ਆਸ-ਪਾਸ ਦੇ ਲੋਕਾਂ ਨੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ।

ਮਨਿੰਦਰ ਦਾ ਇਲਾਜ ਹਸਪਤਾਲ ਵਿਚ ਚੱਲ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਤਿੰਨਾਂ ਕੋਲ ਜ਼ਹਿਰੀਲੀ ਚੀਜ਼ ਕਿਥੋਂ ਆਈ।

# NASA ਨੇ ISRO ਨੂੰ ਦਿੱਤਾ ਵੱਡਾ ਸੱਦਾ

## Moon Base Program 'ਚ ਸ਼ਾਮਲ ਹੋਵੇਗਾ ਭਾਰਤ !



ਵਾਸ਼ਿੰਗਟਨ: ਭਾਰਤ ਅਤੇ ਅਮਰੀਕਾ ਵਿਚਾਲੇ ਪੁਲਾੜ ਸਹਿਯੋਗ ਨੂੰ ਲੈ ਕੇ ਇੱਕ ਵੱਡੀ ਪਹਿਲ ਸਾਹਮਣੇ ਆਈ ਹੈ। ਅਮਰੀਕੀ ਪੁਲਾੜ ਏਜੰਸੀ NASA ਨੇ ਭਾਰਤੀ ਪੁਲਾੜ ਖੋਜ ਸੰਗਠਨ ਯਾਨੀ ISRO ਨੂੰ ਆਪਣੇ Moon Base Program ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਇਸ ਨੂੰ ਦੋਵਾਂ ਦੇਸ਼ਾਂ ਵਿਚਾਲੇ ਡੀਪ ਸਪੇਸ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਹ ਜਾਣਕਾਰੀ ਭਾਰਤ-ਅਮਰੀਕਾ ਸਿਵਲ ਸਪੇਸ ਜੁਆਇੰਟ ਵਰਕਿੰਗ ਗਰੁੱਪ ਦੀ 9ਵੀਂ ਮੀਟਿੰਗ ਤੋਂ ਬਾਅਦ ਸਾਹਮਣੇ ਆਈ। ਇਹ ਮੀਟਿੰਗ 5 ਅਤੇ 6 ਅਗਸਤ 2026 ਨੂੰ ਬੈਂਗਲੁਰੂ ਸਥਿਤ ISRO ਦੇ ਮੁੱਖ ਦਫ਼ਤਰ ਵਿੱਚ ਹੋਈ।

### ਦੋਵਾਂ ਦੇਸ਼ਾਂ ਵਿਚਾਲੇ ਹੋਈ ਅਹਿਮ ਚਰਚਾ

ਮੀਟਿੰਗ ਦੌਰਾਨ ਭਾਰਤ ਅਤੇ ਅਮਰੀਕਾ ਦੇ ਅਧਿਕਾਰੀਆਂ ਨੇ ਪੁਲਾੜ ਖੇਤਰ ਵਿੱਚ ਚੱਲ ਰਹੇ ਸਹਿਯੋਗ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੀ ਸ਼ੁਰੂਆਤ ISRO ਦੇ ਚੇਅਰਮੈਨ ਅਤੇ ਪੁਲਾੜ ਵਿਭਾਗ ਦੇ ਸਕੱਤਰ ਡਾ. ਵੀ. ਨਾਰਾਇਣਨ ਅਤੇ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਵਿਚਾਲੇ ਗੱਲਬਾਤ ਨਾਲ ਹੋਈ।

ਦੋਵਾਂ ਨੇ ਭਾਰਤ ਅਤੇ ਅਮਰੀਕਾ ਵਿਚਾਲੇ ਪੁਲਾੜ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਤੋਂ ਬਾਅਦ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਦੱਸਿਆ ਕਿ NASA ਨੇ ISRO ਨੂੰ ਆਪਣੇ Moon Base Program ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੋਵਾਂ ਦੇਸ਼ਾਂ ਦੀ ਡੀਪ ਸਪੇਸ ਪਾਰਟਨਰਸ਼ਿਪ ਹੋਰ ਮਜ਼ਬੂਤ ਹੋਵੇਗੀ।

### ਬੈਂਗਲੁਰੂ ਵਿੱਚ ਹੋਈ ਮੀਟਿੰਗ

ਭਾਰਤ ਵੱਲੋਂ ਮੀਟਿੰਗ ਦੀ ਸਹਿ-ਪ੍ਰਧਾਨਗੀ ISRO ਦੇ ਯੂਆਰ ਰਾਓ ਸੈਟੇਲਾਈਟ ਸੈਂਟਰ ਦੇ ਡਾਇਰੈਕਟਰ ਐੱਮ. ਸ਼ੰਕਰਨ ਨੇ ਕੀਤੀ। ਅਮਰੀਕਾ ਵੱਲੋਂ ਬਿਊਰੋ ਆਫ਼ ਓਸ਼ਨਜ਼ ਐਂਡ ਇੰਟਰਨੈਸ਼ਨਲ ਐਨਵਾਇਰਨਮੈਂਟਲ ਐਂਡ ਸਾਇੰਟਿਫਿਕ ਅਫੇਅਰਜ਼ ਦੇ ਅਸਿਸਟੈਂਟ ਸੈਕਟਰੀ ਆਫ਼ ਸਟੇਟ ਡਾ.ਵੈਸਲੀ ਬਰੂਕਸ ਅਤੇ NASA ਦੀ ਇੰਟਰਨੈਸ਼ਨਲ ਐਂਡ ਇੰਟਰਏਜੰਸੀ ਰਿਲੇਸ਼ਨਜ਼ ਦੀ ਐਸੋਸੀਏਟ ਐਡਮਿਨਿਸਟ੍ਰੇਟਰ ਕੈਥਲੀਨ ਕਾਰਿਕਾ ਨੇ ਅਗਵਾਈ ਕੀਤੀ। ਮੀਟਿੰਗ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਸਿਵਲ ਅਤੇ ਕਮਰਸ਼ੀਅਲ ਸਪੇਸ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਖਾਸ ਧਿਆਨ ਦਿੱਤਾ ਗਿਆ। ਇਹ ਸਹਿਯੋਗ ਅਮਰੀਕਾ-ਭਾਰਤ ਦੀ ਠ੍ਰਸ਼ਠ ਪਹਿਲ ਤਹਿਤ ਅੱਗੇ ਵਧਾਇਆ ਜਾ ਰਿਹਾ ਹੈ। ਇਹ ਪਹਿਲ ਫਰਵਰੀ 2025 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਾਰੀ ਸਾਂਝੇ ਬਿਆਨ ਦੇ ਅਨੁਸਾਰ ਹੈ।

### NISAR ਮਿਸ਼ਨ ਤੋਂ ਬਾਅਦ ਸਹਿਯੋਗ ਹੋਰ ਵਧਿਆ

ਮੀਟਿੰਗ ਦੌਰਾਨ ਦੋਵਾਂ ਦੇਸ਼ਾਂ ਨੇ ਪਿਛਲੇ ਸਾਲ ਲਾਂਚ ਕੀਤੇ ਗਏ ਸਾਂਝੇ NASA-ISRO Synthetic Aperture Radar ਯਾਨੀ NISAR ਮਿਸ਼ਨ ਦੀ ਸਫਲਤਾ ਤੋਂ ਬਾਅਦ ਭਵਿੱਖ ਦੇ ਸਹਿਯੋਗ 'ਤੇ ਵੀ ਚਰਚਾ ਕੀਤੀ।

NISAR ਭਾਰਤ ਅਤੇ ਅਮਰੀਕਾ ਦਾ ਸਾਂਝਾ ਪੁਲਾੜ ਮਿਸ਼ਨ ਹੈ। ਇਸ ਦਾ ਉਦੇਸ਼ ਧਰਤੀ ਦੀ ਸਤਹ ਵਿੱਚ ਹੋਣ ਵਾਲੀਆਂ ਤਬਦੀਲੀਆਂ ਦਾ ਅਧਿਐਨ ਕਰਨਾ ਹੈ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਨੇ ਪੁਲਾੜ ਵਿਗਿਆਨ ਅਤੇ ਮਨੁੱਖੀ ਪੁਲਾੜ ਉਡਾਣ ਨਾਲ ਸਬੰਧਤ ਤਕਨਾਲੋਜੀ ਦੇ ਖੇਤਰ ਵਿੱਚ ਭਵਿੱਖ ਵਿੱਚ ਮਿਲ ਕੇ ਕੰਮ ਕਰਨ ਦੀਆਂ ਸੰਭਾਵਨਾਵਾਂ 'ਤੇ ਵੀ ਵਿਚਾਰ ਕੀਤਾ।

# ਪ੍ਰਤਾਪ ਸਿੰਘ ਬਾਜਵਾ ਦੀ ਵਿਧਾਇਕਾਂ ਨਾਲ ਮੀਟਿੰਗ ਨੇ ਚਰਚਾ ਛੇੜੀ



ਪੰਜਾਬ ਕਾਂਗਰਸ ਵਿੱਚ ਚੱਲ ਰਹੀ ਗੁੱਟਬਾਜ਼ੀ ਦਰਮਿਆਨ ਹੁਣ ਚੰਨੀ-ਵੜਿੰਗ ਧੜੇ ਤੋਂ ਬਾਅਦ ਪਾਰਟੀ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਇਕਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਦਰਜਨ ਤੋਂ ਜ਼ਿਆਦਾ ਕਾਂਗਰਸੀ ਵਿਧਾਇਕਾਂ ਨਾਲ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਬਾਅਦ ਵਿਧਾਇਕਾਂ ਨੇ ਰਾਹੁਲ ਗਾਂਧੀ ਨੂੰ ਪੱਤਰ ਲਿਖ ਕੇ ਉਨ੍ਹਾਂ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਹੈ।

ਜਾਣਕਾਰੀ ਅਨੁਸਾਰ ਵਿਧਾਇਕ ਪੰਜਾਬ ਕਾਂਗਰਸ ਦੀ ਮੌਜੂਦਾ ਸਥਿਤੀ ਅਤੇ ਪਾਰਟੀ ਦੇ ਆਗੂਆਂ ਵਿਚਕਾਰ ਚੱਲ ਰਹੇ ਵਿਵਾਦ ਨੂੰ ਲੈ ਕੇ ਰਾਹੁਲ ਗਾਂਧੀ ਦੇ ਸਾਹਮਣੇ ਆਪਣੀ ਗੱਲ ਰੱਖਣਾ ਚਾਹੁੰਦੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਪ੍ਰਤਾਪ ਸਿੰਘ ਬਾਜਵਾ ਦਿੱਲੀ ਪਹੁੰਚ ਗਏ ਹਨ। ਅਜਿਹੇ ਵਿੱਚ ਪੰਜਾਬ ਕਾਂਗਰਸ ਦੀ ਅੰਦਰੂਨੀ ਸਿਆਸਤ ਵਿੱਚ ਇਸ ਘਟਨਾਕ੍ਰਮ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ 6 ਜੁਲਾਈ ਨੂੰ ਚੰਡੀਗੜ੍ਹ ਪਹੁੰਚੇ ਸਨ। ਉਨ੍ਹਾਂ ਨੇ ਪ੍ਰਤਾਪ ਸਿੰਘ ਬਾਜਵਾ ਦੇ ਸਰਕਾਰੀ ਨਿਵਾਸ 'ਤੇ ਜਾ ਕੇ ਉਨ੍ਹਾਂ ਨਾਲ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਰਾਜਾ ਵੜਿੰਗ ਅਤੇ ਚੰਨੀ ਧੜੇ ਦੇ ਬਾਗੀ ਆਗੂ ਮੌਜੂਦ ਨਹੀਂ ਸਨ। ਬਾਜਵਾ ਨੇ ਉਸ ਸਮੇਂ ਕਿਹਾ ਸੀ ਕਿ ਜਦੋਂ ਬਘੇਲ ਪਹਿਲੇ ਦਿਨ ਆਏ ਸਨ ਤਾਂ ਉਨ੍ਹਾਂ ਵਾਅਦਾ ਕੀਤਾ ਸੀ ਕਿ ਉਹ ਬਾਜਵਾ ਇੱਕ ਸੀਨੀਅਰ ਕਾਂਗਰਸੀ ਹੋਣ ਦੇ ਨਾਤੇਨਾਰਾਜ਼ ਆਗੂਆਂ ਅਤੇ ਹਾਈਕਮਾਂਡ ਦਰਮਿਆਨ ਕੰਮ ਕਰਨ ਦੀ ਕੋਸ਼ਿਸ਼ ਕਰਨਗੇ।

# ਏਅਰ ਇੰਡੀਆ ਫਲਾਈਟ ਦਾ ਪਾਇਲਟ ਡੋਪ ਟੈਸਟ 'ਚ ਫੇਲ੍ਹ, ਇਹ ਨਸ਼ਾ ਕਰਕੇ ਹਵਾ 'ਚ ਜਹਾਜ਼ ਕੀਤਾ ਸੀ ਪੁੱਠਾ!



ਨਵੀਂ ਦਿੱਲੀ: ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਫਲਾਈਟ ਅੀ-2379 ਨਾਲ ਜੁੜੀ ਘਟਨਾ ਵਿੱਚ ਪਾਇਲਟ ਦਾ ਡੋਪ ਟੈਸਟ ਦੂਜੀ ਵਾਰ ਵੀ ਪਾਜ਼ੀਟਿਵ ਆਇਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਲੈਬ ਜਾਂਚ ਵਿੱਚ ਪਾਇਲਟ ਦੇ ਸੈਂਪਲ ਵਿੱਚ ਗਾਂਜਾ ਜਾਂ ਮਾਰਿਜੁਆਨਾ ਦੇ ਸੇਵਨ ਦੀ ਪੁਸ਼ਟੀ ਹੋਈ ਹੈ।

ਫਲਾਈਟ ਵਿੱਚ ਕੁੱਲ 137 ਯਾਤਰੀ ਅਤੇ 8 ਕਰਿਊ ਮੈਂਬਰ ਸਵਾਰ ਸਨ। ਉਡਾਣ ਦੌਰਾਨ ਜਹਾਜ਼ ਨੂੰ ਅਚਾਨਕ ਤੇਜ਼ ਝਟਕੇ ਲੱਗੇ ਅਤੇ ਇਸ ਦੀ ਉਚਾਈ ਕਰੀਬ 300 ਫੁੱਟ ਘੱਟ ਹੋ ਗਈ। ਇਸ ਘਟਨਾ ਵਿੱਚ ਘੱਟੋ-ਘੱਟ 13 ਯਾਤਰੀ ਅਤੇ 4 ਕਰਿਊ ਮੈਂਬਰ ਜ਼ਖਮੀ ਹੋਏ।

### 17 ਲੋਕ ਹੋਏ ਜ਼ਖਮੀ

ਨਾਗਰਿਕ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਮੁਤਾਬਕ ਜ਼ਖਮੀਆਂ ਵਿੱਚ ਕਰਿਊ ਦੇ ਦੋ ਮੈਂਬਰਾਂ ਨੂੰ ਰੀੜ੍ਹ ਦੀ ਹੱਡੀ ਦੇ ਹੇਠਲੇ ਹਿੱਸੇ ਅਤੇ ਗਰਦਨ ਵਿੱਚ ਸੱਟਾਂ ਲੱਗੀਆਂ। ਘਟਨਾ ਤੋਂ ਬਾਅਦ ਨਿਯਮਾਂ ਮੁਤਾਬਕ ਫਲਾਈਟ ਦੇ ਦੋਵੇਂ ਕਰਿਊ ਮੈਂਬਰਾਂ ਦੀ ਸਾਈਕੋਐਕਟਿਵ ਪਦਾਰਥਾਂ ਦੀ ਜਾਂਚ ਕੀਤੀ ਗਈ।

ਪਾਇਲਟ ਦੀ ਸ਼ੁਰੂਆਤੀ ਜਾਂਚ ਵਿੱਚ ਸ਼ੱਕੀ ਨਤੀਜਾ ਆਉਣ ਤੋਂ ਬਾਅਦ ਸੈਂਪਲ ਨੂੰ ਅੰਤਿਮ ਪੁਸ਼ਟੀ ਲਈ ਲੈਬ ਭੇਜਿਆ ਗਿਆ ਸੀ। ਸਾਈਕੋਐਕਟਿਵ ਪਦਾਰਥ ਉਹ ਰਸਾਇਣ ਜਾਂ ਪਦਾਰਥ ਹੁੰਦੇ ਹਨ ਜੋ ਦਿਮਾਗ ਅਤੇ ਨਰਵਸ ਸਿਸਟਮ 'ਤੇ ਸਿੱਧਾ ਪ੍ਰਭਾਵ ਪਾਉਂਦੇ ਹਨ।

### ਦੋਵੇਂ ਕਰਿਊ ਮੈਂਬਰ ਡਿਊਟੀ ਤੋਂ ਹਟਾਏ

ਇਸ ਘਟਨਾ ਨੂੰ ਗੰਭੀਰ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ ਅਤੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਨਾਗਰਿਕ ਹਵਾਬਾਜ਼ੀ ਮਹਾਨਿਰਦੇਸ਼ਾਲੇ ਨੇ ਜਾਂਚ ਅਤੇ ਟੈਸਟਿੰਗ ਪ੍ਰਕਿਰਿਆ ਪੂਰੀ ਹੋਣ ਤੱਕ ਦੋਵੇਂ ਫਲਾਈਟ ਕਰਿਊ ਮੈਂਬਰਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਹੈ।

ਅਗਲੀ ਕਾਰਵਾਈ ਜਾਂਚ ਦੇ ਨਤੀਜਿਆਂ ਅਤੇ ਅੰਤਿਮ ਰਿਪੋਰਟ ਦੇ ਆਧਾਰ 'ਤੇ ਕੀਤੀ ਜਾਵੇਗੀ।

### ਏਅਰ ਇੰਡੀਆ ਨੇ ਕੀ ਕਿਹਾ?

ਏਅਰ ਇੰਡੀਆ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਨਿਯਮਾਂ ਤਹਿਤ ਪਾਇਲਟਾਂ ਦਾ ਫਲਾਈਟ ਤੋਂ ਬਾਅਦ ਟੈਸਟ ਕੀਤਾ ਗਿਆ ਸੀ। ਏਅਰਲਾਈਨ ਮੁਤਾਬਕ ਟੈਸਟ ਦੇ ਨਤੀਜੇ ਉਸ ਨਾਲ ਸਾਂਝੇ ਨਹੀਂ ਕੀਤੇ ਗਏ, ਇਸ ਲਈ ਉਹ ਇਸ ਬਾਰੇ ਕੋਈ ਨਤੀਜਾ ਨਹੀਂ ਕੱਢ ਸਕਦੀ। ਏਅਰਲਾਈਨ ਨੇ ਇਹ ਵੀ ਕਿਹਾ ਕਿ ਉਹ ਨਿਯਮਾਂ ਅਨੁਸਾਰ ਕਰਿਊ ਮੈਂਬਰਾਂ ਦੇ ਨਿਯਮਤ ਡਰੱਗ ਟੈਸਟ ਕਰਦੀ ਹੈ।

ਇਸ ਦੌਰਾਨ ਏਅਰ ਇੰਡੀਆ ਦੇ ਸੀਈਓ ਅਤੇ ਮੈਨੇਜਿੰਗ ਡਾਇਰੈਕਟਰ ਕੈਂਪਬੈਲ ਵਿਲਸਨ ਨੇ ਨਾਗਰਿਕ ਹਵਾਬਾਜ਼ੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਏਅਰ ਇੰਡੀਆ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਟਾਟਾ ਸੰਸ ਦੇ ਚੇਅਰਮੈਨ ਦੇ ਕਾਰਜਕਾਰੀ ਸਲਾਹਕਾਰ ਪ੍ਰਦੀਪ ਸਿੰਘ ਖਰੋਲਾ ਅਤੇ ਫਲਾਈਟ ਸੇਫਟੀ ਮੁਖੀ ਦੀਪਕ ਜੋਸ਼ੀ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਮੰਤਰਾਲੇ, ਡੀਜੀਸੀਏ ਅਤੇ ਏਏਆਈਬੀ ਦੇ ਅਧਿਕਾਰੀ ਵੀ ਮੌਜੂਦ ਸਨ। ਮੀਟਿੰਗ ਵਿੱਚ ਹੋਈ ਚਰਚਾ ਦੇ ਵੇਰਵੇ ਤੁਰੰਤ ਸਾਹਮਣੇ ਨਹੀਂ ਆਏ।

# 3 ਪੰਜਾਬੀ ਨੌਜਵਾਨਾਂ ਦਾ ਯੂਗਾਂਡਾ 'ਚ ਕਿਡਨੈਪ !

## MP ਸਤਨਾਮ ਸੰਧੂ ਨੇ ਕੀਤਾ ਕੇਂਦਰ ਸਰਕਾਰ ਨਾਲ ਸੰਪਰਕ



ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਅਗਵਾ ਕਰਕੇ ਇਟਲੀ ਦੀ ਬਜਾਏ ਯੂਗਾਂਡਾ ਭੇਜਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰ ਦਾ ਦੋਸ਼ ਹੈ ਕਿ ਨੌਜਵਾਨਾਂ ਨੂੰ ਬੰਧਕ ਬਣਾ ਕੇ ਉਨ੍ਹਾਂ ਨਾਲ ਮਾਰਕੁੱਟ ਕੀਤੀ ਜਾ ਰਹੀ ਹੈ। ਅਗਵਾਕਾਰ 70,000 ਡਾਲਰ ਦੀ ਮੰਗ ਕਰ ਰਹੇ ਹਨ। ਅਗਵਾ ਕੀਤੇ ਨੌਜਵਾਨਾਂ ਦੀ ਪਛਾਣ ਰਾਕੇਸ਼ ਕੁਮਾਰ, ਸੁਰੇਂਦਰ ਅਤੇ ਅਵਤਾਰ ਵਜੋਂ ਹੋਈ ਹੈ। ਰਾਕੇਸ਼ ਦੇ ਪਿਤਾ ਕਸ਼ਮੀਰ ਲਾਲ ਨੇ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਮਦਦ ਦੀ ਬੇਨਤੀ ਕੀਤੀ ਹੈ। ਸੰਸਦ ਮੈਂਬਰ ਨੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ।

ਸੰਸਦ ਮੈਂਬਰ ਨੇ ਦੱਸਿਆ ਕਿ ਪੰਜਾਬ ਦੇ ਤਿੰਨ ਨੌਜਵਾਨਾਂ ਨੂੰ ਯੂਗਾਂਡਾ, ਕੀਨੀਆ ਵਿੱਚ ਅਗਵਾ ਕੀਤਾ ਗਿਆ ਸੀ। ਜਲੰਧਰ ਦੇ ਨੇੜੇ ਇੱਕ ਪਿੰਡ ਦੇ ਰਹਿਣ ਵਾਲੇ ਇੱਕ ਨੌਜਵਾਨ ਰਾਕੇਸ਼ ਕੁਮਾਰ ਦੇ ਪਿਤਾ ਕਸ਼ਮੀਰ ਲਾਲ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਲਿਖਤੀ ਬਿਆਨ ਭੇਜਿਆ। ਉਨ੍ਹਾਂ ਕਿਹਾ ਕਿ ਰਾਕੇਸ਼, ਸੁਰੇਂਦਰ ਅਤੇ ਅਵਤਾਰ ਨੂੰ ਪਹਿਲਾਂ ਦੁਬਈ ਅਤੇ ਫਿਰ ਕੀਨੀਆ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਬੰਧਕ ਬਣਾਇਆ ਗਿਆ ਸੀ। ਪਾਕਿਸਤਾਨ ਨਾਲ ਜੁੜੇ ਲੋਕਾਂ ਨੇ ਨੌਜਵਾਨਾਂ ਨੂੰ ਅਗਵਾ ਕੀਤਾ ਹੈ। ਮੈਂ ਭਾਰਤੀ ਵਿਦੇਸ਼ ਮੰਤਰਾਲੇ ਅਤੇ ਪੰਜਾਬ ਦੇ ਡੀਜੀਪੀ ਨਾਲ ਸੰਪਰਕ ਕਰ ਰਿਹਾ ਹਾਂ। ਉਹ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਯਤਨ ਕਰਨਗੇ।

ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਪਰਿਵਾਰ ਮੁਤਾਬਕ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਸਾਢੇ ਨੌਂ ਲੱਖ ਰੁਪਏ ਵਿਚ ਡੀਲ ਹੋਈ ਸੀ। ਏਜੰਟ ਨੇ ਪਹਿਲਾਂ ਹੀ ਪੈਸੇ ਲੈ ਲਏ। ਉਸ ਨੂੰ ਦੁਬਈ ਵਿੱਚ ਦੋ ਨੌਜਵਾਨ ਮਿਲੇ, ਜੋ ਕਿ ਮੁਲਜ਼ਮਾਂ ਦੇ ਚੁੰਗਲ ਵਿੱਚ ਨੌਜਵਾਨਾਂ ਦੇ ਨਾਲ ਫਸੇ ਹੋਏ ਹਨ। ਮਾਪਿਆਂ ਮੁਤਾਬਕ ਏਜੰਟ ਮੂਲ ਰੂਪ ਵਿੱਚ ਪੰਜਾਬ ਦਾ ਰਹਿਣ ਵਾਲਾ ਹੈ। ਪਰਿਵਾਰ ਦੇ ਇੱਕ ਰਿਸ਼ਤੇਦਾਰ ਨਾਲ ਸੰਪਰਕ ਕੀਤਾ ਗਿਆ। ਏਜੰਟ ਇਸ ਸਮੇਂ ਇਟਲੀ ਵਿੱਚ ਰਹਿੰਦਾ ਹੈ। ਨੌਜਵਾਨ 4 ਅਗਸਤ ਨੂੰ ਗਏ ਸਨ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਉਥੋਂ ਸੁਰੱਖਿਅਤ ਕੱਢਿਆ ਜਾਵੇ। ਉਨ੍ਹਾਂ ਤੋਂ ਪੈਸੇ ਅਡਵਾਂਸ ਲਏ ਗਏ ਸਨ।

ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਬਈ ਤੋਂ ਕੀਨੀਆ ਅਤੇ ਯੂਗਾਂਡਾ ਲਿਜਾਇਆ ਗਿਆ ਅਤੇ ਇੱਕ ਅਗਵਾ ਕਰਨ ਵਾਲੇ ਗਿਰੋਹ ਦੇ ਹਵਾਲੇ ਕਰ ਦਿੱਤਾ ਗਿਆ। ਦੋਸ਼ ਹੈ ਕਿ ਨੌਜਵਾਨਾਂ ਦੇ ਪਰਿਵਾਰਾਂ ਤੋਂ 70,000 ਡਾਲਰ ਦੀ ਭਾਰੀ ਰਕਮ ਮੰਗੀ ਜਾ ਰਹੀ ਹੈ। ਇਹ ਇੱਕ ਗੰਭੀਰ ਮਾਮਲਾ ਹੈ। ਸੂਬਾ ਸਰਕਾਰ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ ਪੰਜਾਬ ਵਿੱਚ ਸਥਿਤ ਕਿਸ ਤਰ੍ਹਾਂ ਦੇ ਲੋਕ ਅੰਤਰਰਾਸ਼ਟਰੀ ਗਿਰੋਹਾਂ ਨਾਲ ਮਿਲ ਕੇ ਪੰਜਾਬ ਨੂੰ ਨਿਸ਼ਾਨਾ ਬਣਾ ਰਹੇ ਹਨ। ਮੇਰੇ ਵੱਲੋਂ ਵਿਦੇਸ਼ ਮੰਤਰਾਲੇ ਨਾਲ ਸੰਪਰਕ ਸਥਾਪਤ ਕਰਕੇ ਇਨ੍ਹਾਂ ਨੌਜਵਾਨਾਂ ਨੂੰ ਸੁਰੱਖਿਅਤ ਪੰਜਾਬ ਲਿਆਉਣ ਲਈ ਯਤਨ ਸ਼ੁਰੂ ਕੀਤੇ ਗਏ ਹਨ।

REXDALE
Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail com



Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

# ਪੇਜ ਇੱਕ ਦੀ ਬਾਕੀ

## ਅਮਰੀਕਾ 'ਚ...

40 ਸਾਲ ਪਹਿਲਾਂ ਓਕਲਾਹੋਮਾ, ਕੈਨਸਸ ਅਤੇ ਟੈਕਸਸ ਦੇ ਉਤਰੀ ਇਲਾਕਿਆਂ ਵਿਚ ਜ਼ਿਆਦਾ ਵਾਵਰੋਲੇ ਉਠਦੇ ਸਨ ਪਰ ਹੁਣ ਜ਼ਿਆਦਾ ਮਾਰ ਮਿਸੀਸਿਪੀ, ਟੈਨੇਸੀ ਅਤੇ ਓਹਾਇਓ ਵੈਲੀ 'ਤੇ ਪੈ ਰਹੀ ਹੈ। ਉਧਰ, ਅਸਮਾਨੀ ਬਿਜਲੀ ਡਿੱਗਣ ਦੀ ਘਟਨਾ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਾਫ਼ਟਨ ਰੀਇੰਟੈਗਰੇਸ਼ਨ ਸੈਂਟਰ ਦੇ ਕੈਦੀ ਲੰਚ ਟਾਈਮ ਤੋਂ ਬਾਅਦ ਇਕ ਇਮਾਰਤ ਤੋਂ ਦੂਜੀ ਇਮਾਰਤ ਵੱਲ ਜਾ ਰਹੇ ਸਨ ਜਦੋਂ ਬਿਜਲੀ ਡਿੱਗੀ। ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਓਹਾਇਓ ਵਿਚ ਤੇਜ਼ ਹਵਾਵਾਂ ਨਾਲ ਪਏ ਭਾਰੀ ਮੀਂਹ ਨੇ ਕੁਝ ਥਾਵਾਂ 'ਤੇ ਹੜ੍ਹਾਂ ਵਰਗੇ ਹਾਲਾਤ ਪੈਦਾ ਕਰ ਦਿਤੇ ਅਤੇ 1500 ਲੋਕਾਂ ਦੀ ਵਸੋਂ ਵਾਲਾ ਰੋਜ਼ਵਿਲ ਇਲਾਕਾ ਪਾਣੀ ਵਿਚ ਘਿਰ ਗਿਆ। ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਰੋਜ਼ਵਿਲ ਅਤੇ ਕਰੂਕਸਵਿਲ ਵਿਖੇ ਨੈਸ਼ਨਲ ਗਾਰਡਜ਼ ਦੀ ਹਾਈ ਵਾਟਰ ਰੈਸਕਿਊ ਟੀਮ ਤੈਨਾਤ ਕੀਤੀ ਗਈ।

## ਕੋਲੰਬੀਆ 'ਚ ਭੂਚਾਲ...

ਜਦਕਿ 1,500 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ। ਅਠਾਰਾਂ ਸਿਹਤ ਕੇਂਦਰਾਂ ਅਤੇ 52 ਸਕੂਲਾਂ ਨੂੰ ਵੀ ਨੁਕਸਾਨ ਪਹੁੰਚਿਆ। ਇਸ ਤੋਂ ਇਲਾਵਾ, ਸੱਤ ਹਵਾਈ ਅੱਡਿਆਂ 'ਤੇ ਕੰਮ ਰੋਕ ਦਿੱਤਾ ਗਿਆ ਹੈ। ਪੰਜ ਸ਼ਹਿਰਾਂ ਲਈ 'ਰੈੱਡ ਅਲਰਟ' ਜਾਰੀ ਕੀਤਾ ਗਿਆ ਹੈ। ਰਾਸ਼ਟਰਪਤੀ ਨੇ ਐਮਰਜੈਂਸੀ ਕਮੇਟੀ ਦੀ ਮੀਟਿੰਗ ਬੁਲਾਈ ਹੈ ਅਤੇ ਰਾਹਤ ਤੇ ਬਚਾਅ ਕਾਰਜਾਂ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ ਹੈ। ਕੇਵਲ ਪੇਰੇਰਾ ਸ਼ਹਿਰ ਵਿੱਚ ਹੀ 60 ਲੋਕਾਂ ਦੀ ਮੌਤ ਹੋ ਗਈ ਹੈ। ਲਗਭਗ 5 ਲੱਖ ਦੀ ਆਬਾਦੀ ਵਾਲਾ ਇਹ ਸ਼ਹਿਰ ਭੂਚਾਲ ਦੇ ਕੇਂਦਰ ਤੋਂ 64 ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਸਥਿਤ ਹੈ।

ਰਾਜਧਾਨੀ ਬੋਗੋਟਾ ਸਮੇਤ ਕਈ ਸ਼ਹਿਰਾਂ ਵਿੱਚ ਵੀ ਜ਼ਬਰਦਸਤ ਝਟਕੇ ਮਹਿਸੂਸ ਕੀਤੇ ਗਏ। ਸਾਵਧਾਨੀ ਵਜੋਂ, ਲੋਕਾਂ ਨੇ ਇਮਾਰਤਾਂ ਖਾਲੀ ਕਰ ਦਿੱਤੀਆਂ ਅਤੇ ਸੜਕਾਂ 'ਤੇ ਆ ਗਏ। ਯੂ.ਐਸ. ਜਿਓਲੋਜੀਕਲ ਸਰਵੇ ਦੇ ਅਨੁਸਾਰ, ਸੋਮਵਾਰ ਸਵੇਰੇ ਲਗਭਗ 7:34 ਵਜੇ ਭੂਚਾਲ ਆਇਆ। ਇਸ ਦਾ ਕੇਂਦਰ ਚੋਕੋ ਖੇਤਰ ਵਿੱਚ ਸੈਨ ਜੋਸੇ ਡੇਲ ਪਾਲਮਾਰ ਨੇੜੇ ਸੀ। ਇਹ ਭੂਚਾਲ 107 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ।

## ਅਮਰੀਕਾ 'ਚ ਇਕੋ...

ਪੁਲਿਸ ਮੁਖੀ ਰੌਬੀ ਡੀਲੌਂਗ ਨੇ ਦੱਸਿਆ ਕਿ ਰੌਨਲਡ ਦੀ ਕਾਲ ਆਉਣ ਮਗਰੋਂ ਪੁਲਿਸ ਅਫ਼ਸਰ ਉਸ ਦੇ ਘਰ ਵੱਲ ਰਵਾਨਾ ਹੋ ਗਏ ਤਾਂਕਿ ਇਕ ਹੋਰ ਜਾਨ ਬਚਾਈ ਜਾ ਸਕੇ ਪਰ ਸਫ਼ਲਤਾ ਨਾ ਮਿਲ ਸਕੀ। ਪੁਲਿਸ ਨੂੰ ਇਸ ਮਾਮਲੇ ਵਿਚ ਕੋਈ ਸਾਜ਼ਿਸ਼ ਨਜ਼ਰ ਨਹੀਂ ਆਉਂਦੀ ਅਤੇ ਇਹ ਵਾਰਦਾਤ ਲੋਕਾਂ ਵਾਸਤੇ ਖ਼ਤਰਾ ਪੈਦਾ ਨਹੀਂ ਕਰਦੀ।

## ਕੈਨੇਡਾ ਨੇ 2026...

ਕੇ 1,132 ਹੋ ਗਈ, ਅਤੇ 2024 ਵਿੱਚ 2,004 ਹੋ ਗਈ। ਛਭਸ਼ਅ ਦੇਸ਼ ਨਿਕਾਲੇ ਦੇ ਕਾਰਨਾਂ 'ਤੇ ਇੱਕ ਵੱਖਰਾ ਡੇਟਾਬੇਸ ਰੱਖਦਾ ਹੈ, ਪਰ ਇਸਦਾ ਦੇਸ਼-ਵਾਰ ਵੇਰਵਾ ਨਹੀਂ ਹੈ। ਸੀਬੀਐਸਏ ਦੇ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਕੈਨੇਡਾ ਦੇ "ਰਿਮੂਵਲ ਇਨ ਪ੍ਰਗਤੀ ਇਨ ਇਨਵੈਂਟਰੀ" ਵਿੱਚ ਭਾਰਤੀਆਂ ਦਾ ਵੀ ਸਭ ਤੋਂ ਵੱਡਾ ਸਮੂਹ ਸੀ, ਜਿਸ ਵਿੱਚ 7,669 ਲੋਕ ਰਿਮੂਵਲ ਦੀ ਉਡੀਕ ਕਰ ਰਹੇ ਸਨ। ਕੈਨੇਡਾ ਰਿਮੂਵਲ ਆਰਡਰਾਂ ਦੀਆਂ ਤਿੰਨ ਵਿਆਪਕ ਸ਼੍ਰੇਣੀਆਂ ਲਾਗੂ ਕਰਦਾ ਹੈ।

ਇੱਕ ਡਿਪਾਰਟਮੈਂਟ ਆਰਡਰ ਦੇ ਤਹਿਤ, ਇੱਕ ਵਿਅਕਤੀ ਨੂੰ 30 ਦਿਨਾਂ ਦੇ ਅੰਦਰ ਸਵੈਇੱਛਤ ਤੌਰ 'ਤੇ ਕੈਨੇਡਾ ਛੱਡਣਾ ਪੈਂਦਾ ਹੈ, ਅਜਿਹਾ ਨਾ ਕਰਨ 'ਤੇ ਇਹ ਆਪਣੇ ਆਪ ਹੀ ਡਿਪੋਰਟੇਸ਼ਨ ਆਰਡਰ ਬਣ ਜਾਂਦਾ ਹੈ। ਇੱਕ ਡਿਪੋਰਟੇਸ਼ਨ ਆਰਡਰ ਇੱਕ ਵਿਅਕਤੀ ਨੂੰ ਇੱਕ ਨਿਸ਼ਚਿਤ ਮਿਆਦ ਲਈ ਕੈਨੇਡਾ ਵਾਪਸ ਜਾਣ ਤੋਂ ਰੋਕਦਾ ਹੈ, ਆਮ ਤੌਰ 'ਤੇ ਇੱਕ ਤੋਂ ਪੰਜ ਸਾਲ ਦੇ ਵਿਚਕਾਰ। ਡਿਪੋਰਟੇਸ਼ਨ ਆਰਡਰ ਸਥਾਈ ਤੌਰ 'ਤੇ ਦੁਬਾਰਾ ਦਾਖਲੇ 'ਤੇ ਪਾਬੰਦੀ ਲਗਾਉਂਦਾ ਹੈ ਜਦੋਂ ਤੱਕ ਕਿ ਵਿਅਕਤੀ ਕੈਨੇਡੀਅਨ ਸਰਕਾਰ ਤੋਂ ਲਿਖਤੀ ਅਧਿਕਾਰ ਪ੍ਰਾਪਤ ਨਹੀਂ ਕਰਦਾ। ਇਸ ਸਾਲ ਲਈ ਕੈਨੇਡਾ ਦਾ ਡਿਪੋਰਟੇਸ਼ਨ ਅੰਕੜਾ ਵੀ ਸੰਯੁਕਤ ਰਾਜ ਅਮਰੀਕਾ ਦੁਆਰਾ ਭਾਰਤ ਭੇਜੇ ਗਏ ਭਾਰਤੀਆਂ ਦੀ ਗਿਣਤੀ ਤੋਂ ਢਾਈ ਗੁਣਾ ਵੱਧ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪਿਛਲੇ ਮਹੀਨੇ ਕਿਹਾ ਸੀ ਕਿ 1 ਜਨਵਰੀ ਤੋਂ 22 ਜੁਲਾਈ ਦੇ ਵਿਚਕਾਰ ਅਮਰੀਕਾ ਤੋਂ 1,273 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਸੀ।

## ਸੁਖਬੀਰ ਬਾਦਲ...

ਦਾ ਫਾਇਦਾ ਉਠਾਉਂਦਿਆਂ, ਇੱਕ ਨਿਹੰਗ ਸਿੱਖ, ਜਿਸ ਨੂੰ ਕਥਿਤ ਤੌਰ 'ਤੇ ਕਾਬੂ ਕਰ ਲਿਆ ਗਿਆ ਹੈ, ਹਥਿਆਰ ਲੈ ਕੇ ਬਾਦਲ ਦੇ ਨੇੜੇ ਆਇਆ ਅਤੇ ਹਮਲਾ ਕਰ ਦਿੱਤਾ। ਚੌਕਸ ਗਾਰਡ ਨੇ ਦਖਲਅੰਦਾਜ਼ੀ ਕੀਤੀ ਅਤੇ ਹਮਲੇ ਨੂੰ ਟਾਲ ਦਿੱਤਾ। ਹਾਲਾਂਕਿ, ਇਸ ਪ੍ਰਕਿਰਿਆ ਵਿੱਚ ਗਾਰਡ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਜਦੋਂ ਕਿ ਸੁਖਬੀਰ ਬਾਦਲ ਦੇ ਹੱਥ 'ਤੇ ਸੱਟ ਲੱਗੀ। ਹਮਲੇ ਵਿੱਚ ਤੇਜ਼ਧਾਰ ਹਥਿਆਰ ਦੀ ਵਰਤੋਂ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਇੱਕ ਪੂਰਵ ਖਾਲਿਸਤਾਨੀ ਅਤਿਵਾਦੀ ਨਰਾਇਣ ਸਿੰਘ ਚੌੜਾ ਨੇ 4 ਦਸੰਬਰ ਨੂੰ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ 'ਸੇਵਾਦਾਰ' ਵਜੋਂ ਡਿਊਟੀ ਨਿਭਾ ਰਹੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕੀਤਾ ਸੀ।

## ਵਿਦਿਆਰਥੀਆਂ ਦੇ...

ਦੇ ਜੂਨ 2026 ਦੇ ਅਪਡੇਟ ਨੇ ਸਿਰਫ਼ ਗੈਰ-ਕ੍ਰੈਡਿਟ ਪ੍ਰੋਗਰਾਮਾਂ ਬਾਰੇ ਮੌਜੂਦਾ ਯੋਗਤਾ ਲੋੜਾਂ ਨੂੰ ਸਪੱਸ਼ਟ ਕੀਤਾ ਹੈ ਅਤੇ ਮੁੱਖ ਮਾਪਦੰਡ ਬਦਲੇ ਨਹੀਂ ਹਨ। ਹਾਲਾਂਕਿ, ਵਿਦਿਆਰਥੀਆਂ ਦਾ ਤਰਕ ਹੈ ਕਿ ਉਨ੍ਹਾਂ ਦੀਆਂ ਅਰਜ਼ੀਆਂ ਪਿਛਲੀਆਂ ਸਮਝਾਂ ਤਹਿਤ ਨੇਕ ਨੀਤੀ ਨਾਲ ਜਮ੍ਹਾਂ ਕਰਵਾਈਆਂ ਗਈਆਂ ਸਨ ਅਤੇ ਉਨ੍ਹਾਂ ਕੇਸਾਂ ਦਾ ਮੁੜ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਚੱਲ ਰਿਹਾ ਵਿਵਾਦ ਵਿਅਕਤੀਗਤ ਅਰਜ਼ੀ ਰੱਦ ਹੋਣ ਤੋਂ ਵਧ ਕੇ ਇੱਕ ਵੱਡੇ ਜਨਤਕ ਪ੍ਰਦਰਸ਼ਨ ਵਿੱਚ ਬਦਲ ਗਿਆ ਹੈ, ਜਿਸ ਨਾਲ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਅਲਬਰਟਾ ਦੀ ਸੂਬਾਈ ਸਰਕਾਰ ਦੀਆਂ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ ਕਿਉਂਕਿ ਪ੍ਰਭਾਵਿਤ ਗ੍ਰੈਜੂਏਟ ਕਾਨੂੰਨੀ ਉਪਾਵਾਂ ਅਤੇ ਪ੍ਰਸ਼ਾਸਕੀ ਸਮੀਖਿਆਵਾਂ ਦੀ ਮੰਗ ਕਰ ਰਹੇ ਹਨ।

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories



Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ



Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Instalation Included
MICHELIN BFGoodrich DUNLOP GOODYEAR Hankook Xceed AEOLUS ROADLUX



We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਟਰੰਪ ਦਾ ਈਰਾਨ 'ਤੇ ਤਿੱਖਾ ਹਮਲਾ

## ਕਿਹਾ– 51 ਸਾਲਾਂ ਦੇ ਮਾੜੇ ਵਤੀਰੇ ਨੇ ਦੇਸ਼ ਨੂੰ ਕੰਗਾਲ ਕੀਤਾ





ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਤਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ ’ਤੇ ਇੱਕ ਪੋਸਟ ਰਾਹੀਂ ਈਰਾਨ ਦੀ ਆਰਥਿਕ ਸਥਿਤੀ ਨੂੰ ਲੈ ਕੇ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਨੇ ‘ਈਰਾਨ ਕੋਲ ਕੋਈ ਪੈਸਾ ਨਹੀਂ’ ਸਿਰਲੇਖ ਵਾਲਾ ਇੱਕ ਗ੍ਰਾਫਿਕ ਸਾਂਝਾ ਕੀਤਾ ਅਤੇ ਦੇਸ਼ ਦੀ ਆਰਥਿਕ ਗਿਰਾਵਟ ਲਈ 51 ਸਾਲਾਂ ਦੇ ‘ਮਾੜੇ ਵਰਤਾਅ’ ਨੂੰ ਜ਼ਿੰਮੇਵਾਰ ਠਹਿਰਾਇਆ।

ਇਸ ਗ੍ਰਾਫਿਕ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਈਰਾਨੀ ਰਿਆਲ ਦੀ ਕੀਮਤ ਵਿੱਚ ਆਈ ਗਿਰਾਵਟ ਨੂੰ ਦਰਸਾਇਆ ਹੈ। ਅਮਰੀਕਾ ਅਤੇ ਈਰਾਨ ਵਿਚਾਲੇ ਵੱਧ ਰਹੇ ਤਣਾਅ ਦੇ ਦੌਰਾਨ ਟਰੰਪ ਦੀ ਇਹ ਟਿੱਪਣੀ ਤੇਹਰਾਨ ਖ਼ਿਲਾਫ਼ ਉਨ੍ਹਾਂ ਦੇ ਤਾਜ਼ਾ ਹਮਲਿਆਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ।

**ਈਰਾਨੀ ਰਿਆਲ ਦੀ ਗਿਰਾਵਟ ਦਾ ਗ੍ਰਾਫ ਸਾਂਝਾ ਕੀਤਾ**

ਟਰੰਪ ਵੱਲੋਂ ਸਾਂਝੀ ਕੀਤੀ ਤਸਵੀਰ ਮੁਤਾਬਕ, 2025 ਦੀ ਸ਼ੁਰੂਆਤ ਵਿੱਚ 10 ਲੱਖ ਈਰਾਨੀ ਰਿਆਲ ਦੀ ਕੀਮਤ ਲਗਭਗ 1.11 ਅਮਰੀਕੀ ਡਾਲਰ ਸੀ। ਗ੍ਰਾਫਿਕ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2026 ਦੀ ਤੀਜੀ ਤਿਮਾਹੀ ਤੱਕ ਇਹ ਕੀਮਤ ਘਟ ਕੇ ਲਗਭਗ 0.53 ਡਾਲਰ ਰਹਿ ਗਈ।

ਗ੍ਰਾਫ ਵਿੱਚ ਕਈ ਤਿਮਾਹੀਆਂ ਦੌਰਾਨ ਰਿਆਲ ਦੀ ਲਗਾਤਾਰ ਡਿੱਗਦੀ ਕੀਮਤ ਦਿਖਾਈ ਗਈ ਹੈ। ਇਸ ਦੇ ਅੰਤ ਵਿੱਚ ਇੱਕ ਕੂੜੇਦਾਨ ਦਾ ਨਿਸ਼ਾਨ ਬਣਾਇਆ ਗਿਆ ਹੈ ਅਤੇ ਕਰੰਸੀ ਨੂੰ ‘ਕੂੜਾ’ ਦੱਸਿਆ ਗਿਆ ਹੈ। ਟਰੰਪ ਨੇ ਗ੍ਰਾਫਿਕ ਦੇ ਨਾਲ ਸਿਰਫ਼ ‘51 ਸਾਲਾਂ ਦਾ ਮਾੜਾ ਵਰਤਾਅ!’ ਕੈਪਸ਼ਨ ਲਿਖਿਆ ਅਤੇ ਹੋਰ ਕੋਈ ਟਿੱਪਣੀ ਨਹੀਂ ਕੀਤੀ।

**ਪਾਬੰਦੀਆਂ ਅਤੇ ਨੀਤੀਆਂ ਨੂੰ ਦੱਸਿਆ ਕਾਰਨ**

ਟਰੰਪ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਰਹੇ ਹਨ ਕਿ ਅੰਤਰਰਾਸ਼ਟਰੀ ਪਾਬੰਦੀਆਂ, ਖੇਤਰੀ ਟਕਰਾਅ ਅਤੇ ਈਰਾਨੀ ਲੀਡਰਸ਼ਿਪ ਦੀਆਂ ਟਕਰਾਅ ਵਾਲੀਆਂ ਨੀਤੀਆਂ ਨੇ ਦੇਸ਼ ਦੀ ਅਰਥਵਿਵਸਥਾ ਨੂੰ ਕਮਜ਼ੋਰ ਕੀਤਾ ਹੈ। ਈਰਾਨੀ ਰਿਆਲ ਦੀ ਕੀਮਤ ਵਿੱਚ ਪਿਛਲੇ ਕਈ ਸਾਲਾਂ ਤੋਂ ਗਿਰਾਵਟ ਆਉਂਦੀ ਰਹੀ ਹੈ। ਇਸ ਦੇ ਪਿੱਛੇ ਮਹਿੰਗਾਈ, ਪਾਬੰਦੀਆਂ, ਘੱਟ ਵਿਦੇਸ਼ੀ ਨਿਵੇਸ਼ ਅਤੇ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਅਸਥਿਰਤਾ ਵਰਗੇ ਕਾਰਨਾਂ ਨੂੰ ਦੱਸਿਆ ਜਾਂਦਾ ਹੈ।

ਅਰਥਸ਼ਾਸਤਰੀ ਵੀ ਲੰਬੇ ਸਮੇਂ ਤੋਂ ਈਰਾਨੀ ਅਰਥਵਿਵਸਥਾ ਦੀਆਂ ਢਾਂਚਾਗਤ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੇ ਰਹੇ ਹਨ। ਹਾਲਾਂਕਿ, ਸੋਸ਼ਲ ਮੀਡੀਆ ’ਤੇ ਸਾਂਝੇ ਕੀਤੇ ਗਏ ਐਕਸਚੇਂਜ ਰੇਟ ਦੇ ਅੰਕੜੇ ਇਸ ਗੱਲ ’ਤੇ ਨਿਰਭਰ ਕਰ ਸਕਦੇ ਹਨ ਕਿ ਸਰਕਾਰੀ ਜਾਂ ਸਮਾਂਤਰ ਬਾਜ਼ਾਰ ਵਿੱਚੋਂ ਕਿਹੜੀ ਦਰ ਨੂੰ ਆਧਾਰ ਬਣਾਇਆ ਗਿਆ ਹੈ।

**ਅਮਰੀਕਾ–ਈਰਾਨ ਤਣਾਅ ਵਿਚਾਲੇ ਬਿਆਨ**

ਟਰੰਪ ਦੀ ਇਹ ਪੋਸਟ ਅਜਿਹੇ ਸਮੇਂ ਆਈ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਫੌਜੀ ਅਤੇ ਕੂਟਨੀਤਕ ਤਣਾਅ ਵਧਿਆ ਹੋਇਆ ਹੈ। ਇਸ ਦੌਰਾਨ ਈਰਾਨ ਨਾਲ ਜੁੜੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਅਮਰੀਕੀ ਕਾਰਵਾਈਆਂ ਅਤੇ ਖੇਤਰ ਵਿੱਚ ਅਮਰੀਕੀ ਫੌਜੀ ਮੌਜੂਦਗੀ ਵਿੱਚ ਵਾਧਾ ਵੀ ਦੇਖਣ ਨੂੰ ਮਿਲਿਆ ਹੈ। ਇਨ੍ਹਾਂ ਘਟਨਾਵਾਂ ਕਾਰਨ ਵੱਡੇ ਖੇਤਰੀ ਟਕਰਾਅ ਦੀਆਂ ਚਿੰਤਾਵਾਂ ਵਧੀਆਂ ਹਨ। ਹਾਲਾਂਕਿ ਤਣਾਅ ਨੂੰ ਹੋਰ ਵਧਣ ਤੋਂ ਰੋਕਣ ਲਈ ਖਾੜੀ ਦੇਸ਼ਾਂ ਅਤੇ ਓਮਾਨ ਨੂੰ ਸ਼ਾਮਲ ਕਰਦੇ ਹੋਏ ਪਰਦੇ ਪਿੱਛੇ ਕੂਟਨੀਤਕ ਕੋਸ਼ਿਸ਼ਾਂ ਜਾਰੀ ਰਹਿਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ।

# ਪੰਜਾਬ ਨਾਲ ਜੁੜੇ ਮੁੱਦਿਆਂ 'ਤੇ PM ਨਾਲ ਕੀਤੀ ਮੁਲਾਕਾਤ: ਸੁਖਬੀਰ ਸਿੰਘ ਬਾਦਲ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਿੱਲੀ ਵਿੱਚ ਹੋਈ ਉੱਚ-ਪੱਧਰੀ ਮੁਲਾਕਾਤ ਤੋਂ ਬਾਅਦ ਪੰਜਾਬ ਦੇ ਰਾਜਨੀਤਿਕ ਗਲਿਆਰਿਆਂ ਵਿੱਚ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ। ਮੀਟਿੰਗ ਦੇ ਤਿੰਨ ਦਿਨਾਂ ਬਾਅਦ, ਜਦੋਂ ਸੁਖਬੀਰ ਬਾਦਲ ਤੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਦੁਬਾਰਾ ਗੱਠਜੋੜ ਦੀ ਸੰਭਾਵਨਾ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ‘ਤੇ ਸਪੱਸ਼ਟ ਜਵਾਬ ਦੇਣ ਦੀ ਬਜਾਏ ਸਵਾਲ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਹਾਲਾਂਕਿ, ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਵੱਡੇ ਮੁੱਦਿਆਂ ‘ਤੇ ਚਰਚਾ ਕਰਨ ਲਈ ਪ੍ਰਧਾਨ ਮੰਤਰੀ ਨੂੰ ਮਿਲੇ ਸਨ ਅਤੇ ਕੇਂਦਰ ਨੂੰ ਪੰਜਾਬ ਨੂੰ ਬਚਾਉਣ ਦੇ ਤਰੀਕੇ ਲੱਭਣ ਦੀ ਅਪੀਲ ਕੀਤੀ ਸੀ।

ਸੁਖਬੀਰ ਬਾਦਲ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ, “ਪੰਜਾਬ ਦੇ ਕਈ ਵੱਡੇ ਮੁੱਦੇ ਹਨ। ਕਈ ਇਮਤਿਹਾਨੀ ਪੇਪਰ ਲੀਕ ਹੋ ਰਹੇ ਹਨ, ‘ਆਪ’ ਪੰਜਾਬ ਨੂੰ ਲੁੱਟ ਰਹੀ ਹੈ ਅਤੇ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਨ ਗਿਆ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਬਚਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਨੇ ਇੱਕ ਨਿਰਪੱਖ ਅਤੇ ਬਰਾਬਰ ਹੱਦਬੰਦੀ (Delimitation) ਪ੍ਰਕਿਰਿਆ ਦੀ ਮੰਗ ਕੀਤੀ ਹੈ, ਤਾਂ ਜੋ ਸਾਰੇ ਰਾਜਾਂ ਨੂੰ ਇੱਕਸਾਰ ਅਤੇ ਬਰਾਬਰ ਪ੍ਰਤੀਨਿਧਤਾ ਮਿਲ ਸਕੇ। ਉਨ੍ਹਾਂ ਕਿਹਾ, “ਸ਼੍ਰੋਮਣੀ ਅਕਾਲੀ ਦਲ ਨੇ ਪੇਸ਼ ਕੀਤੇ ਗਏ ਮਤੇ ਦਾ ਸਮਰਥਨ ਕੀਤਾ ਹੈ ਅਤੇ ਸਦਨ ਵਿੱਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਰੇ ਰਾਜਾਂ ਲਈ ਸੀਟਾਂ ਦੀ ਗਿਣਤੀ ਵਿੱਚ ਬਰਾਬਰ 50 ਫ਼ੀਸਦ ਦਾ ਵਾਧਾ ਕੀਤਾ ਜਾਵੇ।”

ਪਾਰਟੀ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਰਾਖਵਾਂਕਰਨ ਅਤੇ ਹੱਦਬੰਦੀ ਦੀ ਪ੍ਰਕਿਰਿਆ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਲਾਗੂ ਕੀਤਾ ਜਾਣਾ ਚਾਹੀਦੀ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਰਾਜਨੀਤਿਕ ਹਲਕਿਆਂ ਵਿੱਚ ਇਹ ਅਟਕਲਾਂ ਤੇਜ਼ ਹਨ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਖਬੀਰ ਬਾਦਲ ਦੀ ਪੀਐੱਮ ਮੋਦੀ ਨਾਲ ਇਹ ਮੁਲਾਕਾਤ ਦੋਵਾਂ ਪੁਰਾਣੇ ਸਹਿਯੋਗੀਆਂ ਨੂੰ ਮੁੜ ਇੱਕ ਮੰਚ ‘ਤੇ ਲਿਆਉਣ ਦਾ ਰਾਹ ਪੱਧਰਾ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ (ਜਿਨ੍ਹਾਂ ਨੂੰ 2021 ਵਿੱਚ ਰੱਦ ਕਰ ਦਿੱਤਾ ਗਿਆ ਸੀ) ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ 2020 ਵਿੱਚ ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਲੋਕਤੰਤਰੀ ਗਠਜੋੜ (ਐੱਨ.ਡੀ.ਏ.) ਨਾਲੋਂ ਆਪਣੇ ਦਹਾਕਿਆਂ ਪੁਰਾਣੇ ਸਬੰਧ ਤੋੜ ਲਏ ਸਨ।

# ਵੀਜ਼ਾ ਨਿਯਮਾਂ 'ਚ ਵੱਡਾ ਬਦਲਾਅ !

## ਨੌਕਰੀ ਗਈ ਤਾਂ ਅਮਰੀਕਾ ’ਚ ਰਹਿਣਾ ਹੋ ਸਕਦਾ ਔਖਾ




ਵਾਸ਼ਿੰਗਟਨ: ਅਮਰੀਕਾ ਵਿੱਚ H-1B ਵੀਜ਼ੇ ’ਤੇ ਕੰਮ ਕਰ ਰਹੇ ਵਿਦੇਸ਼ੀ ਕਰਮਚਾਰੀਆਂ ਲਈ ਆਉਣ ਵਾਲੇ ਸਮੇਂ ਵਿੱਚ ਮੁਸ਼ਕਲ ਵਧ ਸਕਦੀ ਹੈ। ਅਮਰੀਕੀ ਸਰਕਾਰ ਨੌਕਰੀ ਜਾਣ ਤੋਂ ਬਾਅਦ ਨਵੀਂ ਨੌਕਰੀ ਲੱਭਣ ਲਈ ਮਿਲਣ ਵਾਲੀ 60 ਦਿਨਾਂ ਦੀ ਮੋਹਲਤ ਖ਼ਤਮ ਕਰਨ ’ਤੇ ਵਿਚਾਰ ਕਰ ਰਹੀ ਹੈ। ਜੇਕਰ ਇਹ ਬਦਲਾਅ ਲਾਗੂ ਹੁੰਦਾ ਹੈ ਤਾਂ ਨੌਕਰੀ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿੱਚ ਰਹਿਣਾ ਪਹਿਲਾਂ ਦੇ ਮੁਕਾਬਲੇ ਮੁਸ਼ਕਲ ਹੋ ਸਕਦਾ ਹੈ। ਇਹ ਪ੍ਰਸਤਾਵ ਇਸ ਵੇਲੇ ਵ੍ਹਾਈਟ ਹਾਊਸ ਦੇ ਆਫਿਸ ਆਫ ਮੈਨੇਜਮੈਂਟ ਐਂਡ ਬਜਟ (OMB) ਕੋਲ ਭੇਜਿਆ ਗਿਆ ਹੈ। ਹਾਲਾਂਕਿ, ਹਾਲੇ ਇਹ ਨਿਯਮ ਨਹੀਂ ਬਣਿਆ ਹੈ। ਦਿੱਤੇ ਗਏ ਅੰਕੜਿਆਂ ਮੁਤਾਬਕ ਅਮਰੀਕਾ ਵਿੱਚ H-1B ਵੀਜ਼ੇ ’ਤੇ ਕੰਮ ਕਰ ਰਹੇ ਕਰੀਬ 5 ਲੱਖ ਭਾਰਤੀ ਇਸ ਬਦਲਾਅ ਤੋਂ ਪ੍ਰਭਾਵਿਤ ਹੋ ਸਕਦੇ ਹਨ।

**ਜੈਸ਼ੰਕਰ ਨੇ ਵੀ ਚੁੱਕਿਆ ਸੀ ਮੁੱਦਾ**

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਸ ਸਾਲ ਮਈ ਵਿੱਚ ਇਹ ਮੁੱਦਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸਾਹਮਣੇ ਵੀ ਰੱਖਿਆ ਸੀ। ਰੂਬੀਓ ਨੇ ਮੰਨਿਆ ਸੀ ਕਿ ਨਵੇਂ ਇਮੀਗ੍ਰੇਸ਼ਨ ਸਿਸਟਮ ਵਿੱਚ ਬਦਲਾਅ ਦੌਰਾਨ ਕੁਝ ਮੁਸ਼ਕਲਾਂ ਅਤੇ ਤਣਾਅ ਪੈਦਾ ਹੋ ਸਕਦੇ ਹਨ।

ਹਾਲਾਂਕਿ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਆਪਣੇ ਇਮੀਗ੍ਰੇਸ਼ਨ ਸਿਸਟਮ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਲੰਬੇ ਸਮੇਂ ਵਿੱਚ ਇਸ ਦਾ ਲਾਭ ਸਾਰੇ ਪੱਖਾਂ ਨੂੰ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਹ ਕਦਮ ਖ਼ਾਸ ਤੌਰ ’ਤੇ ਭਾਰਤ ਨੂੰ ਨਿਸ਼ਾਨਾ ਬਣਾ ਕੇ ਨਹੀਂ ਚੁੱਕਿਆ ਗਿਆ।

**7 ਸਾਲ ਰਹਿਣ ਵਾਲਿਆਂ ਲਈ ਗ੍ਰੀਨ ਕਾਰਡ ਦਾ ਪ੍ਰਸਤਾਵ**

ਦੂਜੇ ਪਾਸੇ ਅਮਰੀਕਾ ਵਿੱਚ ਰਹਿ ਰਹੇ ਭਾਰਤੀ H-1B ਵੀਜ਼ਾ ਧਾਰਕਾਂ ਸਮੇਤ ਲੱਖਾਂ ਲੋਕਾਂ ਲਈ ਗ੍ਰੀਨ ਕਾਰਡ ਹਾਸਲ ਕਰਨ ਦਾ ਨਵਾਂ ਮੌਕਾ ਵੀ ਬਣ ਸਕਦਾ ਹੈ। ਅਮਰੀਕੀ ਸੈਨੇਟ ਵਿੱਚ ਪੇਸ਼ ਕੀਤੇ ਗਏ ਇੱਕ ਬਿੱਲ ਵਿੱਚ ਪਿਛਲੇ 7 ਸਾਲਾਂ ਤੋਂ ਲਗਾਤਾਰ ਅਮਰੀਕਾ ਵਿੱਚ ਰਹਿ ਰਹੇ ਲੋਕਾਂ ਨੂੰ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦੀ ਇਜਾਜ਼ਤ ਦੇਣ ਦਾ ਪ੍ਰਸਤਾਵ ਹੈ। ਗ੍ਰੀਨ ਕਾਰਡ ਅਮਰੀਕਾ ਵਿੱਚ ਸਥਾਈ ਤੌਰ ’ਤੇ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦੇਣ ਵਾਲਾ ਅਧਿਕਾਰਤ ਦਸਤਾਵੇਜ਼ ਹੈ।

**ਮੌਜੂਦਾ 60 ਦਿਨਾਂ ਦੀ ਗ੍ਰੇਸ ਪੀਰੀਅਡ**

ਮੌਜੂਦਾ ਨਿਯਮਾਂ ਤਹਿਤ ਜੇਕਰ H-1B ਕਰਮਚਾਰੀ ਦੀ ਨੌਕਰੀ ਚਲੀ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਅਮਰੀਕਾ ਛੱਡਣ ਦੀ ਲੋੜ ਨਹੀਂ ਹੁੰਦੀ। ਉਸ ਨੂੰ ਵੱਧ ਤੋਂ ਵੱਧ 60 ਦਿਨ ਮਿਲ ਸਕਦੇ ਹਨ। ਇਸ ਦੌਰਾਨ ਉਹ ਨਵੀਂ ਨੌਕਰੀ ਲੱਭ ਸਕਦਾ ਹੈ ਜਾਂ ਆਪਣਾ ਵੀਜ਼ਾ ਸਟੇਟਸ ਕਾਇਮ ਰੱਖਣ ਲਈ ਜ਼ਰੂਰੀ ਕਦਮ ਚੁੱਕ ਸਕਦਾ ਹੈ। ਜੇਕਰ ਨਵੀਂ ਕੰਪਨੀ ਉਸ ਨੂੰ ਨੌਕਰੀ ਦਿੰਦੀ ਹੈ ਤਾਂ ਉਹ ਉਸ ਲਈ H-1B ਅਰਜ਼ੀ ਦਾਖ਼ਲ ਕਰ ਸਕਦੀ ਹੈ। ਕੁਝ ਹਾਲਾਤਾਂ ਵਿੱਚ ਅਰਜ਼ੀ ਮਨਜ਼ੂਰ ਹੋਣ ਤੋਂ ਪਹਿਲਾਂ ਹੀ ਨਵੀਂ ਕੰਪਨੀ ਵਿੱਚ ਕੰਮ ਸ਼ੁਰੂ ਕਰਨ ਦੀ ਇਜਾਜ਼ਤ ਵੀ ਹੋ ਸਕਦੀ ਹੈ।

ਜੇਕਰ 60 ਦਿਨਾਂ ਵਿੱਚ ਨਵੀਂ ਨੌਕਰੀ ਨਹੀਂ ਮਿਲਦੀ ਤਾਂ ਕੁਝ ਮਾਮਲਿਆਂ ਵਿੱਚ ਹੋਰ ਵੀਜ਼ਾ ਜਾਂ ਸਟੇਟਸ ਲਈ ਅਰਜ਼ੀ ਦੇਣ ਦਾ ਰਸਤਾ ਹੋ ਸਕਦਾ ਹੈ। ਪਰ ਜੇਕਰ ਕੋਈ ਕਦਮ ਨਹੀਂ ਚੁੱਕਿਆ ਜਾਂਦਾ ਅਤੇ ਅਮਰੀਕਾ ਵਿੱਚ ਰਹਿਣ ਦੀ ਮਨਜ਼ੂਰ ਮਿਆਦ ਵੀ ਖ਼ਤਮ ਹੋ ਜਾਂਦੀ ਹੈ ਤਾਂ ਦੇਸ਼ ਛੱਡਣਾ ਪੈ ਸਕਦਾ ਹੈ।

# ਜਗਰਾਓਂ : ਛੱਪੜ 'ਚ ਡਿੱਗੀ ਬੇਕਾਬੂ ਕਾਰ

## 3 ਦੇ ਨਿਕਲੇ ਸਾਹ, ਆਮ ਆਦਮੀ ਪਾਰਟੀ ਦੇ ਸਰਗਰਮ ਆਗੂ ਸਨ ਮ੍ਰਿਤਕ

ਪੰਜਾਬ ਵਿਚ ਵੱਡਾ ਹਾਦਸਾ ਵਾਪਰਿਆ ਹੈ। 5 ਨੌਜਵਾਨ ਗੱਡੀ ਵਿਚ ਸਵਾਰ ਹੋ ਕੇ ਦਰਗਾਹ ਤੋਂ ਮੱਥਾ ਟੇਕ ਕੇ ਘਰ ਵਾਪਸ ਪਰਤ ਰਹੇ ਸੀ ਕਿ ਵਾਪਸੀ ਵਿਚ ਕਾਰ ਸਣੇ ਛੱਪੜ ਵਿਚ ਜਾ ਡਿੱਗਦੇ ਹਨ ਜਿਸ ਕਰਕੇ 3 ਦੀ ਮੌਤ ਹੋ ਗਈ ਹੈ ਜਦੋਂ ਕਿ 2 ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਦਰਅਸਲ ਰਾਏਕੋਟ–ਜਗਰਾਓਂ ਰੋਡ ‘ਤੇ ਪਿੰਡ ਬੱਸੀਆਂ ਵਿਖੇ ਦੇਰ ਰਾਤ ਇਕ ਵੈਗਨ ਕਾਰ ਗੰਦੇ ਪਾਣੀ ਦੇ ਛੱਪੜ ਵਿਚ ਜਾ ਡਿੱਗੀ। ਕਾਰ ਵਿਚ ਸਵਾਰ 26 ਤੋਂ 27 ਸਾਲ ਦੇ 3 ਨੌਜਵਾਨਾਂ ਦੀ ਮੌਤ ਹੋ ਗਈ ਜਦੋਂ ਕਿ 2 ਦਾ ਬਚਾਅ ਕਰ ਲਿਆ ਗਿਆ। ਕਾਰ ਸਵਾਰ ਇਹ ਨੌਜਵਾਨ ਪਾਤੜਾਂ ਤੇ ਦਿੜ੍ਹਬਾ ਇਲਾਕੇ ਦੇ ਰਹਿਣ ਵਾਲੇ ਸਨ ਤੇ ਇਹ 5 ਨੌਜਵਾਨ ਆਮ ਆਦਮੀ ਪਾਰਟੀ ਦੇ ਸਰਗਰਮ ਆਗੂ ਸਨ। ਮਿਲੀ ਜਾਣਕਾਰੀ ਮੁਤਾਬਕ ਇਹ ਨੌਜਵਾਨ ਨਕੋਦਰ ਦਰਗਾਹ ਤੋਂ ਮੱਥਾ ਟੇਕ ਕੇ ਆਪਣੇ ਘਰ ਵਾਪਸ ਪਰਤ ਰਹੇ ਸਨ। ਪਰ ਰਾਏਕੋਟ ਦੇ ਪਿੰਡ ਬੱਸੀਆਂ ਬਾਹਰਵਾਰ ਇਹ ਮੰਦਭਾਗਾ ਹਾਦਸਾ ਵਾਪਰ ਗਿਆ। ਮ੍ਰਿਤਕਾਂ ਦੀ ਪਛਾਣ ਸੰਦੀਪ ਸਿੰਘ, ਬਲਕਾਰ ਸਿੰਘ ਤੇ ਵਿਸ਼ਾਲ ਕੁਮਾਰ ਵਜੋਂ ਹੋਈ ਹੈ। ਮ੍ਰਿਤਕ ਦੇਹਾਂ ਸਰਕਾਰੀ ਹਸਪਤਾਲ ਜਗਰਾਓਂ ਦੀ ਮੋਰਚਰੀ ਵਿਚ ਰੱਖਿਆ ਗਿਆ ਹੈ। ਬਿਕਰਮਜੀਤ ਸਿੰਘ ਤੇ ਵਿਕਰਮ ਗੋਇਲ ਨੇ ਦਸਿਆ ਕਿ ਰਾਏਕੋਟ ਵਿਖੇ ਡਾਕਟਰੀ ਸਹਾਇਤਾ ਲਈ ਦਾਖਲ ਕਰਵਾਇਆ ਗਿਆ। ਪਿੰਡ ਵਿਚ ਸੋਗ ਦਾ ਮਾਹੌਲ ਹੈ ਤੇ ਪਰਿਵਾਰ ਵਾਲਿਆਂ ਦਾ ਰੋ–ਰੋ ਕੇ ਬੁਰਾ ਹਾਲ ਹੈ। ਗੱਡੀ ਬੇਕਾਬੂ ਹੋ ਕੇ ਗੰਦੇ ਪਾਣੀ ਦੇ ਛੱਪੜ ਵਿਚ ਜਾ ਡਿੱਗੀ ਤੇ ਹਾਦਸਾ ਵਾਪਰ ਗਿਆ।

# ਲਿਓਨੇਲ ਮੈਸੀ ਨੇ ਅਣਮਿੱਥੇ ਸਮੇਂ ਲਈ ਫੁੱਟਬਾਲ ਤੋਂ ਲਿਆ ਬ੍ਰੇਕ

## ਪਿਤਾ ਦੀ ਮੌਤ ਮਗਰੋਂ ਪਰਿਵਾਰ ਨਾਲ ਰਹਿਣ ਦਾ ਕੀਤਾ ਫ਼ੈਸਲਾ



ਅਰਜਨਟੀਨਾ ਅਤੇ ਇੰਟਰ ਮਿਆਮੀ ਦੇ ਸਟਾਰ ਫੁੱਟਬਾਲਰ ਲਿਓਨੇਲ ਮੈਸੀ ਨੇ ਆਪਣੇ ਪਿਤਾ, ਜੋਰਜ ਮੈਸੀ ਦੀ ਮੌਤ ਤੋਂ ਬਾਅਦ ਪ੍ਰਤੀਯੋਗੀ ਫੁੱਟਬਾਲ ਤੋਂ ਅਣਮਿੱਥੇ ਸਮੇਂ ਲਈ ਬ੍ਰੇਕ ਲਿਆ ਹੈ। ਮੈਸੀ ਆਪਣੇ ਪਰਿਵਾਰ ਨਾਲ ਰਹਿਣ ਲਈ ਅਰਜਨਟੀਨਾ ਦੇ ਰੋਸਾਰੀਓ ਵਾਪਸ ਆ ਗਿਆ ਹੈ। ਇੰਟਰ ਮਿਆਮੀ ਨੇ ਆਪਣਾ ਪੂਰਾ ਸਮਰਥਨ ਦਿੰਦੇ ਹੋਏ, ਉਸਦੀ ਵਾਪਸੀ ਲਈ ਕੋਈ ਸਮਾਂ–ਸੀਮਾ ਨਿਰਧਾਰਤ ਨਹੀਂ ਕੀਤੀ ਹੈ। ਇਸ ਲਈ, ਇਹ ਸਪੱਸ਼ਟ ਨਹੀਂ ਹੈ ਕਿ 39 ਸਾਲਾ ਖਿਡਾਰੀ ਕਦੋਂ ਮੈਦਾਨ ਵਿੱਚ ਵਾਪਸ ਆਵੇਗਾ।

ਮੇਸੀ ਦੇ ਪਿਤਾ, ਜੋਰਜ ਮੈਸੀ ਦਾ ਸ਼ੁੱਕਰਵਾਰ ਨੂੰ ਦਿਹਾਂਤ ਹੋ ਗਿਆ। ਇੰਟਰ ਮਿਆਮੀ ਦੇ ਕਪਤਾਨ ਨਿੱਜੀ ਜਹਾਜ਼ ਰਾਹੀਂ ਆਪਣੇ ਜੱਦੀ ਸ਼ਹਿਰ ਰੋਸਾਰੀਓ ਗਏ, ਜਿੱਥੇ ਉਹ ਆਪਣੇ ਪਰਿਵਾਰ ਨਾਲ ਇੱਕ ਨਿੱਜੀ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ। ਮੈਸੀ ਉਸ ਸਮੇਂ ਦੱਖਣੀ ਫਲੋਰੀਡਾ ਵਿੱਚ ਸੀ, ਇੰਟਰ ਮਿਆਮੀ ਦੇ ਆਉਣ ਵਾਲੇ ਲੀਗ ਕੱਪ ਮੈਚ ਦੀ ਤਿਆਰੀ ਕਰ ਰਿਹਾ ਸੀ। ਆਪਣੇ ਪਿਤਾ ਦੇ ਦਿਹਾਂਤ ਦੀ ਖ਼ਬਰ ਮਿਲਣ ‘ਤੇ, ਉਸਨੇ ਤੁਰੰਤ ਅਰਜਨਟੀਨਾ ਵਾਪਸ ਜਾਣ ਦਾ ਫੈਸਲਾ ਕੀਤਾ।

ਸਪੈਨਿਸ਼ ਪ੍ਰਕਾਸ਼ਨ ਮਾਰਕਾ ਦੀ ਇੱਕ ਰਿਪੋਰਟ ਦੇ ਅਨੁਸਾਰ, ਇੰਟਰ ਮਿਆਮੀ ਨੇ ਮੈਸੀ ਨੂੰ ਆਪਣਾ ਪੂਰਾ ਸਮਰਥਨ ਦਿੱਤਾ ਹੈ ਅਤੇ ਉਸਨੂੰ ਬਿਨਾਂ ਸ਼ਰਤ ਛੁੱਟੀ ਦੇ ਦਿੱਤੀ ਹੈ। ਕਲੱਬ ਨੇ ਅਜੇ ਤੱਕ ਮੈਸੀ ਦੀ ਵਾਪਸੀ ਲਈ ਕੋਈ ਤਾਰੀਖ ਨਿਰਧਾਰਤ ਨਹੀਂ ਕੀਤੀ ਹੈ। ਇਸਦਾ ਮਤਲਬ ਹੈ ਕਿ ਮੈਸੀ ਆਪਣੇ ਪਰਿਵਾਰ ਨਾਲ ਅਰਜਨਟੀਨਾ ਵਿੱਚ ਰਹਿ ਸਕਦਾ ਹੈ ਜਦੋਂ ਤੱਕ ਉਹ ਫੁੱਟਬਾਲ ਵਿੱਚ ਵਾਪਸੀ ਲਈ ਤਿਆਰ ਮਹਿਸੂਸ ਨਹੀਂ ਕਰਦਾ। ਉਸਦੀ ਵਾਪਸੀ ਅਤੇ ਟੀਮ ਵਿੱਚ ਚੋਣ ਪੂਰੀ ਤਰ੍ਹਾਂ ਉਸਦੀ ਨਿੱਜੀ ਸਥਿਤੀ ਅਤੇ ਤਿਆਰੀ ‘ਤੇ ਨਿਰਭਰ ਕਰੇਗੀ।

ਜੋਰਜ ਮੈਸੀ ਨੇ ਆਪਣੇ ਪੁੱਤਰ ਦੇ ਕਰੀਅਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਸਨੇ ਆਪਣੇ ਸ਼ੁਰੂਆਤੀ ਦਿਨਾਂ ਤੋਂ ਹੀ ਉਸਦੇ ਮੈਨੇਜਰ, ਪ੍ਰਤੀਨਿਧੀ ਅਤੇ ਸਲਾਹਕਾਰ ਵਜੋਂ ਸੇਵਾ ਨਿਭਾਈ। ਉਸਨੇ ਰੋਸਾਰੀਓ ਵਿੱਚ ਆਪਣੇ ਯੁਵਾ ਕਰੀਅਰ ਦੌਰਾਨ ਅਤੇ ਵਿਸ਼ਵ ਫੁੱਟਬਾਲ ਦੇ ਸਿਖਰ ‘ਤੇ ਪਹੁੰਚਣ ਦੌਰਾਨ ਮੇਸੀ ਦਾ ਸਾਥ ਦਿੱਤਾ। ਇਸ ਲਈ, ਉਸਦਾ ਦੇਹਾਂਤ ਮੈਸੀ ਲਈ ਨਿੱਜੀ ਅਤੇ ਪੇਸ਼ੇਵਰ ਤੌਰ ‘ਤੇ ਇੱਕ ਮਹੱਤਵਪੂਰਨ ਨੁਕਸਾਨ ਹੈ।

2023 ਵਿੱਚ ਇੰਟਰ ਮਿਆਮੀ ਵਿੱਚ ਸ਼ਾਮਲ ਹੋਣ ਤੋਂ ਬਾਅਦ, ਮੈਸੀ ਨੇ ਉੱਤਰੀ ਅਮਰੀਕੀ ਫੁੱਟਬਾਲ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਉਸਨੇ 107 ਮੈਚਾਂ ਵਿੱਚ 92 ਗੋਲ ਕੀਤੇ ਹਨ, ਜਿਸ ਵਿੱਚ ਮੇਜਰ ਲੀਗ ਸੌਕਰ, ਕੋਨਕਾਕੈਫ ਟੂਰਨਾਮੈਂਟ, ਲੀਗ ਕੱਪ ਅਤੇ ਘਰੇਲੂ ਕੱਪ ਮੁਕਾਬਲੇ ਸ਼ਾਮਲ ਹਨ। ਉਸਦਾ ਔਸਤ ਪ੍ਰਤੀ ਮੈਚ 0.86 ਗੋਲ ਹੈ। ਮੈਸੀ ਨੇ ਹੁਣ ਤੱਕ ਆਪਣੇ ਕਰੀਅਰ ਵਿੱਚ ਕੁੱਲ 921 ਗੋਲ ਕੀਤੇ ਹਨ, ਅਤੇ ਉਹ 1,000 ਗੋਲਾਂ ਦੇ ਮੀਲ ਪੱਥਰ ਤੱਕ ਪਹੁੰਚਣ ਤੋਂ 79 ਗੋਲ ਦੂਰ ਹੈ। ਹਾਲਾਂਕਿ, ਇਹ ਅੰਕੜੇ ਇਸ ਸਮੇਂ ਮੈਸੀ ਲਈ ਅਰਥਹੀਣ ਹਨ। ਉਹ ਰੋਸਾਰੀਓ ਵਿੱਚ ਆਪਣੇ ਪਰਿਵਾਰ ਨਾਲ ਹੈ, ਅਤੇ ਮੈਦਾਨ ਵਿੱਚ ਉਸਦੀ ਵਾਪਸੀ ਲਈ ਅਜੇ ਤੱਕ ਕੋਈ ਖਾਸ ਤਾਰੀਖ ਨਿਰਧਾਰਤ ਨਹੀਂ ਕੀਤੀ ਗਈ ਹੈ।

# ਆਸਟਰੇਲੀਆ 'ਚ ਡਿਲਿਵਰੀ ਕਾਮਿਆਂ ਦੀ ਵਧੀ ਕਮਾਈ, ਘੱਟੋ-ਘੱਟ ਉਜਰਤ ਹੋਈ ਤੈਅ

ਆਸਟਰੇਲੀਆ ਵਿੱਚ ਫੂਡ ਅਤੇ ਕਰਿਆਨੇ ਦੀ ਡਿਲਿਵਰੀ ਕਰਨ ਵਾਲੇ ਕਾਮਿਆਂ ਲਈ ਨਵੇਂ ਘੱਟੋ–ਘੱਟ ਉਜਰਤ ਮਿਆਰ ਲਾਗੂ ਹੋਣ ਜਾ ਰਹੇ ਹਨ। ਫੇਅਰ ਵਰਕ ਕਮਿਸ਼ਨ ਵੱਲੋਂ ਤੈਅ ਕੀਤੀਆਂ ਇਹ ਨਵੀਆਂ ਦਰਾਂ 17 ਅਗਸਤ 2026 ਤੋਂ ਲਾਗੂ ਹੋਣਗੀਆਂ। ਇਸ ਫੈਸਲੇ ਨਾਲ ਡਿਲਿਵਰੀ ਸੈਕਟਰ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਕਾਮਿਆਂ ਨੂੰ ਲਾਭ ਮਿਲਣ ਦੀ ਉਮੀਦ ਹੈ।

ਨਵੇਂ ਮਿਆਰਾਂ ਤਹਿਤ ਸਾਈਕਲ ਜਾਂ ਈ–ਬਾਈਕ ਰਾਹੀਂ ਡਿਲਿਵਰੀ ਕਰਨ ਵਾਲਿਆਂ ਲਈ ਘੱਟੋ–ਘੱਟ ਦਰ 31.30 ਆਸਟਰੇਲੀਅਨ ਡਾਲਰ ਪ੍ਰਤੀ ਘੰਟਾ ਹੋਵੇਗੀ। ਮੋਟਰਸਾਈਕਲ ਰਾਹੀਂ ਕੰਮ ਕਰਨ ਵਾਲਿਆਂ ਲਈ ਇਹ ਦਰ 31.50 ਡਾਲਰ, ਜਦਕਿ ਕਾਰ ਰਾਹੀਂ ਡਿਲਿਵਰੀ ਕਰਨ ਵਾਲਿਆਂ ਲਈ 32 ਡਾਲਰ ਪ੍ਰਤੀ ਘੰਟਾ ਤੈਅ ਕੀਤੀ ਗਈ ਹੈ।

**ਉਡੀਕ ਦੇ ਸਮੇਂ ਦਾ ਵੀ ਮਿਲੇਗਾ ਭੁਗਤਾਨ**

ਨਵੀਂ ਵਿਵਸਥਾ ਦੀ ਇੱਕ ਅਹਿਮ ਗੱਲ ਇਹ ਹੈ ਕਿ ਡਿਲਿਵਰੀ ਕਾਮਿਆਂ ਦੇ ਉਡੀਕ ਕਰਨ ਦੇ ਸਮੇਂ ਨੂੰ ਵੀ ਭੁਗਤਾਨ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ 1 ਜਨਵਰੀ 2027 ਤੋਂ ਇਨ੍ਹਾਂ ਘੱਟੋ–ਘੱਟ ਦਰਾਂ ਵਿੱਚ ਹੋਰ 50 ਸੈਂਟ ਪ੍ਰਤੀ ਘੰਟਾ ਦਾ ਵਾਧਾ ਕੀਤਾ ਜਾਵੇਗਾ। ਇਸ ਫੈਸਲੇ ਨੂੰ ਫੂਡ ਡਿਲਿਵਰੀ ਉਦਯੋਗ ਨਾਲ ਜੁੜੇ ਕਾਮਿਆਂ ਲਈ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਇਸ ਖੇਤਰ ਵਿੱਚ ਵਿਦੇਸ਼ਾਂ ਤੋਂ ਆਏ ਭਾਰਤੀ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਕੰਮ ਕਰਦੀ ਹੈ।

**ਡਿਜੀਟਲ ਪਲੇਟਫਾਰਮ ’ਤੇ ਕੰਮ ਕਰਨ ਵਾਲੇ ਹਜ਼ਾਰਾਂ ਲੋਕ**

ਆਸਟਰੇਲੀਅਨ ਬਿਊਰੋ ਆਫ ਸਟੈਟਿਸਟਿਕਸ ਦੇ ਅੰਕੜਿਆਂ ਮੁਤਾਬਕ 2024–25 ਦੌਰਾਨ 1,78,590 ਲੋਕਾਂ ਨੇ ਪਿਛਲੇ 12 ਮਹੀਨਿਆਂ ਵਿੱਚ ਕਿਸੇ ਡਿਜੀਟਲ ਪਲੇਟਫਾਰਮ ਰਾਹੀਂ ਕੰਮ ਕੀਤਾ। ਇਨ੍ਹਾਂ ਵਿੱਚ ਖਾਣੇ ਜਾਂ ਹੋਰ ਸਾਮਾਨ ਦੀ ਡਿਲਿਵਰੀ ਕਰਨ ਵਾਲੇ ਲੋਕ ਵੀ ਸ਼ਾਮਲ ਹਨ।

**ਕੰਮਕਾਜੀ ਸੁਧਾਰਾਂ ਤੋਂ ਬਾਅਦ ਹੋਇਆ ਫੈਸਲਾ**

ਇਹ ਫੈਸਲਾ ਐਲਬਨੀਜ਼ ਸਰਕਾਰ ਵੱਲੋਂ 2023 ਵਿੱਚ ਕੀਤੇ ਗਏ ਕੰਮਕਾਜੀ ਸੁਧਾਰਾਂ ਤੋਂ ਬਾਅਦ ਸੰਭਵ ਹੋਇਆ ਹੈ। ਵਰਕਪਲੇਸ ਰਿਲੇਸ਼ਨਜ਼ ਮੰਤਰੀ ਅਮਾਂਡਾ ਰਿਸ਼ਵਰਥ ਨੇ ਇਸ ਨੂੰ ਮਹੱਤਵਪੂਰਨ ਮੀਲ ਪੱਥਰ ਦੱਸਿਆ। ਉਨ੍ਹਾਂ ਮੁਤਾਬਕ ਡਿਲਿਵਰੀ ਕਾਮਿਆਂ ਨੂੰ ਹੁਣ ਲਚਕਦਾਰ ਕੰਮ ਅਤੇ ਵਧੀਆ ਸੁਰੱਖਿਆ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਦੀ ਲੋੜ ਨਹੀਂ ਹੋਵੇਗੀ।

**ਕਾਮਿਆਂ ਦੀ ਜਿੱਤ ਵਜੋਂ ਦੇਖਿਆ ਜਾ ਰਿਹਾ ਫੈਸਲਾ**

ਟਰਾਂਸਪੋਰਟ ਵਰਕਰਜ਼ ਯੂਨੀਅਨ ਨੇ ਇਸ ਫੈਸਲੇ ਨੂੰ ਕਾਮਿਆਂ ਲਈ ਵੱਡੀ ਜਿੱਤ ਅਤੇ ਵਿਸ਼ਵ–ਪੱਧਰੀ ਸੁਰੱਖਿਆ ਵੱਲ ਕਦਮ ਦੱਸਿਆ ਹੈ। ਕਾਮਿਆਂ ਦਾ ਮੰਨਣਾ ਹੈ ਕਿ ਨਵੇਂ ਮਿਆਰਾਂ ਨਾਲ ਉਨ੍ਹਾਂ ਦੀ ਆਮਦਨ ਵਿੱਚ ਸਥਿਰਤਾ ਆ ਸਕਦੀ ਹੈ। ਹਾਲਾਂਕਿ ਕੁਝ ਡਿਲਿਵਰੀ ਕਾਮੇ ਅਜੇ ਵੀ ਚਿੰਤਤ ਹਨ ਕਿ ਉਨ੍ਹਾਂ ਦੀ ਅਸਲ ਕਮਾਈ ਆਖ਼ਰਕਾਰ ਉਨ੍ਹਾਂ ਨੂੰ ਮਿਲਣ ਵਾਲੇ ਡਿਲਿਵਰੀ ਕੰਮ ਦੇ ਸਮੇਂ ’ਤੇ ਨਿਰਭਰ ਰਹੇਗੀ।












# ਅਲਬਰਟਾ 'ਚ ਵਕੀਲਾਂ ਲਈ ਲਾਜ਼ਮੀ ਸਹੁੰ ਨੂੰ ਸਿੱਖ ਵਕੀਲ ਨੇ ਦਿੱਤੀ ਚੁਣੌਤੀ

## ਹੁਣ ਸੁਪਰੀਮ ਕੋਰਟ ਕਰੇਗੀ ਸੁਣਵਾਈ



ਅਲਬਰਟਾ: ਕੈਨੇਡਾ ਵਿੱਚ ਅਲਬਰਟਾ ਸੂਬੇ 'ਚ ਵਕੀਲ ਵਜੋਂ ਦਾਖ਼ਲਾ ਲੈਣ ਲਈ ਤਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਣ ਦੀ ਲਾਜ਼ਮੀ ਸ਼ਰਤ ਹੁਣ ਦੇਸ਼ ਦੀ ਸਰਵਉੱਚ ਅਦਾਲਤ ਦੇ ਸਾਹਮਣੇ ਹੈ। ਕੈਨੇਡਾ ਦੀ ਸੁਪਰੀਮ ਕੋਰਟ ਨੇ ਅਲਬਰਟਾ ਸਰਕਾਰ ਦੀ ਅਪੀਲ ਮਨਜ਼ੂਰ ਕਰ ਲਈ ਹੈ। ਇਸ ਤੋਂ ਬਾਅਦ ਉਸ ਮਾਮਲੇ ਦੀ ਸੁਣਵਾਈ ਦਾ ਰਾਹ ਖੁੱਲ੍ਹ ਗਿਆ ਹੈ, ਜਿਸ ਵਿੱਚ ਅਲਬਰਟਾ ਕੋਰਟ ਆਫ ਅਪੀਲ ਨੇ ਇਸ ਸਹੁੰ ਦੀ ਲਾਜ਼ਮੀ ਸ਼ਰਤ ਨੂੰ ਅਸੰਵਿਧਾਨਿਕ ਕਰਾਰ ਦਿੱਤਾ ਸੀ।

**ਮਾਮਲਾ ਸਿੱਖ ਵਕੀਲ ਪ੍ਰਭਜੋਤ ਸਿੰਘ ਵੜਿੰਗ ਨਾਲ ਜੁੜਿਆ**

ਇਹ ਮਾਮਲਾ ਐਡਮਿੰਟਨ ਦੇ ਅੰਮ੍ਰਿਤਧਾਰੀ ਸਿੱਖ ਵਕੀਲ ਪ੍ਰਭਜੋਤ ਸਿੰਘ ਵੜਿੰਗ ਨਾਲ ਸਬੰਧਤ ਹੈ। ਸਾਲ 2022 ਵਿੱਚ ਆਰਟਿਕਲਿੰਗ ਪੂਰੀ ਕਰਨ ਤੋਂ ਬਾਅਦ ਉਹ ਅਲਬਰਟਾ ਵਿੱਚ ਵਕੀਲ ਵਜੋਂ ਦਾਖ਼ਲਾ ਲੈਣਾ ਚਾਹੁੰਦੇ ਸਨ। ਉਨ੍ਹਾਂ ਨੂੰ ਜਨਤਕ ਹਿਤ ਅਤੇ ਮੁਅੱਕਲਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਦੀ ਸਹੁੰ ਚੁੱਕਣ 'ਤੇ ਕੋਈ ਇਤਰਾਜ਼ ਨਹੀਂ ਸੀ। ਉਨ੍ਹਾਂ ਦਾ ਇਤਰਾਜ਼ ਸਿਰਫ਼ ਤਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਨਾਲ ਸੀ।

ਵੜਿੰਗ ਦਾ ਮੰਨਣਾ ਹੈ ਕਿ ਖ਼ਾਲਸਾ ਵਿੱਚ ਸ਼ਾਮਲ ਹੁੰਦੇ ਸਮੇਂ ਅਕਾਲ ਪੁਰਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਲਿਆ ਵਚਨ ਕਿਸੇ ਹੋਰ ਹਸਤੀ ਜਾਂ ਸੰਸਥਾ ਪ੍ਰਤੀ ਵਫ਼ਾਦਾਰੀ ਦੀ ਸਹੁੰ ਨਾਲ ਮੇਲ ਨਹੀਂ ਖਾਂਦਾ। ਉਨ੍ਹਾਂ ਲਈ ਇਹ ਧਾਰਮਿਕ ਅਸੂਲ ਅਤੇ ਅੰਤਰ ਆਤਮਾ ਨਾਲ ਜੁੜਿਆ ਮਾਮਲਾ ਹੈ।

**ਅਲਬਰਟਾ ਦੀਆਂ ਅਦਾਲਤਾਂ ਵਿੱਚ ਵੱਖ-ਵੱਖ ਫ਼ੈਸਲੇ**

ਅਲਬਰਟਾ ਕੋਰਟ ਆਫ ਕਿੰਗਜ਼ ਬੈਂਚ ਨੇ ਅਕਤੂਬਰ 2023 ਵਿੱਚ ਵੜਿੰਗ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਇਸ ਤੋਂ ਬਾਅਦ 16 ਦਸੰਬਰ 2025 ਨੂੰ ਅਲਬਰਟਾ ਕੋਰਟ ਆਫ ਅਪੀਲ ਨੇ ਇਹ ਫ਼ੈਸਲਾ ਪਲਟ ਦਿੱਤਾ ਅਤੇ Legal Profession Act ਦੀ ਧਾਰਾ 44(2)(a) ਨੂੰ ਅਸੰਵਿਧਾਨਿਕ ਅਤੇ ਬੇਅਸਰ ਕਰਾਰ ਦਿੱਤਾ। ਹੁਣ ਅਲਬਰਟਾ ਸਰਕਾਰ ਨੇ ਇਸ ਫ਼ੈਸਲੇ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਇਸ ਮਾਮਲੇ ਦਾ ਡਾਕ ਨੰਬਰ 42224 ਹੈ।

**ਸੁਪਰੀਮ ਕੋਰਟ ਅੱਗੇ ਵੱਡਾ ਸੰਵਿਧਾਨਕ ਸਵਾਲ**

ਮਾਮਲੇ ਨੂੰ ਹੋਰ ਦਿਲਚਸਪ ਬਣਾਉਣ ਵਾਲੀ ਗੱਲ ਇਹ ਹੈ ਕਿ ਵੜਿੰਗ ਦਾ ਸਸਕੈਚਵਨ ਬਾਰ ਰਾਹੀਂ ਅਲਬਰਟਾ ਵਿੱਚ ਤਬਾਦਲਾ ਹੋਇਆ। ਇਸ ਰਸਤੇ ਉਨ੍ਹਾਂ ਨੂੰ ਉਹ ਸਹੁੰ ਚੁੱਕਣ ਦੀ ਲੋੜ ਨਹੀਂ ਪਈ, ਜਿਸ 'ਤੇ ਉਨ੍ਹਾਂ ਨੇ ਧਾਰਮਿਕ ਕਾਰਨਾਂ ਕਰਕੇ ਇਤਰਾਜ਼ ਕੀਤਾ ਸੀ। ਹੁਣ ਸੁਪਰੀਮ ਕੋਰਟ ਅੱਗੇ ਮੁੱਖ ਸਵਾਲ ਇਹ ਹੋਵੇਗਾ ਕਿ ਜੇਕਰ ਕਿਸੇ ਵਿਅਕਤੀ ਦੀ ਡੂੰਘੀ ਧਾਰਮਿਕ ਆਸਥਾ ਕਿਸੇ ਲਾਜ਼ਮੀ ਸਹੁੰ ਨਾਲ ਟਕਰਾਉਂਦੀ ਹੈ ਤਾਂ ਰਾਜ ਉਸ ਸਹੁੰ ਨੂੰ ਕਿੰਨੀ ਹੱਦ ਤੱਕ ਲਾਜ਼ਮੀ ਕਰ ਸਕਦਾ ਹੈ। ਇਤਿਹਾਸਕ ਤੌਰ 'ਤੇ ਅਲਬਰਟਾ ਵਿੱਚ ਵਕੀਲਾਂ ਲਈ ਬਾਰ ਵਿੱਚ ਦਾਖ਼ਲੇ ਸਮੇਂ ਸੱਤਾਧਾਰੀ ਬਾਦਸ਼ਾਹ ਪ੍ਰਤੀ ਵਫ਼ਾਦਾਰੀ ਦੀ ਸਹੁੰ ਜਾਂ ਪੁਸ਼ਟੀ ਕਰਨਾ ਲਾਜ਼ਮੀ ਰਿਹਾ ਹੈ।

# ਬਿਨਾਂ ਪੜ੍ਹੇ-ਸਮਝੇ ਬਿੱਲ ਪਾਸ ਕਰਵਾਉਣਾ ਲੋਕਤੰਤਰ ਅਤੇ ਪੰਜਾਬ ਦੇ ਲੋਕਾਂ ਨਾਲ ਧੋਖਾ : ਭਾਜਪਾ



ਚੰਡੀਗੜ੍ਹ: ਪੰਜਾਬ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ 'ਆਪ' ਸਰਕਾਰ ਵੱਲੋਂ ਵਿਧਾਨ ਸਭਾ ਦੇ ਸੈਸ਼ਨ ਦੇ ਆਖਰੀ ਦਿਨ ਇੱਕੋ ਦਿਨ ਵਿੱਚ ਲਗਭਗ 9 ਬਿੱਲ ਲਿਆ ਕੇ ਪਾਸ ਕਰਵਾਉਣ 'ਤੇ ਤਿੱਖਾ ਹਮਲਾ ਕਰਦਿਆਂ ਇਸ ਨੂੰ ਪੰਜਾਬ ਦੀ ਵਿਧਾਨਕ ਪ੍ਰਣਾਲੀ ਅਤੇ ਲੋਕਤੰਤਰ ਦਾ ਘੋਰ ਅਪਮਾਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬਿੱਲਾਂ ਦਾ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ 'ਤੇ ਦੂਰਗਾਮੀ ਅਸਰ ਪੈ ਸਕਦਾ ਹੈ, ਉਨ੍ਹਾਂ ਨੂੰ ਵਿਧਾਇਕਾਂ ਨੂੰ ਪੜ੍ਹਨ, ਸਮਝਣ, ਘੋਖਣ ਅਤੇ ਵਿਚਾਰ-ਵਟਾਂਦਰਾ ਕਰਨ ਦਾ ਸਮਾਂ ਦਿੱਤੇ ਬਿਨਾਂ ਪਾਸ ਕਰਵਾਉਣਾ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਨਹੀਂ, ਸਗੋਂ ਬਹੁਮਤ ਦੇ ਹੰਕਾਰ ਦੀ ਨੁਮਾਇਸ਼ ਹੈ। ਢਿੱਲੋਂ ਨੇ ਕਿਹਾ ਕਿ ਵਿਧਾਨ ਸਭਾ ਦਾ ਕੰਮ ਸਰਕਾਰ ਵੱਲੋਂ ਲਿਆਂਦੇ ਹਰ ਫੈਸਲੇ 'ਤੇ ਅੱਖਾਂ ਬੰਦ ਕਰਕੇ ਮੋਹਰ ਲਾਉਣਾ ਨਹੀਂ, ਸਗੋਂ ਹਰ ਬਿੱਲ 'ਤੇ ਵਿਸਥਾਰ ਨਾਲ ਚਰਚਾ, ਘੋਖ-ਪੜਤਾਲ ਅਤੇ ਲੋਕ ਹਿੱਤ ਵਿੱਚ ਵਿਚਾਰ ਕਰਨਾ ਹੈ।

ਉਨ੍ਹਾਂ ਸਵਾਲ ਕੀਤਾ ਕਿ ਜੇ ਇੱਕੋ ਦਿਨ ਵਿੱਚ 9 ਬਿੱਲ ਸਦਨ ਵਿੱਚ ਲਿਆਂਦੇ ਜਾਣ ਅਤੇ ਤੁਰੰਤ ਪਾਸ ਕਰ ਦਿੱਤੇ ਜਾਣ ਤਾਂ ਕੋਈ ਵਿਧਾਇਕ ਉਨ੍ਹਾਂ ਦੀਆਂ ਧਾਰਾਵਾਂ ਨੂੰ ਪੜ੍ਹੇਗਾ ਕਦੋਂ, ਸਮਝੇਗਾ ਕਦੋਂ ਅਤੇ ਆਪਣੇ ਹਲਕੇ ਦੇ ਲੋਕਾਂ ਨਾਲ ਉਸ ਬਾਰੇ ਕਦੋਂ ਵਿਚਾਰ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਪੰਜਾਬ ਦੇ ਲੋਕਾਂ ਦੀ ਆਵਾਜ਼ ਹੈ, ਕਿਸੇ ਦਿੱਲੀ ਬੈਠੀ ਲੀਡਰਸ਼ਿਪ ਦੇ ਫੈਸਲਿਆਂ 'ਤੇ ਮੋਹਰ ਲਾਉਣ ਵਾਲਾ ਦਫ਼ਤਰ ਨਹੀਂ ਹੈ। ਕੇਵਲ ਸਿੰਘ ਢਿੱਲੋਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਿੱਚ ਫੈਸਲੇ ਪੰਜਾਬ ਵਿੱਚ ਨਹੀਂ, ਸਗੋਂ ਦਿੱਲੀ ਵਿੱਚ ਤੈਅ ਹੁੰਦੇ ਹਨ ਅਤੇ ਇੱਥੇ ਸਿਰਫ਼ ਉਨ੍ਹਾਂ ਨੂੰ ਲਾਗੂ ਕਰਨ ਦੀ ਰਸਮ ਅਦਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਧਾਇਕਾਂ ਨੂੰ ਵੀ ਆਪਣੇ ਹੀ ਸੂਬੇ ਨਾਲ ਸਬੰਧਤ ਕਾਨੂੰਨਾਂ ਬਾਰੇ ਪੂਰੀ ਜਾਣਕਾਰੀ ਅਤੇ ਚਰਚਾ ਦਾ ਹੱਕ ਹੈ, ਨਾ ਕਿ ਬਿਨਾਂ ਪੜ੍ਹੇ ਸਹਿਮਤੀ ਦੇਣ ਲਈ ਮਜਬੂਰ ਕੀਤਾ ਜਾਵੇ।

ਢਿੱਲੋਂ ਨੇ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਕਾਨੂੰਨ' ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ 'ਆਪ' ਸਰਕਾਰ ਨੇ ਮਹੱਤਵਪੂਰਨ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਨੂੰ ਜਲਦਬਾਜ਼ੀ ਵਿੱਚ ਨਿਪਟਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਮਾਮਲੇ ਵਿੱਚ ਵੀ ਬਾਅਦ ਵਿੱਚ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਮੰਨਿਆ ਗਿਆ ਸੀ ਕਿ ਉਨ੍ਹਾਂ ਨੇ ਕਾਨੂੰਨ ਨੂੰ ਪੂਰੀ ਤਰ੍ਹਾਂ ਪੜ੍ਹੇ-ਸਮਝੇ ਬਿਨਾਂ ਸਹਿਮਤੀ ਦਿੱਤੀ ਸੀ। ਭਾਜਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਇੱਕ ਵਾਰ ਦੀ ਗਲਤੀ ਤੋਂ ਸਬਕ ਲੈਣ ਦੀ ਬਜਾਏ 'ਆਪ' ਸਰਕਾਰ ਨੇ ਉਸੇ ਗਲਤ ਰਵਾਇਤ ਨੂੰ ਆਪਣਾ ਕੰਮ ਕਰਨ ਦਾ ਢੰਗ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੇ ਆਖਰੀ ਦਿਨ ਬਿੱਲਾਂ ਦੀ ਲੜੀ ਲਿਆ ਕੇ ਬਿਨਾਂ ਲੋੜੀਂਦੀ ਚਰਚਾ ਦੇ ਪਾਸ ਕਰਵਾਉਣਾ ਸਿਰਫ਼ ਵਿਰੋਧੀ ਧਿਰ ਦੇ ਹੱਕਾਂ ਨੂੰ ਹੀ ਨਹੀਂ, ਸਗੋਂ ਪੰਜਾਬ ਦੇ ਹਰ ਨਾਗਰਿਕ ਦੇ ਜਾਣਨ ਅਤੇ ਸਮਝਣ ਦੇ ਅਧਿਕਾਰ ਨੂੰ ਵੀ ਕਮਜ਼ੋਰ ਕਰਦਾ ਹੈ।

ਢਿੱਲੋਂ ਨੇ ਕਿਹਾ ਕਿ ਬਹੁਮਤ ਦਾ ਮਤਲਬ ਮਨਮਰਜ਼ੀ ਕਰਨ ਦਾ ਲਾਇਸੈਂਸ ਨਹੀਂ ਹੁੰਦਾ। ਸਰਕਾਰ ਨੂੰ ਮਿਲਿਆ ਬਹੁਮਤ ਲੋਕਾਂ ਵੱਲੋਂ ਦਿੱਤੀ ਜ਼ਿੰਮੇਵਾਰੀ ਹੈ, ਜਿਸਦੀ ਵਰਤੋਂ ਸੰਵਿਧਾਨਕ ਅਤੇ ਜਮਹੂਰੀ ਮਰਿਆਦਾਵਾਂ ਅਨੁਸਾਰ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਆਪਣੀ ਵਿਧਾਨ ਸਭਾ ਵਿੱਚ ਬਹੁਮਤ ਦਾ ਨਜਾਇਜ਼ ਫਾਇਦਾ ਚੁੱਕ ਕੇ ਵਿਧਾਨਕ ਚਰਚਾ, ਵਿਰੋਧੀ ਧਿਰ ਦੀ ਭੂਮਿਕਾ ਅਤੇ ਲੋਕਤੰਤਰਿਕ ਘੋਖ-ਪੜਤਾਲ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ 'ਆਪ' ਸਰਕਾਰ ਦਾ ਇਹ ਹੰਕਾਰ ਪੰਜਾਬ ਦੇ ਲੋਕਾਂ ਤੋਂ ਲੁਕਿਆ ਨਹੀਂ ਰਹੇਗਾ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਜਨਤਾ ਇਸਦਾ ਲੋਕਤੰਤਰਿਕ ਜਵਾਬ ਦੇਵੇਗੀ। ਪੰਜਾਬ ਦੇ ਲੋਕ ਹੁਣ ਇਹ ਤੈਅ ਕਰਨਗੇ ਕਿ ਸੂਬਾ ਦਿੱਲੀ ਦੇ ਹੁਕਮਾਂ 'ਤੇ ਨਹੀਂ ਚੱਲੇਗਾ, ਬਲਕਿ ਪੰਜਾਬ ਆਪਣੇ ਲੋਕਾਂ ਦੀ ਆਵਾਜ਼ ਨਾਲ ਚੱਲੇਗਾ।

LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8

Mississauga: 7035 Maxwell Rd., Suite# 203, Mississauga, ON L5S 1R5



# ਯੁੱਧ ਨਸ਼ਿਆਂ ਵਿਰੁੱਧ' ਨੂੰ ਮਜ਼ਬੂਤ ਕਰਨ ਲਈ ਆਪ ਪੰਜਾਬ ਯੂਥ ਵਿੰਗ ਨੇ ਮੋਹਾਲੀ ਵਿਖੇ 'ਪੰਜਾਬ ਯੂਥ ਰਨ 2026' ਦਾ ਕੀਤਾ ਆਯੋਜਨ



ਮੋਹਾਲੀ: ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਵੱਡੇ ਉਪਰਾਲੇ ਤਹਿਤ ਆਮ ਆਦਮੀ ਪਾਰਟੀ (ਆਪ) ਪੰਜਾਬ ਯੂਥ ਵਿੰਗ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੋਹਾਲੀ ਵਿਖੇ 5.5 ਕਿਲੋਮੀਟਰ ਦੀ 'ਪੰਜਾਬ ਯੂਥ ਰਨ 2026' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਨੌਜਵਾਨਾਂ ਅਤੇ ਖਿਡਾਰੀਆਂ ਨੇ ਭਾਗ ਲਿਆ ਅਤੇ ਖੇਡਾਂ, ਫਿਟਨੈਸ ਅਤੇ ਅਰੋਗ ਜੀਵਨ ਸ਼ੈਲੀ ਦੇ ਹੱਕ ਵਿੱਚ ਇੱਕ ਮਜ਼ਬੂਤ ਸੁਨੇਹਾ ਦਿੱਤਾ।

ਇਸ ਪ੍ਰੋਗਰਾਮ ਨੂੰ ਸਿਹਤਮੰਦ ਅਤੇ ਨਸ਼ਾ ਮੁਕਤ ਪੰਜਾਬ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡਾ ਉਪਰਾਲਾ ਕਰਾਰ ਦਿੰਦਿਆਂ ਆਪ ਪੰਜਾਬ ਯੂਥ ਵਿੰਗ ਦੇ ਪ੍ਰਧਾਨ ਅਤੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ, "ਮੈਰਾਥਨ ਸਵੇਰੇ ਤੜਕੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਤੋਂ ਸ਼ੁਰੂ ਹੋਈ ਅਤੇ ਇਸ ਵਿੱਚ ਹਜ਼ਾਰਾਂ ਨੌਜਵਾਨਾਂ, ਖਿਡਾਰੀਆਂ, ਔਰਤਾਂ, ਬਜ਼ੁਰਗਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਲੋਕਾਂ ਨੇ ਉਤਸ਼ਾਹਪੂਰਵਕ ਸ਼ਮੂਲੀਅਤ ਕੀਤੀ। ਭਾਗੀਦਾਰਾਂ ਨੂੰ ਟੀ-ਸ਼ਰਟਾਂ ਅਤੇ ਭਾਗੀਦਾਰੀ ਮੈਡਲ ਦਿੱਤੇ ਗਏ, ਜਦੋਂ ਕਿ ਜੇਤੂਆਂ ਨੂੰ 11,000 ਤੱਕ ਦੇ ਨਕਦ ਇਨਾਮ ਦਿੱਤੇ ਗਏ।"

ਇੰਨੀ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਭਾਗੀਦਾਰਾਂ ਦਾ ਧੰਨਵਾਦ ਕਰਦਿਆਂ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ, "ਇਸ ਹੁੰਗਾਰੇ ਨੇ ਦਿਖਾ ਦਿੱਤਾ ਹੈ ਕਿ ਪੰਜਾਬ ਦੇ ਲੋਕ ਇੱਕ ਸਿਹਤਮੰਦ, ਰੰਗਲਾ ਅਤੇ ਨਸ਼ਾ ਮੁਕਤ ਪੰਜਾਬ ਦੇਖਣਾ ਚਾਹੁੰਦੇ ਹਨ। ਇਹ ਸਮਾਗਮ ਮਹਿਜ਼ ਇੱਕ ਸਿਆਸੀ ਪ੍ਰੋਗਰਾਮ ਨਹੀਂ ਸੀ ਬਲਕਿ ਪੰਜਾਬ ਅਤੇ ਇਸ ਦੇ ਲੋਕਾਂ ਲਈ ਇੱਕ ਪਹਿਲਕਦਮੀ ਸੀ।"

ਯੂਥ ਵਿੰਗ ਦੀਆਂ ਯੋਜਨਾਵਾਂ ਦੀ ਰੂਪਰੇਖਾ ਦੱਸਦਿਆਂ ਮਨਜਿੰਦਰ ਸਿੰਘ ਲਾਲਪੁਰਾ ਨੇ ਕਿਹਾ, "ਯੂਥ ਵਿੰਗ ਪੰਜਾਬ ਦੇ ਹੋਰ ਹਿੱਸਿਆਂ ਜਿਵੇਂ ਕਿ ਅੰਮ੍ਰਿਤਸਰ, ਪਟਿਆਲਾ, ਬਠਿੰਡਾ ਅਤੇ ਲੁਧਿਆਣਾ ਵਿੱਚ ਵੀ ਅਜਿਹੇ ਮੈਰਾਥਨ ਸਮਾਗਮ ਕਰਵਾਏਗਾ, ਤਾਂ ਜੋ ਫਿਟਨੈਸ, ਖੇਡਾਂ ਅਤੇ ਨਸ਼ਾ ਮੁਕਤ ਪੰਜਾਬ ਦਾ ਸੁਨੇਹਾ ਸੂਬੇ ਦੇ ਕੋਨੇ-ਕੋਨੇ ਤੱਕ ਪਹੁੰਚ ਸਕੇ। ਲੋਕਾਂ ਦੇ ਨਿਰੰਤਰ ਸਹਿਯੋਗ ਨਾਲ ਪੰਜਾਬ ਲਈ ਇੱਕ ਨਵੀਂ ਹਾਂਪੱਖੀ ਲਹਿਰ ਪੈਦਾ ਹੋਵੇਗੀ।"

ਯੂਥ ਵਿੰਗ ਦੀ ਟੀਮ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਆਪ ਐਮਪੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ, "ਮੈਂ ਯੂਥ ਵਿੰਗ ਦੀ ਟੀਮ, ਪ੍ਰਧਾਨ ਮਨਜਿੰਦਰ ਸਿੰਘ ਲਾਲਪੁਰਾ, ਮੀਤ ਪ੍ਰਧਾਨ ਵੀਰ ਦਵਿੰਦਰ ਸਿੰਘ ਅਤੇ ਪ੍ਰਬੰਧਕਾਂ ਨੂੰ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਭਾਗੀਦਾਰਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਵਧਾਈ ਦਿੰਦਾ ਹਾਂ। ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨਾ ਅਤੇ ਫਿਟਨੈਸ ਨੂੰ ਉਤਸ਼ਾਹਿਤ ਕਰਨਾ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਭ ਤੋਂ ਮਹੱਤਵਪੂਰਨ ਕਦਮਾਂ ਵਿੱਚੋਂ ਇੱਕ ਹੈ।" ਆਪ ਸਰਕਾਰ ਦੇ ਖੇਡਾਂ 'ਤੇ ਵਿਸ਼ੇਸ਼ ਧਿਆਨ ਬਾਰੇ ਚਾਨਣਾ ਪਾਉਂਦਿਆਂ ਮੀਤ ਹੇਅਰ ਨੇ ਕਿਹਾ, "ਸੂਬੇ ਦਾ ਖੇਡ ਬਜਟ, ਜੋ ਮੇਰੇ ਖੇਡ ਵਿਭਾਗ ਦਾ ਅਹੁਦਾ ਸੰਭਾਲਣ ਵੇਲੇ ਲਗਭਗ 150 ਕਰੋੜ ਸੀ, ਅੱਜ ਵਧ ਕੇ ਲਗਭਗ 1,800 ਕਰੋੜ ਹੋ ਗਿਆ ਹੈ। ਇਹ ਵੱਡਾ ਵਾਧਾ ਸਰਕਾਰ ਦੀ ਇਸ ਵਚਨਬੱਧਤਾ ਨੂੰ ਦਰਸਾਉਂਦਾ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵਿੱਚ ਭਾਗ ਲੈਣ ਦੇ ਵੱਧ ਤੋਂ ਵੱਧ ਮੌਕੇ ਮਿਲਣ।" ਭਾਗੀਦਾਰਾਂ ਨੂੰ ਫਿਟਨੈਸ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕਰਦਿਆਂ ਮੀਤ ਹੇਅਰ ਨੇ ਕਿਹਾ, "ਮੈਰਾਥਨ ਨੂੰ ਸਿਰਫ਼ ਇੱਕ ਦਿਨ ਦੀ ਗਤੀਵਿਧੀ ਨਾ ਸਮਝੋ। ਸੈਰ, ਦੌੜ ਅਤੇ ਕਸਰਤ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਨਿਯਮਤ ਹਿੱਸਾ ਬਣਾਓ। ਇੱਕ ਮਜ਼ਬੂਤ ਪੰਜਾਬ ਅਤੇ ਸਿਹਤਮੰਦ ਭਾਰਤ ਦੇ ਨਿਰਮਾਣ ਲਈ ਸਿਹਤਮੰਦ ਸਮਾਜ ਬਹੁਤ ਜ਼ਰੂਰੀ ਹੈ।"

ਯੂਥ ਵਿੰਗ ਅਤੇ ਪੂਰੀ ਪ੍ਰਬੰਧਕੀ ਟੀਮ ਨੂੰ ਵਧਾਈ ਦਿੰਦਿਆਂ ਆਪ ਐਮਪੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ, "ਫਿਟਨੈਸ ਅਤੇ ਸਰੀਰਕ ਗਤੀਵਿਧੀਆਂ ਹਰੇਕ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਨੀਆਂ ਚਾਹੀਦੀਆਂ ਹਨ। ਮੈਂ ਉਨ੍ਹਾਂ ਹਜ਼ਾਰਾਂ ਭਾਗੀਦਾਰਾਂ ਦੀ ਸ਼ਲਾਘਾ ਕਰਦਾ ਹਾਂ ਜੋ ਇਸ ਮੈਰਾਥਨ ਵਿੱਚ ਸ਼ਾਮਲ ਹੋਏ।" ਅਜਿਹੇ ਉਪਰਾਲਿਆਂ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਮਲਵਿੰਦਰ ਸਿੰਘ ਨੇ ਕਿਹਾ, "ਨੌਜਵਾਨਾਂ ਨੂੰ ਖੇਡਾਂ ਅਤੇ ਸਿਹਤਮੰਦ ਜੀਵਨ ਵੱਲ ਲਿਆਉਣ ਵਾਲੇ ਉਪਰਾਲੇ ਇੱਕ ਮਜ਼ਬੂਤ ਅਤੇ ਨਸ਼ਾ ਮੁਕਤ ਪੰਜਾਬ ਦੇ ਨਿਰਮਾਣ ਵਿੱਚ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹਨ। ਮੈਂ ਯੂਥ ਵਿੰਗ ਦੀ ਲੀਡਰਸ਼ਿਪ, ਪ੍ਰਬੰਧਕਾਂ ਅਤੇ ਭਾਗੀਦਾਰਾਂ ਦਾ ਉਨ੍ਹਾਂ ਦੀ ਉਤਸ਼ਾਹਪੂਰਵਕ ਸ਼ਮੂਲੀਅਤ ਲਈ ਧੰਨਵਾਦ ਕਰਦਾ ਹਾਂ।" ਇਸ ਮੁਹਿੰਮ ਨੂੰ ਪੂਰੇ ਪੰਜਾਬ ਵਿੱਚ ਲੈ ਕੇ ਜਾਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਆਪ ਆਗੂਆਂ ਨੇ ਕਿਹਾ, "ਖੇਡਾਂ, ਫਿਟਨੈਸ, ਸਿਹਤਮੰਦ ਜੀਵਨ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਸਾਂਝੇ ਸੰਕਲਪ ਨੂੰ ਉਤਸ਼ਾਹਿਤ ਕਰਨ ਲਈ ਪੂਰੇ ਪੰਜਾਬ ਵਿੱਚ ਅਜਿਹੇ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।"

# ਪੰਜਾਬ ਵਿਧਾਨ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਕਈ ਅਹਿਮ ਬਿੱਲ ਹੋਏ ਪਾਸ

ਚੰਡੀਗੜ੍ਹ: ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਅੱਜ ਕਈ ਅਹਿਮ ਬਿੱਲ ਪਾਸ ਕੀਤੇ ਗਏ। ਪੰਜਾਬ 'ਚ ਨਿੱਜੀ ਅਨ-ਏਡਿਡ (ਗੈਰ-ਸਹਾਇਤਾ ਪ੍ਰਾਪਤ) ਸਕੂਲ ਹੁਣ ਮਨਮਰਜ਼ੀ ਨਾਲ ਫੀਸ ਨਹੀਂ ਵਧਾ ਸਕਣਗੇ। ਪੰਜਾਬ ਵਿਧਾਨ ਸਭਾ 'ਚ ਪੇਸ਼ 'ਪੰਜਾਬ ਰੈਗੂਲੇਸ਼ਨ ਫੀਸ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਬਿੱਲ-2026' ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਹੁਣ ਫੀਸ ਵਾਧੇ ਦੀ ਵੱਧ ਤੋਂ ਵੱਧ ਸੀਮਾ ਤੈਅ ਕਰਨ ਦੇ ਨਾਲ-ਨਾਲ ਵਾਧੂ ਫੀਸ ਵਸੂਲੀ 'ਤੇ ਮਾਪਿਆਂ ਨੂੰ ਰਕਮ ਮੋੜਨ ਤੇ ਨਿਯਮ ਤੋੜਨ ਵਾਲੇ ਸਕੂਲਾਂ 'ਤੇ ਸਖ਼ਤ ਕਾਰਵਾਈ ਦਾ ਪ੍ਰਬੰਧ ਕੀਤਾ ਗਿਆ ਹੈ। ਬਿੱਲ ਅਨੁਸਾਰ ਆਮ ਸਥਿਤੀ 'ਚ ਕੋਈ ਸਕੂਲ ਇਕ ਅਕਾਦਮਿਕ ਸਾਲ 'ਚ ਪਿਛਲੀ ਫੀਸ ਦੇ ਮੁਕਾਬਲੇ ਪੰਜ ਪ੍ਰਤੀਸ਼ਤ ਤੋਂ ਵੱਧ ਵਾਧਾ ਨਹੀਂ ਕਰ ਸਕੇਗਾ।

ਬਿੱਲ ਵਿਚ ਫੀਸ ਦੀ ਪਰਿਭਾਸ਼ਾ ਨੂੰ ਵਿਆਪਕ ਕੀਤਾ ਗਿਆ ਹੈ। ਟਿਊਸ਼ਨ ਫੀਸ, ਵਿਕਾਸ ਫੰਡ (ਡਿਵੈੱਲਪਮੈਂਟ ਚਾਰਜਿਜ਼), ਸਾਲਾਨਾ ਫੀਸ, ਗਤੀਵਿਧੀ (ਐਕਟੀਵਿਟੀ) ਫੀਸ, ਸਮਾਰਟ ਕਲਾਸ ਜਾਂ ਤਕਨੀਕੀ ਫੀਸ, ਆਵਾਜਾਈ (ਟ੍ਰਾਂਸਪੋਰਟ) ਫੀਸ, ਪ੍ਰਯੋਗਸ਼ਾਲਾ (ਲੈਬ), ਲਾਇਬ੍ਰੇਰੀ, ਪ੍ਰੀਖਿਆ ਫੀਸ, ਹੋਰ ਫੰਡ ਤੇ ਲਾਜ਼ਮੀ ਆਰਥਿਕ ਯੋਗਦਾਨ ਸਮੇਤ ਸਕੂਲ ਜਾਂ ਉਸ ਨਾਲ ਜੁੜੀ ਸੰਸਥਾ ਵੱਲੋਂ ਵਿਦਿਆਰਥੀ ਜਾਂ ਮਾਪਿਆਂ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵਸੂਲੀ ਜਾਣ ਵਾਲੀ ਰਕਮ ਨੂੰ ਫੀਸ ਮੰਨਿਆ ਜਾਵੇਗਾ। ਸਿਰਫ਼ ਅਸਲ ਰੂਪ 'ਚ ਵਾਪਸ ਕੀਤੀ ਜਾਣ ਵਾਲੀ ਸਕਿਓਰਿਟੀ ਰਾਸ਼ੀ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਸਕੂਲ ਨੂੰ ਫੀਸ ਵਧਾਉਣ ਤੋਂ ਪਹਿਲਾਂ ਸੋਧਿਆ ਫੀਸ ਢਾਂਚਾ ਸਕੂਲ ਕੰਪਲੈਕਸ 'ਚ ਮੁੱਖ ਜਗ੍ਹਾ 'ਤੇ ਅਤੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਘੱਟੋ-ਘੱਟ 90 ਦਿਨ ਪਹਿਲਾਂ ਪ੍ਰਦਰਸ਼ਿਤ ਕਰਨਾ ਹੋਵੇਗਾ। ਮਾਪਿਆਂ ਨੂੰ ਈਮੇਲ, ਇਲੈਕਟ੍ਰੌਨਿਕ ਸੰਦੇਸ਼, ਵ੍ਹਟਸਐਪ ਸੰਦੇਸ਼, ਸਰਕੂਲਰ ਜਾਂ ਪੇਰੈਂਟ-ਟੀਚਰ ਮੀਟਿੰਗ ਸਮੇਤ ਪ੍ਰਭਾਵਸ਼ਾਲੀ ਮਾਧਿਅਮ ਰਾਹੀਂ ਇਸ ਦੀ ਜਾਣਕਾਰੀ ਦੇਣਾ ਵੀ ਲਾਜ਼ਮੀ ਹੋਵੇਗਾ। ਜੇਕਰ ਕਿਸੇ ਸਕੂਲ ਨੇ ਪੰਜ ਪ੍ਰਤੀਸ਼ਤ ਤੋਂ ਵੱਧ ਫੀਸ ਵਧਾਉਣੀ ਹੈ ਤਾਂ ਉਸ ਨੂੰ ਅਕਾਦਮਿਕ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ-ਘੱਟ 180 ਦਿਨ ਪਹਿਲਾਂ ਜ਼ਿਲ੍ਹਾ ਰੈਗੂਲੇਟਰੀ ਸੰਸਥਾ ਕੋਲ ਪ੍ਰਸਤਾਵ ਦੇਣਾ ਹੋਵੇਗਾ। ਰੈਗੂਲੇਟਰੀ ਸੰਸਥਾ ਦੀ ਲਿਖਤੀ ਮਨਜ਼ੂਰੀ ਤੋਂ ਬਿਨਾਂ ਅਜਿਹਾ ਵਾਧਾ ਲਾਗੂ ਨਹੀਂ ਕੀਤਾ ਜਾ ਸਕੇਗਾ। ਪ੍ਰਸਤਾਵ ਦੀ ਲੋੜ ਅਤੇ ਮਕਸਦ ਪਰਖਣ ਲਈ ਸੰਸਥਾ ਸਕੂਲ ਜਾਂ ਉਸ ਨਾਲ ਜੁੜੀ ਟਰੱਸਟ, ਸੁਸਾਇਟੀ ਜਾਂ ਕੰਪਨੀ ਦਾ ਫੋਰੈਂਸਿਕ ਆਡਿਟ ਕਰਵਾ ਸਕੇਗੀ। ਅਰਜ਼ੀ 'ਤੇ ਸਾਰੇ ਜ਼ਰੂਰੀ ਦਸਤਾਵੇਜ਼ ਮਿਲਣ ਤੋਂ ਬਾਅਦ 90 ਦਿਨਾਂ ਦੇ ਅੰਦਰ ਫੈਸਲਾ ਕਰਨਾ ਹੋਵੇਗਾ। ਫੈਸਲਾ ਪੈਂਡਿੰਗ ਰਹਿਣ ਤਕ ਪੁਰਾਣੀ ਫੀਸ ਹੀ ਲਾਗੂ ਰਹੇਗੀ।



ਪੰਜਾਬ 'ਚ ਡਿਜੀਟਲ ਐਜੂਕੇਸ਼ਨ ਦੇ ਖੇਤਰ 'ਚ ਇੱਕ ਹੋਰ ਨਿੱਜੀ ਯੂਨੀਵਰਸਿਟੀ ਸਥਾਪਿਤ ਹੋਣ ਜਾ ਰਹੀ ਹੈ। ਪੰਜਾਬ ਵਿਧਾਨ ਸਭਾ 'ਚ 'ਫਿਜ਼ਿਕਸਵਾਲਾ ਡਿਜੀਟਲ ਯੂਨੀਵਰਸਿਟੀ, ਪਟਿਆਲਾ ਬਿੱਲ-2026' ਪਾਸ ਕਰ ਦਿੱਤਾ ਗਿਆ। ਬਿੱਲ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ ਪਿੰਡ ਨੰਦਪੁਰ ਕੇਸ਼ੋ 'ਚ ਯੂਨੀਵਰਸਿਟੀ ਦਾ ਹੈੱਡਕੁਆਰਟਰ ਹੋਵੇਗਾ। ਇਸ ਦਾ ਸੰਚਾਲਨ ਨੈਕਸਟਸੀਡ ਫਾਊਂਡੇਸ਼ਨ ਵੱਲੋਂ ਕੀਤਾ ਜਾਵੇਗਾ। ਯੂਨੀਵਰਸਿਟੀ ਸੈਲਫ ਫਾਈਨੈਂਸਡ ਹੋਵੇਗੀ ਅਤੇ ਇਸ ਨੂੰ ਪੰਜਾਬ ਸਰਕਾਰ ਤੋਂ ਕਿਸੇ ਤਰ੍ਹਾਂ ਦੀ ਗ੍ਰਾਂਟ ਜਾਂ ਵਿੱਤੀ ਸਹਾਇਤਾ ਨਹੀਂ ਮਿਲੇਗੀ।

ਬਿੱਲ ਅਨੁਸਾਰ ਯੂਨੀਵਰਸਿਟੀ ਦਾ ਮੁੱਖ ਉਦੇਸ਼ ਉੱਚ ਗੁਣਵੱਤਾ ਵਾਲੀ ਆਨਲਾਈਨ ਐਜੂਕੇਸ਼ਨ ਲਈ ਮਜ਼ਬੂਤ ਅਕਾਦਮਿਕ ਤੇ ਡਿਜੀਟਲ ਇਨਫਰਾਸਟ੍ਰਕਚਰ ਤਿਆਰ ਕਰਨਾ ਹੈ। ਇੱਥੇ ਅੰਡਰਗ੍ਰੈਜੂਏਟ, ਪੋਸਟਗ੍ਰੈਜੂਏਟ ਅਤੇ ਪ੍ਰੋਫੈਸ਼ਨਲ ਲੈਵਲ ਦੇ ਵੱਖ-ਵੱਖ ਪ੍ਰੋਗਰਾਮ ਚਲਾਏ ਜਾ ਸਕਣਗੇ। ਇੰਜੀਨੀਅਰਿੰਗ, ਮੈਡੀਕਲ, ਪੈਰਾਮੈਡੀਕਲ, ਸਾਇੰਸ, ਸੋਸ਼ਲ ਸਾਇੰਸਜ਼, ਲਾਈਫ ਸਾਇੰਸਜ਼, ਹਿਊਮੈਨਿਟੀਜ਼, ਲਿਬਰਲ ਆਰਟਸ ਅਤੇ ਮੈਨੇਜਮੈਂਟ ਸਮੇਤ ਉੱਚ ਸਿੱਖਿਆ ਦੇ ਵੱਖ-ਵੱਖ ਖੇਤਰਾਂ ਵਿੱਚ ਆਨਲਾਈਨ ਮਾਧਿਅਮ ਰਾਹੀਂ ਪੜ੍ਹਾਈ ਕਰਵਾਈ ਜਾਵੇਗੀ।

ਯੂਨੀਵਰਸਿਟੀ 'ਚ ਡਿਜੀਟਲ ਲਰਨਿੰਗ ਮਟੀਰੀਅਲ ਤਿਆਰ ਕੀਤਾ ਜਾਵੇਗਾ ਅਤੇ ਉਸ ਨੂੰ ਸਮੇਂ-ਸਮੇਂ 'ਤੇ ਅਪਡੇਟ ਕੀਤਾ ਜਾਵੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਤੋਂ ਤਿਆਰ ਕੀਤੇ ਗਏ ਇੰਸਟ੍ਰਕਸ਼ਨਲ ਕੰਟੈਂਟ ਦੀ ਸਪੱਸ਼ਟ ਪਛਾਣ ਕੀਤੀ ਜਾਵੇਗੀ। ਅਜਿਹੇ ਕੰਟੈਂਟ ਨੂੰ ਅਕਾਦਮਿਕ ਪ੍ਰਕਿਰਿਆ ਤਹਿਤ ਕ੍ਰਿਟੀਕਲ ਰਿਵਿਊ ਤੇ ਫਾਰਮਲ ਅਪਰੂਵਲਤੋਂ ਬਾਅਦ ਹੀ ਇਸਤੇਮਾਲ ਕੀਤਾ ਜਾਵੇਗਾ। ਅਕਾਦਮਿਕ ਕੌਂਸਲ ਦੀ ਮਨਜ਼ੂਰੀ ਨਾਲ ਡਿਜੀਟਲ ਲਰਨਿੰਗ ਮਟੀਰੀਅਲ ਦੀ ਨਿਯਮਤ ਸਮੀਖਿਆ ਅਤੇ ਸੋਧ ਵੀ ਕੀਤੀ ਜਾਵੇਗੀ।

ਯੂਨੀਵਰਸਿਟੀ 'ਚ ਲਰਨਿੰਗ ਮੈਨੇਜਮੈਂਟ ਸਿਸਟਮ ਯਾਨੀ ਐੱਲਐੱਮਐੱਸ, ਡਿਜੀਟਲ ਕੰਟੈਂਟ ਸਟੂਡੀਓ, ਕਲਾਊਡ ਹੋਸਟਿੰਗ, ਵਰਚੁਅਲ ਕਲਾਸਰੂਮ ਤੇ ਪ੍ਰੋਕਟਰਡ ਐਗਜ਼ਾਮੀਨੇਸ਼ਨ ਸਿਸਟਮ ਵਿਕਸਿਤ ਕੀਤੇ ਜਾਣਗੇ। ਏਆਈ ਅਧਾਰਿਤ ਲਰਨਿੰਗ ਸਿਸਟਮ ਦੇ ਨਾਲ ਲੋਅ ਬੈਂਡਵਿਡਥ ਤੇ ਮੋਬਾਈਲ-ਫਰਸਟ ਐਕਸੈਸ ਦੀ ਸਹੂਲਤ ਵੀ ਉਪਲਬਧ ਕਰਵਾਉਣ ਦਾ ਪ੍ਰਬੰਧ ਹੈ। ਵਿਦਿਆਰਥੀਆਂ ਲਈ ਲਾਈਵ ਸੈਸ਼ਨ, ਟਿਊਟੋਰੀਅਲ, ਮੈਂਟਰਿੰਗ ਅਤੇ ਅਕਾਦਮਿਕ ਐਡਵਾਈਜ਼ਰ ਦੀ ਸਹੂਲਤ ਹੋਵੇਗੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਦਨ 'ਚ ਪੇਸ਼ ਪੰਜਾਬ ਆਊਟਸੋਰਸ ਮੁਲਾਜ਼ਮ (ਠੇਕਾ ਅਧਾਰਤ ਨਿਯੁਕਤੀ) ਬਿੱਲ, 2026 ਕਰ ਦਿੱਤਾ ਪਾਸ ਕੀਤਾ ਹੈ। ਜਿਸ ਦਾ ਮੁੱਖ ਮਕਸਦ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਆਊਟਸੋਰਸਿੰਗ ਏਜੰਸੀਆਂ ਜਾਂ ਠੇਕੇਦਾਰਾਂ ਰਾਹੀਂ ਕੰਮ ਕਰਦੇ ਯੋਗ ਕੱਚੇ ਮੁਲਾਜ਼ਮਾਂ ਨੂੰ ਸਿੱਧੇ ਸਰਕਾਰੀ ਠੇਕੇ ਉੱਤੇ ਲਿਆਉਣਾ ਹੈ ਤਾਂ ਜੋ ਵਿਚੋਲਗਿਰੀ ਅਤੇ ਕਮਿਸ਼ਨ ਨੂੰ ਖ਼ਤਮ ਕਰਕੇ ਸਿੱਧਾ ਸਰਕਾਰੀ ਸਮਝੌਤਾ ਕੀਤਾ ਜਾ ਸਕੇ ਅਤੇ ਇਸ ਨਾਲ ਲਗਪਗ 26,000 ਤੋਂ 28,000 ਮੁਲਾਜ਼ਮਾਂ ਨੂੰ ਲਾਭ ਮਿਲ ਸਕੇ। ਇਸ ਬਿੱਲ ਤਹਿਤ ਆਮ ਸ਼੍ਰੇਣੀ ਦੇ ਜਿਨ੍ਹਾਂ ਆਊਟਸੋਰਸ ਮੁਲਾਜ਼ਮਾਂ ਨੇ ਘੱਟੋ-ਘੱਟ 5 ਸਾਲ ਅਤੇ ਖਤਰਨਾਕ ਸ਼੍ਰੇਣੀ ਜਿਵੇਂ ਕਿ ਬਿਜਲੀ ਵਿਭਾਗ ਦੇ ਹਾਈ ਵੋਲਟੇਜ ਅਮਲੇ, ਸੀਵਰਮੈਨ, ਸਫ਼ਾਈ ਸੇਵਕ, ਫਾਇਰਮੈਨ, ਫਾਇਰ ਡਰਾਈਵਰ ਅਤੇ ਫਾਇਰ ਸਟੇਸ਼ਨ ਦੇ ਅਮਲੇ ਨੇ 3 ਸਾਲ ਦੀ ਨਿਰੰਤਰ ਸੇਵਾ ਪੂਰੀ ਕੀਤੀ ਹੈ, ਉਹ ਸਿੱਧੇ ਠੇਕੇ 'ਤੇ ਆਉਣ ਲਈ ਯੋਗ ਹੋਣਗੇ। ਹਰ ਸਾਲ ਘੱਟੋ-ਘੱਟ 240 ਦਿਨਾਂ ਦੀ ਹਾਜ਼ਰੀ ਅਤੇ ਰੋਜ਼ਾਨਾ ਘੱਟੋ-ਘੱਟ 7 ਘੰਟੇ ਡਿਊਟੀ ਹੋਣੀ ਜ਼ਰੂਰੀ ਹੈ। ਏਜੰਸੀ ਬਦਲਣ ਨਾਲ ਸੇਵਾ ਵਿੱਚ ਰੁਕਾਵਟ ਨਹੀਂ ਮੰਨੀ ਜਾਵੇਗੀ। ਪ੍ਰਸ਼ਾਸਕੀ ਕਾਰਨਾਂ ਜਾਂ ਕੁਦਰਤੀ ਆਫ਼ਤ/ਮਹਾਂਮਾਰੀ ਕਾਰਨ ਆਏ ਪਾੜੇ ਨੂੰ ਸੇਵਾ ਵਿੱਚ ਰੁਕਾਵਟ ਨਹੀਂ ਗਿਣਿਆ ਜਾਵੇਗਾ। ਠੇਕੇ 'ਤੇ ਆਉਣ ਤੋਂ ਬਾਅਦ ਮਿਲਣ ਵਾਲੀ ਤਨਖਾਹ ਪਹਿਲਾਂ ਮਿਲਦੀ 'ਨੈੱਟ ਇਨ-ਹੈਂਡ' ਤੋਂ ਘੱਟ ਨਹੀਂ ਹੋਵੇਗੀ ਅਤੇ 'ਕੋਡ ਆਨ ਵੇਜਿਜ਼, 2019' ਦੇ ਘੱਟੋ-ਘੱਟ ਤਨਖਾਹ ਨਿਯਮਾਂ ਦੇ ਅਨੁਸਾਰ ਹੋਵੇਗੀ । ਠੇਕੇ 'ਤੇ ਆਉਣ ਤੋਂ ਬਾਅਦ ਮੁਲਾਜ਼ਮਾਂ ਲਈ ਬਾਇਓਮੈਟ੍ਰਿਕ ਹਾਜ਼ਰੀ ਲਗਾਉਣਾ ਲਾਜ਼ਮੀ ਹੋਵੇਗਾ। ਬਿੱਲ ਅਨੁਸਾਰ ਠੇਕਾ ਸਾਲ-ਦਰ-ਸਾਲ ਦੇ ਅਧਾਰ 'ਤੇ ਵਧਾਇਆ ਜਾਵੇਗਾ, ਜੋ 58 ਸਾਲ ਦੀ ਉਮਰ ਤੱਕ ਚੱਲੇਗਾ।

ਪੰਜਾਬ ਵਿਧਾਨ ਸਭਾ ਚ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪੰਜਾਬ ਰੁੱਖ ਸੁਰੱਖਿਆ ਬਿੱਲ 2026 ਪੇਸ਼ ਕੀਤਾ, ਜਿਸ ਨੂੰ ਕਿ ਪਾਸ ਕਰ ਦਿੱਤਾ ਗਿਆ ਹੈ। ਪੰਜਾਬ ਵਿੱਚ ਘਟਦੀ ਹਰਿਆਵਲ ਨੂੰ ਬਚਾਉਣ, ਪ੍ਰਦੂਸ਼ਣ 'ਤੇ ਠੱਲ੍ਹ ਪਾਉਣ ਅਤੇ ਵਾਤਾਵਰਨ ਸੰਤੁਲਨ ਬਣਾਏ ਰੱਖਣ ਲਈ ਬਿੱਲ ਲਿਆਂਦਾ ਗਿਆ ਹੈ । ਇਸ ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ ਸੂਬੇ ਦੇ ਸ਼ਹਿਰੀ ਖੇਤਰਾਂ ਵਿੱਚ ਬਿਨਾਂ ਸਰਕਾਰੀ ਮਨਜ਼ੂਰੀ ਤੋਂ ਰੁੱਖ ਕੱਟਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਰੁੱਖ ਕੱਟਣ ਬਦਲੇ ਨਵੇਂ ਪੌਦੇ ਲਗਾਉਣੇ ਪੈਣਗੇ। ਜੇ ਕੋਈ ਵਿਅਕਤੀ ਜਾਂ ਏਜੰਸੀ ਮਨਜ਼ੂਰੀ ਲੈ ਕੇ 1 ਰੁੱਖ ਕੱਟਦੀ ਹੈ, ਤਾਂ ਉਸ ਨੂੰ ਉਸ ਦੀ ਥਾਂ 10 ਨਵੇਂ ਰੁੱਖ ਲਗਾ ਕੇ ਪਾਲਣੇ ਪੈਣਗੇ। 100 ਸਾਲ ਤੋਂ ਪੁਰਾਣੇ ਜਾਂ ਧਾਰਮਿਕ/ਇਤਿਹਾਸਕ ਮਹੱਤਤਾ ਵਾਲੇ ਰੁੱਖਾਂ ਨੂੰ ਕੱਟਣ ਦੀ ਇਜਾਜ਼ਤ ਸਿਰਫ਼ ਅਤਿ-ਜ਼ਰੂਰੀ ਵਿਕਾਸ ਕਾਰਜਾਂ ਲਈ ਹੀ ਮਿਲੇਗੀ।

ਅਜਿਹਾ 1 ਰੁੱਖ ਕੱਟਣ 'ਤੇ 25 ਨਵੇਂ ਰੁੱਖ ਲਗਾਉਣਾ ਲਾਜ਼ਮੀ ਹੋਵੇਗਾ। ਰੁੱਖਾਂ ਉੱਤੇ ਲਾਈਟਾਂ ਲਗਾਉਣ, ਸੀਮਿੰਟ ਨਾਲ ਜੜ੍ਹਾਂ ਢੱਕਣ, ਫਲੈਕਸ ਬੋਰਡ ਟੰਗਣ, ਕਿੱਲ ਗੱਡ ਕੇ ਸੁਕਾਉਣ ਵਾਲਿਆਂ ਖ਼ਿਲਾਫ਼ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਬਿੱਲ ਅਨੁਸਾਰ ਆਮ ਅਰਜ਼ੀ 'ਤੇ 'ਟ੍ਰੀ ਪ੍ਰੋਟੈਕਸ਼ਨ ਅਫ਼ਸਰ' ਵੱਲੋਂ 30 ਦਿਨਾਂ ਦੇ ਅੰਦਰ ਅਤੇ ਖਤਰਨਾਕ/ਸੁੱਕੇ ਰੁੱਖਾਂ ਬਾਰੇ 7 ਦਿਨਾਂ ਦੇ ਅੰਦਰ ਫੈਸਲਾ ਲਿਆ ਜਾਵੇਗਾ। ਨਿਯਮ ਤੋੜਨ 'ਤੇ ਭਾਰੀ ਜੁਰਮਾਨਾ ਕੀਤਾ ਜਾਵੇਗਾ। ਪਹਿਲੀ ਵਾਰ ਉਲੰਘਣਾ ਕਰਨ 'ਤੇ 10,000, ਦੂਜੀ ਵਾਰ 35,000 ਅਤੇ ਲਗਾਤਾਰ ਉਲੰਘਣਾ 'ਤੇ 50,000 ਪ੍ਰਤੀ ਰੁੱਖ ਤੱਕ ਜੁਰਮਾਨਾ ਲਗਾਇਆ ਜਾ ਸਕਦਾ ਹੈ। ਬਿਨਾਂ ਮਨਜ਼ੂਰੀ ਰੁੱਖ ਕੱਟਣ 'ਤੇ 10,000 ਪ੍ਰਤੀ ਰੁੱਖ ਜੁਰਮਾਨਾ ਅਤੇ ਵਾਤਾਵਰਨ ਮੁਆਵਜ਼ਾ ਵਸੂਲਿਆ ਜਾਵੇਗਾ। ਰੁੱਖ ਨੂੰ ਨੁਕਸਾਨ ਪਹੁੰਚਾਉਣ 'ਤੇ 2,000 ਪ੍ਰਤੀ ਰੁੱਖ ਜੁਰਮਾਨਾ ਲੱਗੇਗਾ ।

# ਪੰਜਾਬ ਪੁਲਿਸ ਦੀ ਵੱਡੀ ਕਾਰਵਾਈ: ਜਲੰਧਰ-ਨਵਾਂਸ਼ਹਿਰ 'ਚ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼

ਐੱਸ.ਬੀ.ਐੱਸ. ਨਗਰ: ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਜਲੰਧਰ ਅਤੇ ਐੱਸ.ਬੀ.ਐੱਸ. ਨਗਰ ਪੁਲਿਸ ਨੇ ਸਾਂਝੀ ਕਾਰਵਾਈ ਕਰਦਿਆਂ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਮਾਡਿਊਲ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੇ ਕਬਜ਼ੇ ਵਿੱਚੋਂ 86-P ਹੈਂਡ ਗ੍ਰੇਨੇਡ ਵੀ ਬਰਾਮਦ ਹੋਇਆ ਹੈ। ਪੁਲਿਸ ਮੁਤਾਬਕ ਇਸ ਕਾਰਵਾਈ ਨਾਲ ਪੰਜਾਬ ਵਿੱਚ ਸੰਭਾਵਿਤ ਅੱਤਵਾਦੀ ਹਮਲੇ ਦੀ ਸਾਜ਼ਿਸ਼ ਨੂੰ ਸਮੇਂ ਸਿਰ ਨਾਕਾਮ ਕਰ ਦਿੱਤਾ ਗਿਆ।

**ਵਿਦੇਸ਼ ਬੈਠੇ ਹੈਂਡਲਰਾਂ ਨਾਲ ਸੰਪਰਕ**

ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਵਿਦੇਸ਼ ਵਿੱਚ ਬੈਠੇ ਆਪਣੇ ਹੈਂਡਲਰਾਂ ਦੇ ਸਿੱਧੇ ਸੰਪਰਕ ਵਿੱਚ ਸੀ। ਪੁਲਿਸ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਮੁਲਜ਼ਮ ਪੰਜਾਬ ਵਿੱਚ ਇੱਕ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਿਹਾ ਸੀ। ਜਾਂਚ ਅਨੁਸਾਰ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰੇ 'ਤੇ ਮੁਲਜ਼ਮ ਨੇ ਜਲੰਧਰ ਦੇ ਆਦਮਪੁਰ ਨੇੜੇ ਸਥਿਤ ਇੱਕ ਡੈੱਡ ਡਰਾਪ ਲੋਕੇਸ਼ਨ ਤੋਂ 86-P ਹੈਂਡ ਗ੍ਰੇਨੇਡ ਹਾਸਲ ਕੀਤਾ ਸੀ।

**BNS ਅਤੇ ਵਿਸਫੋਟਕ ਪਦਾਰਥ ਐਕਟ ਤਹਿਤ ਕੇਸ**

ਇਸ ਮਾਮਲੇ ਵਿੱਚ ਐੱਸ.ਬੀ.ਐੱਸ. ਨਗਰ ਦੇ ਥਾਣਾ ਸਦਰ ਨਵਾਂਸ਼ਹਿਰ ਵਿੱਚ ਮੁਲਜ਼ਮ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਅਤੇ ਵਿਸਫੋਟਕ ਪਦਾਰਥ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਪੁਲਿਸ ਵੱਲੋਂ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ, ਤਾਂ ਜੋ ਉਸ ਤੋਂ ਮਾਮਲੇ ਸਬੰਧੀ ਹੋਰ ਪੁੱਛਗਿੱਛ ਕੀਤੀ ਜਾ ਸਕੇ।



**ਨੈੱਟਵਰਕ ਦੀਆਂ ਕੜੀਆਂ ਖੰਗਾਲ ਰਹੀ ਪੁਲਿਸ**

ਪੁਲਿਸ ਟੀਮਾਂ ਹੁਣ ਇਸ ਮਾਡਿਊਲ ਨਾਲ ਜੁੜੇ ਨੈੱਟਵਰਕ ਦੀ ਜਾਂਚ ਕਰ ਰਹੀਆਂ ਹਨ। ਜਾਂਚ ਦੌਰਾਨ ਸਥਾਨਕ ਪੱਧਰ 'ਤੇ ਮਦਦ ਕਰਨ ਵਾਲੇ ਲੋਕਾਂ, ਫੰਡ ਮੁਹੱਈਆ ਕਰਵਾਉਣ ਵਾਲਿਆਂ ਅਤੇ ਸਰਹੱਦ ਪਾਰ ਜਾਂ ਵਿਦੇਸ਼ ਵਿੱਚ ਬੈਠੇ ਹੈਂਡਲਰਾਂ ਦੀ ਭੂਮਿਕਾ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਪੁਲਿਸ ਇਹ ਵੀ ਪਤਾ ਲਗਾ ਰਹੀ ਹੈ ਕਿ ਬਰਾਮਦ ਕੀਤਾ ਗਿਆ ਗ੍ਰੇਨੇਡ ਕਿਸ ਨਿਸ਼ਾਨੇ ਜਾਂ ਜਨਤਕ ਥਾਂ 'ਤੇ ਹਮਲੇ ਲਈ ਵਰਤਿਆ ਜਾਣਾ ਸੀ।

**DGP ਨੇ ਕਿਹਾ, ਸਖ਼ਤ ਕਾਰਵਾਈ ਜਾਰੀ ਰਹੇਗੀ**

ਪੰਜਾਬ ਪੁਲਿਸ ਦੇ ਡੀ.ਜੀ.ਪੀ. ਨੇ ਸੋਸ਼ਲ ਮੀਡੀਆ ਰਾਹੀਂ ਇਸ ਕਾਰਵਾਈ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੱਤਵਾਦ, ਸਰਹੱਦ ਪਾਰ ਤੋਂ ਚਲਾਈਆਂ ਜਾ ਰਹੀਆਂ ਸਾਜ਼ਿਸ਼ਾਂ ਅਤੇ ਸੰਗਠਿਤ ਅਪਰਾਧ ਨੂੰ ਖ਼ਤਮ ਕਰਨ ਲਈ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ। ਡੀ.ਜੀ.ਪੀ. ਮੁਤਾਬਕ ਲੋਕਾਂ ਦੀ ਸੁਰੱਖਿਆ, ਸ਼ਾਂਤੀ ਅਤੇ ਭਾਈਚਾਰਾ ਕਾਇਮ ਰੱਖਣਾ ਪੰਜਾਬ ਪੁਲਿਸ ਦੀ ਸਭ ਤੋਂ ਵੱਡੀ ਤਰਜੀਹ ਹੈ। ਅਜਿਹੇ ਅਸਮਾਜਿਕ ਤੱਤਾਂ ਖ਼ਿਲਾਫ਼ ਜ਼ੀਰੋ ਟੋਲਰੈਂਸ ਦੀ ਨੀਤੀ ਤਹਿਤ ਸਖ਼ਤ ਕਾਰਵਾਈ ਜਾਰੀ ਰਹੇਗੀ।

# ਆਊਟਸੋਰਸ ਮੁਲਾਜ਼ਮਾਂ ਲਈ ਵਿਧਾਨ ਸਭਾ 'ਚ CM ਮਾਨ ਦਾ ਵੱਡਾ ਐਲਾਨ

ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਊਟਸੋਰਸਿੰਗ ਅਤੇ ਕੰਟਰੈਕਟ 'ਤੇ ਕੰਮ ਕਰ ਰਹੇ ਕਰਮਚਾਰੀਆਂ ਦੇ ਮੁੱਦੇ 'ਤੇ ਵਿਧਾਨ ਸਭਾ 'ਚ ਆਪਣਾ ਪੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਰਾਜ ਵਿੱਚ ਆਊਟਸੋਰਸ ਮੁਲਾਜ਼ਮਾਂ ਦਾ ਸ਼ੋਸ਼ਣ ਰੋਕਣ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਲਈ ਸਰਕਾਰ ਨਵਾਂ ਬਿੱਲ ਲੈ ਕੇ ਆਈ ਹੈ। ਇਸਤੋਂ ਪਹਿਲਾਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ਵਿੱਚ ਪੰਜਾਬ ਸਟੇਟ ਆਊਟਸੋਰਸਡ ਪਰਸੋਨਲ ਬਿੱਲ, 2026 ਪੇਸ਼ ਕੀਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਦਨ 'ਚ ਪੇਸ਼ ਪੰਜਾਬ ਆਊਟਸੋਰਸ ਮੁਲਾਜ਼ਮ (ਠੇਕਾ ਅਧਾਰਤ ਨਿਯੁਕਤੀ) ਬਿੱਲ, 2026 ਕਰ ਦਿੱਤਾ ਪਾਸ ਕੀਤਾ ਹੈ। ਜਿਸ ਦਾ ਮੁੱਖ ਮਕਸਦ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਆਊਟਸੋਰਸਿੰਗ ਏਜੰਸੀਆਂ ਜਾਂ ਠੇਕੇਦਾਰਾਂ ਰਾਹੀਂ ਕੰਮ ਕਰਦੇ ਯੋਗ ਕੱਚੇ ਮੁਲਾਜ਼ਮਾਂ ਨੂੰ ਸਿੱਧੇ ਸਰਕਾਰੀ ਠੇਕੇ ਉੱਤੇ ਲਿਆਉਣਾ ਹੈ ਤਾਂ ਜੋ ਵਿਚੋਲਗਿਰੀ ਅਤੇ ਕਮਿਸ਼ਨ ਨੂੰ ਖ਼ਤਮ ਕਰਕੇ ਸਿੱਧਾ ਸਰਕਾਰੀ ਸਮਝੌਤਾ ਕੀਤਾ ਜਾ ਸਕੇ ਅਤੇ ਇਸ ਨਾਲ ਲਗਪਗ 26,000 ਤੋਂ 28,000 ਮੁਲਾਜ਼ਮਾਂ ਨੂੰ ਲਾਭ ਮਿਲ ਸਕੇ। ਇਸ ਬਿੱਲ ਤਹਿਤ ਆਮ ਸ਼੍ਰੇਣੀ (Group-C & Group-D) ਦੇ ਜਿਨ੍ਹਾਂ ਆਊਟਸੋਰਸ ਮੁਲਾਜ਼ਮਾਂ ਨੇ ਘੱਟੋ-ਘੱਟ 5 ਸਾਲ ਅਤੇ ਖਤਰਨਾਕ ਸ਼੍ਰੇਣੀ ਜਿਵੇਂ ਕਿ ਬਿਜਲੀ ਵਿਭਾਗ ਦੇ ਹਾਈ ਵੋਲਟੇਜ ਅਮਲੇ, ਸੀਵਰਮੈਨ, ਸਫ਼ਾਈ ਸੇਵਕ, ਫਾਇਰਮੈਨ, ਫਾਇਰ ਡਰਾਈਵਰ ਅਤੇ ਫਾਇਰ ਸਟੇਸ਼ਨ ਦੇ ਅਮਲੇ ਨੇ 3 ਸਾਲ ਦੀ ਨਿਰੰਤਰ ਸੇਵਾ ਪੂਰੀ ਕੀਤੀ ਹੈ, ਉਹ ਸਿੱਧੇ ਠੇਕੇ 'ਤੇ ਆਉਣ ਲਈ ਯੋਗ ਹੋਣਗੇ। ਹਰ ਸਾਲ ਘੱਟੋ-ਘੱਟ 240 ਦਿਨਾਂ ਦੀ ਹਾਜ਼ਰੀ ਅਤੇ ਰੋਜ਼ਾਨਾ ਘੱਟੋ-ਘੱਟ 7 ਘੰਟੇ ਡਿਊਟੀ ਹੋਣੀ ਜ਼ਰੂਰੀ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
100% NATURAL PRODUCT
PRODUCT OF CANADA
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjer
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# *ਖਿੱਦੋ ਦੀਆਂ ਗੰਦੀਆਂ ਲੀਰਾਂ !*



ਬੁੱਧ ਸਿੰਘ ਨੀਲੋਂ
94643 70823

ਜਸਬੀਰ ਭੁੱਲਰ ਦਾ ਨਾਵਲ 'ਖਿੱਦੋ' ਪੜ੍ਹਦਿਆਂ ਮੇਰੇ ਮਨ ਵਿੱਚ ਸਭ ਤੋਂ ਪਹਿਲਾਂ ਇਹ ਸਵਾਲ ਉੱਠਿਆ—ਇਹ ਆਖ਼ਰ ਹੈ ਕੀ? ਨਾਵਲ? ਵਾਰਤਕ? ਸੰਸਮਰਨ? ਸਾਹਿਤਕ ਗੱਪ? ਜਾਂ ਫਿਰ ਪੰਜਾਬੀ ਸਾਹਿਤ ਦੇ ਅੰਦਰਲੇ ਅਹਾਤਿਆਂ ਵਿੱਚ ਬੈਠ ਕੇ ਹੋਈਆਂ ਉਹ ਗੱਲਾਂ ਦਾ ਤਰਤੀਬਵਾਰ ਰੂਪ, ਜਿਹੜੀਆਂ ਆਮ ਤੌਰ 'ਤੇ ਸਾਹਿਤਕ ਸਮਾਗਮ ਮੁੱਕਣ ਤੋਂ ਬਾਅਦ ਚਾਹ ਦੇ ਕੱਪ ਜਾਂ ਕਿਸੇ ਅਹਾਤੇ ਦੀ ਮੇਜ਼ ਉੱਤੇ ਹੁੰਦੀਆਂ ਹਨ?

'ਖਿੱਦੋ' ਦੀਆਂ ਰੰਗ-ਬਰੰਗੀਆਂ ਲੀਰਾਂ ਨੂੰ ਖੋਲ੍ਹਦੇ ਜਾਓ ਤਾਂ ਹਰ ਲੀਰ ਕਿਸੇ ਨਾ ਕਿਸੇ ਚਿਹਰੇ, ਕਿਸੇ ਰਿਸ਼ਤੇ, ਕਿਸੇ ਗਰੁੱਪ, ਕਿਸੇ ਸਾਹਿਤਕ ਧੜੇ ਜਾਂ ਕਿਸੇ ਅੰਦਰੂਨੀ ਖਿੱਚੋਤਾਣ ਨਾਲ ਜੁੜੀ ਦਿਖਾਈ ਦਿੰਦੀ ਹੈ। ਪਰ ਇਹਨਾਂ ਲੀਰਾਂ ਵਿੱਚੋਂ ਪਾਠਕ ਦੇ ਹੱਥ ਕੀ ਆਉਂਦਾ ਹੈ ? ਇਹ ਸਭ ਤੋਂ ਵੱਡਾ ਸਵਾਲ ਹੈ।

ਮੇਰੇ ਲਈ ਇਹ ਰਵਾਇਤੀ ਅਰਥਾਂ ਵਿੱਚ ਨਾਵਲ ਨਹੀਂ ਜਾਪਦਾ। ਇਹ ਇੱਕ ਅਜਿਹੀ ਸਾਹਿਤਕ ਰਚਨਾ ਜਾਪਦੀ ਹੈ ਜਿਸ ਵਿੱਚ ਕਥਾ ਨਾਲੋਂ ਚਰਚਾ, ਪਾਤਰਾਂ ਨਾਲੋਂ ਚਿਹਰੇ ਅਤੇ ਸਾਹਿਤ ਨਾਲੋਂ ਸਾਹਿਤਕ ਹਲਕਿਆਂ ਦੀ ਅੰਦਰੂਨੀ ਰਾਜਨੀਤੀ ਵੱਧ ਮਹੱਤਵਪੂਰਨ ਹੋ ਜਾਂਦੀ ਹੈ।

*ਇਹ ਸਾਹਿਤ ਹੈ ਜਾਂ ਸਾਹਿਤਕ ਅਹਾਤਾ?*

ਸਾਹਿਤ ਦਾ ਕੰਮ ਸਿਰਫ਼ ਪਰਦੇ ਚਾਕ ਕਰਨਾ ਨਹੀਂ ਹੁੰਦਾ। ਸਾਹਿਤ ਦਾ ਕੰਮ ਇਹ ਵੀ ਹੈ ਕਿ ਪਰਦਾ ਹਟਣ ਤੋਂ ਬਾਅਦ ਮਨੁੱਖ ਨੂੰ ਆਪਣੇ ਚਿਹਰੇ ਨਾਲ ਰੂਬਰੂ ਕਰਵਾਏ। ਜੇ ਰਚਨਾ ਦਾ ਵੱਡਾ ਹਿੱਸਾ ਇਸ ਗੱਲ ਵਿੱਚ ਹੀ ਲੰਘ ਜਾਵੇ ਕਿ ਕੌਣ ਕਿਸ ਨਾਲ ਬੈਠਦਾ ਹੈ, ਕਿਸ ਨੇ ਕਿਸ ਨੂੰ ਸਨਮਾਨ ਦਿੱਤਾ, ਕਿਸ ਨੇ ਕਿਸ ਦੀ ਸਿਫ਼ਾਰਸ਼ ਕੀਤੀ, ਕੌਣ ਕਿਸ ਦੇ ਨੇੜੇ ਹੈ ਅਤੇ ਕੌਣ ਕਿਸ ਤੋਂ ਦੂਰ—ਤਾਂ ਫਿਰ ਸਾਹਿਤ ਕਿੱਥੇ ਰਹਿ ਜਾਂਦਾ ਹੈ?

ਸਾਹਿਤਕ ਹਲਕਿਆਂ ਵਿੱਚ ਵੀ ਆਪਣਾ ਇੱਕ ਹਮਾਮ ਹੈ। ਦੂਰੋਂ ਖੜ੍ਹੇ ਹੋ ਕੇ ਹਰ ਕੋਈ ਸਾਫ਼-ਸੁਥਰਾ ਦਿਖਾਈ ਦਿੰਦਾ ਹੈ। ਪਰ ਅੰਦਰ ਜਾਓ ਤਾਂ ਪਤਾ ਲੱਗਦਾ ਹੈ ਕਿ ਇਸ ਹਮਾਮ ਵਿੱਚ ਸਭ ਨੰਗੇ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਕਿਸੇ ਨੇ ਆਪਣੀ ਨੰਗੇਜ਼ੀ ਉੱਤੇ ਵਿਚਾਰਧਾਰਾ ਦਾ ਤੌਲੀਆ ਲਪੇਟਿਆ ਹੋਇਆ ਹੈ, ਕਿਸੇ ਨੇ ਇਨਾਮ ਦਾ, ਕਿਸੇ ਨੇ ਅਹੁਦੇ ਦਾ ਅਤੇ ਕਿਸੇ ਨੇ ਆਲੋਚਨਾ ਦਾ। ਪੁਰਸਕਾਰ ਜਾਂ ਪੁਰਸਕਾਰ ਦੀ ਰਾਜਨੀਤੀ?

*ਪੰਜਾਬੀ ਸਾਹਿਤ ਵਿੱਚ ਪੁਰਸਕਾਰਾਂ ਦੀ ਆਪਣੀ ਦੁਨੀਆ ਹੈ।*

ਕਦੇ ਪੁਰਸਕਾਰ ਲੇਖਕ ਦੀ ਰਚਨਾ ਦੀ ਪਹਿਚਾਣ ਹੁੰਦਾ ਸੀ। ਹੁਣ ਕਈ ਵਾਰ ਇਉਂ ਲੱਗਦਾ ਹੈ ਕਿ ਪੁਰਸਕਾਰ ਆਪ ਲੇਖਕ ਦੀ ਪਹਿਚਾਣ ਬਣ ਗਿਆ ਹੈ। ਜਿਸ ਨੂੰ ਪੁਰਸਕਾਰ ਮਿਲ ਗਿਆ, ਉਹ ਮਹਾਨ।

ਜਿਸ ਨੂੰ ਨਾ ਮਿਲਿਆ—ਉਹ ਪ੍ਰੇਸ਼ਾਨ। ਜਿਸ ਨੂੰ ਮਿਲਣ ਦੀ ਆਸ ਹੈ—ਉਹ ਸਿਫ਼ਾਰਸ਼ਾਂ ਦੀ ਭਾਲ ਵਿੱਚ।

ਅਤੇ ਜਿਹੜਾ ਇਨ੍ਹਾਂ ਸਭ ਤੋਂ ਬਾਹਰ ਖੜ੍ਹਾ ਹੈ—ਉਹ ਸਵਾਲ ਕਰ ਰਿਹਾ ਹੈ।

ਅਕਸਰ ਪੁਰਸਕਾਰ ਮਿਲਣ ਦੀ ਖ਼ਬਰ ਲੇਖਕ ਨੂੰ ਪਹਿਲਾਂ ਮੀਡੀਆ ਰਾਹੀਂ ਮਿਲਦੀ ਹੈ! ਫਿਰ ਇਹ ਬੜੀ ਨਿਮਰਤਾ ਨਾਲ ਕਿਹਾ ਜਾਂਦਾ ਹੈ ਕਿ "ਮੈਨੂੰ ਤਾਂ ਮੀਡੀਆ ਰਾਹੀਂ ਹੀ ਪਤਾ ਲੱਗਾ।"




ਪਰ ਪੁਰਸਕਾਰ ਤੱਕ ਪਹੁੰਚਣ ਵਾਲੇ ਰਸਤੇ ਦੀ ਕਹਾਣੀ ਕੌਣ ਦੱਸੇ?

*ਸਾਹਿਤ ਵਿੱਚ ਵੀ ਅਹੁਦਿਆਂ ਦੀ ਭੁੱਖ !*

ਸਾਹਿਤਕਾਰ ਜਦੋਂ ਲੇਖਕ ਤੋਂ ਵੱਧ ਅਹੁਦੇ ਦਾ ਉਮੀਦਵਾਰ ਬਣ ਜਾਵੇ ਤਾਂ ਸਵਾਲ ਉੱਠਣਾ ਸੁਭਾਵਿਕ ਹੈ।

ਕਿਸੇ ਨੇ ਚੇਅਰਮੈਨ ਬਣਨਾ ਹੈ, ਕਿਸੇ ਨੇ ਪ੍ਰਧਾਨ, ਕਿਸੇ ਨੇ ਡਾਇਰੈਕਟਰ। ਕੋਈ ਸਰਕਾਰੀ ਕਮੇਟੀ ਵਿੱਚ ਥਾਂ ਲੱਭ ਰਿਹਾ ਹੈ, ਕੋਈ ਬੋਰਡ ਵਿੱਚ। ਕਈ ਵਾਰ ਸਾਹਿਤਕ ਯੋਗਤਾ ਨਾਲੋਂ ਸਿਆਸੀ ਨੇੜਤਾ ਵੱਧ ਕੰਮ ਆਉਂਦੀ ਦਿਖਾਈ ਦਿੰਦੀ ਹੈ। ਇਹ ਬਿਮਾਰੀ ਸਿਰਫ਼ ਸਿਆਸਤ ਵਿੱਚ ਨਹੀਂ। ਸਾਹਿਤ ਵੀ ਇਸ ਤੋਂ ਮੁਕਤ ਨਹੀਂ।

ਇਹੀ ਕਾਰਨ ਹੈ ਕਿ ਕਈ ਵਾਰ ਲੇਖਕ ਦੀ ਕਲਮ ਉਸ ਦੇ ਪਾਠਕਾਂ ਲਈ ਨਹੀਂ, ਕਿਸੇ ਕਮੇਟੀ ਦੇ ਮੈਂਬਰ ਲਈ ਲਿਖਦੀ ਮਹਿਸੂਸ ਹੁੰਦੀ ਹੈ।

*ਕਿਤਾਬਾਂ ਨਾਲੋਂ ਯਾਰੀਆਂ ਮਹਿੰਗੀਆਂ !*

ਇੱਕ ਹੋਰ ਨਵਾਂ ਸਾਹਿਤਕ ਰੁਝਾਨ ਹੈ—ਵੱਡੇ ਕਵੀ, ਕਹਾਣੀਕਾਰ, ਨਾਵਲਕਾਰ ਜਾਂ ਆਲੋਚਕ ਨਾਲ ਯਾਰਾਨਾ।

ਯਾਰਾਨਾ ਹੁਣ ਸਿਰਫ਼ ਦੋਸਤੀ ਨਹੀਂ ਰਹੀ, ਕਈ ਵਾਰ ਇਹ ਸਟੇਟਸ ਸਿੰਬਲ ਬਣ ਜਾਂਦੀ ਹੈ।

"ਫਲਾਣੇ ਸਾਹਿਬ ਮੇਰੇ ਮਿੱਤਰ ਹਨ।"

"ਫਲਾਣੇ ਲੇਖਕ ਨਾਲ ਮੇਰੀ ਬੜੀ ਨੇੜਤਾ ਹੈ।"

"ਉਹਨਾਂ ਨੇ ਮੈਨੂੰ ਆਪਣੀ ਕਿਤਾਬ ਭੇਜੀ ਹੈ।"

ਫਿਰ ਮੁਫ਼ਤ ਦੀਆਂ ਕਿਤਾਬਾਂ ਆਉਂਦੀਆਂ ਹਨ, ਤਸਵੀਰਾਂ ਖਿੱਚਦੀਆਂ ਹਨ, ਜਾਣ-ਪਛਾਣ ਵਧਦੀ ਹੈ ਅਤੇ ਸਾਹਿਤਕ ਰਿਸ਼ਤੇ ਹੌਲੀ-ਹੌਲੀ ਸਾਹਿਤਕ ਨੈੱਟਵਰਕ ਬਣ ਜਾਂਦੇ ਹਨ।

ਸਵਾਲ ਇਹ ਹੈ ਕਿ ਅਸੀਂ ਕਿਤਾਬ ਪੜ੍ਹਦੇ ਹਾਂ ਜਾਂ ਕਿਤਾਬ ਦੇ ਲੇਖਕ ਨਾਲ ਆਪਣਾ ਰਿਸ਼ਤਾ, ਬਣਾਉਣ ਦਾ ਯਤਨ ਕਰਦੇ ਹਾਂ। ਆਲੋਚਨਾ ਵੀ ਕਈ ਵਾਰ ਆਪਣਾ ਪੈਰਾਡਾਈਮ ਲੈ ਕੇ ਆਉਂਦੀ ਹੈ

ਸੁਤਿੰਦਰ ਨੂਰ ਵਰਗੇ ਆਲੋਚਕ ਜਦੋਂ ਕਿਸੇ ਰਚਨਾ ਬਾਰੇ ਲਿਖਦੇ ਸਨ ਤਾਂ ਆਪਣਾ ਇੱਕ ਪੈਰਾਡਾਈਮ ਲੈ ਕੇ ਆਉਂਦੇ ਸਨ। ਪਰ ਅੱਜ ਦੇ ਸਮੇਂ ਵਿੱਚ ਕਈ ਵਾਰ ਆਲੋਚਨਾ ਵੀ ਰਚਨਾ ਨੂੰ ਸਮਝਣ ਨਾਲੋਂ ਉਸ ਨੂੰ ਕਿਸੇ ਤਿਆਰ ਕੀਤੇ ਖਾਨੇ ਵਿੱਚ ਫਿੱਟ ਕਰਨ ਦੀ ਕੋਸ਼ਿਸ਼ ਜਾਪਦੀ ਹੈ।

ਰਚਨਾ ਛੋਟੀ ਹੋਵੇ ਜਾਂ ਵੱਡੀ—ਉਸ ਉੱਤੇ ਭਾਰੀ-ਭਰਕਮ ਸ਼ਬਦਾਵਲੀ ਦਾ ਚੋਗਾ ਪਾ ਦਿੱਤਾ ਜਾਂਦਾ ਹੈ। ਪਾਠਕ ਹੈਰਾਨ ਖੜ੍ਹਾ ਰਹਿ ਜਾਂਦਾ ਹੈ ਕਿ ਮੈਂ ਕਿਤਾਬ ਪੜ੍ਹੀ ਹੈ ਜਾਂ ਆਲੋਚਨਾ ਦੀ ਸ਼ਬਦਾਵਲੀ ਦਾ ਇਮਤਿਹਾਨ ਦਿੱਤਾ ਹੈ?

*ਅਦਾਲਤ ਤੱਕ ਪਹੁੰਚਿਆ ਸਾਹਿਤਕ ਵਿਵਾਦ !*

ਪੁਰਸਕਾਰਾਂ ਅਤੇ ਸੰਸਥਾਵਾਂ ਦੀ ਕਾਰਗੁਜ਼ਾਰੀ ਬਾਰੇ ਉੱਠੇ ਵਿਵਾਦਾਂ ਦਾ ਅਦਾਲਤਾਂ ਤੱਕ ਜਾਣਾ ਵੀ ਸਾਡੇ ਸਾਹਿਤਕ ਪ੍ਰਬੰਧ ਉੱਤੇ ਗੰਭੀਰ ਸਵਾਲ ਖੜ੍ਹਾ ਕਰਦਾ ਹੈ।

ਜੇ ਪੁਰਸਕਾਰਾਂ ਦੀ ਚੋਣ ਪ੍ਰਕਿਰਿਆ ਪਾਰਦਰਸ਼ੀ ਹੈ ਤਾਂ ਡਰ ਕਿਹੜਾ?

ਜੇ ਸਭ ਕੁਝ ਨਿਯਮਾਂ ਅਨੁਸਾਰ ਹੈ ਤਾਂ ਸਵਾਲਾਂ ਤੋਂ ਘਬਰਾਹਟ ਕਿਉਂ?

ਸਾਹਿਤਕ ਸੰਸਥਾਵਾਂ ਨੂੰ ਇਹ ਸਮਝਣਾ ਪਵੇਗਾ ਕਿ ਪੁਰਸਕਾਰ ਕਿਸੇ ਵਿਅਕਤੀ ਦੀ ਜਾਇਦਾਦ ਨਹੀਂ, ਸਾਹਿਤਕ ਭਾਈਚਾਰੇ ਦਾ ਵਿਸ਼ਵਾਸ ਹੁੰਦੇ ਹਨ।

ਜਦੋਂ ਇਹ ਵਿਸ਼ਵਾਸ ਟੁੱਟਦਾ ਹੈ ਤਾਂ ਪੁਰਸਕਾਰ ਦੀ ਚਮਕ ਵੀ ਮੱਧਮ ਪੈ ਜਾਂਦੀ ਹੈ।

*ਪਰ 'ਖਿੱਦੋ' ਦਾ ਸਭ ਤੋਂ ਵੱਡਾ ਸਵਾਲ ਕੀ ਹੈ?*

ਮੇਰੇ ਲਈ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਇਸ ਵਿੱਚ ਕਿਸ ਦੀ ਗੱਲ ਹੈ। ਸਵਾਲ ਇਹ ਹੈ ਕਿ ਇਸ ਵਿੱਚੋਂ ਪੰਜਾਬੀ ਪਾਠਕ ਲਈ ਕੀ ਬਚਦਾ ਹੈ? ਕੀ ਕੋਈ ਨਵੀਂ ਸਮਾਜਕ ਸੂਝ? ਕੀ ਕੋਈ ਨਵਾਂ ਮਨੁੱਖੀ ਸੱਚ? ਕੀ ਕੋਈ ਯਾਦ ਰਹਿ ਜਾਣ ਵਾਲਾ ਪਾਤਰ? ਕੀ ਕੋਈ ਵਿਚਾਰ ਜੋ ਪਾਠਕ ਦੇ ਅੰਦਰ ਲੰਮੇ ਸਮੇਂ ਤੱਕ ਚੱਲੇ? ਜੇ ਨਹੀਂ, ਤਾਂ ਫਿਰ ਰੰਗ-ਬਰੰਗੀਆਂ ਲੀਰਾਂ ਦਾ ਢੇਰ ਕਿੰਨਾ ਵੀ ਵੱਡਾ ਹੋਵੇ, ਉਸ ਨੂੰ ਖਿੱਦੋ ਕਹਿਣ ਨਾਲ ਉਹ ਆਪਣੇ ਆਪ ਸਾਹਿਤਕ ਕਲਾ ਨਹੀਂ ਬਣ ਜਾਂਦਾ।

*ਸਾਹਿਤ ਕਿਸ ਲਈ?*

ਅੱਜ ਦਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਕਈ ਲੇਖਕ ਆਮ ਪਾਠਕ ਨਾਲੋਂ ਸਾਹਿਤਕ ਹਲਕਿਆਂ ਨੂੰ ਵੱਧ ਸੰਬੋਧਿਤ ਕਰ ਰਹੇ ਹਨ। ਇਨਾਮ ਮਿਲਦਾ ਹੈ—ਚਰਚਾ ਖ਼ਤਮ। ਅਹੁਦਾ ਮਿਲਦਾ ਹੈ—ਚੁੱਪ। ਸਨਮਾਨ ਮਿਲਦਾ ਹੈ—ਸੰਤੁਸ਼ਟੀ।

ਪਰ ਜਿਸ ਕਿਸਾਨ ਦੀ ਜ਼ਮੀਨ ਸੁੱਕ ਰਹੀ ਹੈ, ਜਿਸ ਨੌਜਵਾਨ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ, ਜਿਸ ਪਰਿਵਾਰ ਦਾ ਬੱਚਾ ਵਿਦੇਸ਼ ਜਾਣ ਲਈ ਕਰਜ਼ਾ ਚੁੱਕ ਰਿਹਾ ਹੈ, ਜਿਸ ਮਜ਼ਦੂਰ ਦੀ ਜ਼ਿੰਦਗੀ ਮੁਸ਼ਕਲ ਹੈ—ਉਸ ਦੇ ਦੁੱਖ ਨਾਲ ਸਾਹਿਤ ਦਾ ਰਿਸ਼ਤਾ ਕਿੱਥੇ ਹੈ?

ਜੇ ਸਾਹਿਤ ਲੋਕਾਂ ਦੇ ਦੁੱਖ ਤੋਂ ਦੂਰ ਹੋ ਗਿਆ ਤਾਂ ਉਹ ਸਾਹਿਤਕ ਸਮਾਗਮਾਂ ਦੀ ਸਜਾਵਟ ਤਾਂ ਹੋ ਸਕਦਾ ਹੈ, ਲੋਕਾਂ ਦੀ ਆਵਾਜ਼ ਨਹੀਂ।

ਦੀਦਾਰ ਸੰਧੂ ਦੀਆਂ ਲੋਕ-ਧੁਨਾਂ ਵਿੱਚ ਇੱਕ ਗਹਿਰਾ ਵਿਅੰਗ ਸੀ—ਕੁਝ ਲੋਕ ਖੱਟਦੇ ਰਹੇ ਤੇ ਕੁਝ ਸਿਰਫ਼ ਭਾਅ ਪੁੱਛਦੇ ਰਹੇ। ਅੱਜ ਸਾਹਿਤ ਵਿੱਚ ਵੀ ਕਈ ਵਾਰ ਇਹੋ ਜਿਹਾ ਦ੍ਰਿਸ਼ ਦਿਖਾਈ ਦਿੰਦਾ ਹੈ।

ਕੋਈ ਪੁਰਸਕਾਰ ਖੱਟ ਗਿਆ।

ਕੋਈ ਅਹੁਦਾ ਖੱਟ ਗਿਆ।

ਕੋਈ ਸਿਫ਼ਾਰਸ਼ ਖੱਟ ਗਿਆ।

ਕੋਈ ਯਾਰੀ ਖੱਟ ਗਿਆ।

ਅਤੇ ਪਾਠਕ?

ਉਹ ਅਜੇ ਵੀ ਭਾਅ ਪੁੱਛ ਰਿਹਾ ਹੈ।

ਅਖੀਰ ਵਿੱਚ

ਮੈਂ ਵੀ ਇਸ ਸਾਹਿਤਕ ਦੌੜ ਦਾ ਕੋਈ ਜੇਤੂ ਨਹੀਂ। ਸ਼ਾਇਦ ਇਸੇ ਕਰਕੇ ਮੇਰੀ ਕਲਮ ਕਈਆਂ ਨੂੰ ਚੁਭਦੀ ਹੈ।

ਜਿਹੜੇ ਪਰਦੇ ਚਾਕ ਕਰਦਾ ਹੈ, ਉਹ ਸਾਹਿਤਕ ਹਲਕਿਆਂ ਵਿੱਚ ਕਿੱਥੇ ਪਿਆਰਾ ਰਹਿੰਦਾ ਹੈ?

ਪਰ ਇੱਕ ਗੱਲ ਜ਼ਰੂਰ ਹੈ—ਹੱਟੀਆਂ-ਭੱਠੀਆਂ ਤੋਂ ਲੈ ਕੇ ਸਾਹਿਤਕ ਸਮਾਗਮਾਂ ਤੱਕ 'ਬੁੱਧ ਬਾਣ' ਦੀਆਂ ਗੱਲਾਂ ਹੁੰਦੀਆਂ ਹਨ। ਲੋਕ ਪੁੱਛਦੇ ਹਨ—ਕੋਈ ਤਾਂ ਹੈ ਜਿਹੜਾ ਅੰਦਰ ਦੀ ਗੱਲ ਬਾਹਰ ਕੱਢਦਾ ਹੈ।

ਇਹੀ ਮੇਰੇ ਲਈ ਸਭ ਤੋਂ ਵੱਡਾ ਸਨਮਾਨ ਹੈ।

ਪੁਰਸਕਾਰ ਮਿਲੇ ਜਾਂ ਨਾ ਮਿਲੇ—

ਕਲਮ ਨੂੰ ਆਪਣਾ ਜ਼ਮੀਰ ਨਹੀਂ ਵੇਚਣਾ ਚਾਹੀਦਾ।

ਕਿਉਂਕਿ ਪੁਰਸਕਾਰ ਦੀ ਚਮਕ ਕੁਝ ਸਮੇਂ ਲਈ ਹੁੰਦੀ ਹੈ,

ਪਰ ਸੱਚ ਦੀ ਆਵਾਜ਼ ਸਮੇਂ ਤੋਂ ਪਾਰ ਜਾਂਦੀ ਹੈ।

'ਖਿੱਦੋ' ਦੀਆਂ ਲੀਰਾਂ ਕਿੰਨੀਆਂ ਵੀ ਰੰਗੀਨ ਹੋਣ, ਜੇ ਉਹਨਾਂ ਵਿੱਚੋਂ ਸਾਹਿਤ ਦੀ ਖੁਸ਼ਬੂ ਨਹੀਂ ਆਉਂਦੀ ਤਾਂ ਪਾਠਕ ਨੂੰ ਪੁੱਛਣ ਦਾ ਹੱਕ ਹੈ—

ਇਹ ਖਿੱਦੋ ਹੈ ਜਾਂ ਗੰਦੀਆਂ ਲੀਰਾਂ ਦਾ ਢੇਰ?

ਦੂਰੋਂ ਦੇਖਿਆ—ਸਭ ਚੰਗੇ ਹਨ।

ਨੇੜੇ ਆ ਕੇ ਵੇਖਿਆ—ਇਸ ਹਮਾਮ ਵਿੱਚ ਸਭ ਨੰਗੇ ਹਨ।

# ਸੰਧਾਰਾ



ਅਜੇ ਚਾਹ ਰੱਖੀ ਹੀ ਸੀ, ਗੱਡੀ ਦੀ ਆਵਾਜ ਆਈ, ਮੇਰੀ ਸੱਸ ਮੇਰੇ ਤੋਂ ਪਹਿਲਾਂ ਗੱਡੀ ਕੋਲ ਜਾ ਖੜੀ ਹੋਈ ਅਤੇ ਮੇਰੇ ਭਰਾ ਦਾ ਸਿਰ ਪਲੋਸਦਿਆਂ ਮੈਨੂੰ ਆਵਾਜ ਮਾਰੀ, "ਰਾਜੇ... ਪੁੱਤ ਦੇਖ ਕੌਣ ਆਇਆ ?" ਮੈਂ ਭੱਜ ਕੇ ਮੇਰੇ ਭਰਾ ਨੂੰ ਜੱਫ਼ੀ ਪਾਈ ਅਤੇ ਕਿਹਾ, "ਵੀਰ ਤੁਸੀਂ ਫੋਨ ਤੇ ਦੱਸਿਆ ਹੀ ਨਹੀਂ, ਅੱਜ ਆਉਣ ਬਾਰੇ "

"ਮੈਂ ਸੋਚਿਆ, ਇਸ ਵਾਰ ਬਿਨਾਂ ਦੱਸੇ ਰਾਜੋ ਨੂੰ ਅਚੰਭਿਤ ਕਰਨੈ", ਵੀਰ ਗੱਡੀ 'ਚੋਂ ਸੰਧਾਰਾ ਉਤਾਰਦਾ ਹੋਇਆ ਬੋਲਿਆ

"ਨਹੀਂ ਵੀਰ ਸਾਉਣ ਚੜ੍ਹ ਗਿਆ, ਮੈਨੂੰ ਪੂਰੀ ਉਡੀਕ ਹੋ ਜਾਂਦੀ ਐ..।"

"ਰਾਜੋ, ਤੇਰੀ ਸੱਸ ਬੜੀ ਚੰਗੀ ਐ ।" ਵੀਰ ਹੌਲ਼ੀ ਜਿਹੀ ਬੋਲਿਆ ।

"ਵਾਹ ! ਵੀਰ ਜੇ ਤੇਰਾ ਸਿਰ ਪਲੋਸਤਾ, ਬਹੁਤ ਚੰਗੀ ਹੋ ਗਈ.... ਨਾਹ .. ਨਾਹ .. ਨਾਹ...ਸੱਸਾਂ ਤਾਂ ਇਹ ਕਹਿੰਦੀਆਂ ਨੇ :

ਤੈਨੂੰ ਤੀਆਂ ਤੇ ਲੈਣ ਨਾ ਆਏ
ਨੀਂ ਬਹੁਤਿਆਂ ਭਰਾਵਾਂ ਵਾਲੀਏ।"

"ਮਾਸੀ ਲਗਦੀ ਤਾਂ ਬਹੁਤ ਸ਼ਰੀਫ ਤੇ ਕੋਮਲ ਸੁਭਾਅ ਦੀ ਐ, ਮਿਹਣੇ ਦੇਣ ਵਾਲਿਆਂ 'ਚ ਨਹੀਂ ਲਗਦੀ।"

"ਹਾਂ... ਵੀਰ.. ਹਾਂ,

ਤੂੰ ਸਹੀ ਪਹਿਚਾਣਿਆ, ਮੇਰੀ ਸੱਸ ਵਰਗੀਆਂ ਤਾਂ ਸਭ ਦੀਆਂ ਸੱਸਾਂ ਹੋਣ, ਦੋ ਮਹੀਨੇ ਨਹੀਂ ਲੰਘਣ ਦਿੰਦੀ ਨਵੇਂ ਰਿਵਾਜ ਦਾ ਸੂਟ ਮੇਰੇ ਲਈ ਆ ਜਾਂਦੈ, ਕਦੇ ਹਾਰ – ਸ਼ਿੰਗਾਰ ਤੋਂ ਨਹੀਂ ਤਰਸਣ ਦਿੱਤਾ, ਮੈਨੂੰ ਆਪਣੇ ਪੁੱਤ ਵਾਂਗ ਖਾਣ –ਪੀਣ ਦਾ ਧਿਆਨ ਰੱਖਦੀ ਹੈ ।"

"ਆਹੋ ! ਇਸ ਕਰਕੇ ਤੂੰ ਮਾਂ ਨੂੰ ਵੀ ਭੁੱਲ ਗਈ ਰਾਜੋ?" ਮੁਸਕਰਾਉਂਦੇ ਹੋਏ ਵੀਰ ਨੇ ਕਿਹਾ।

"ਨਹੀਂ ਵੀਰ, ਉਹ ਤਾਂ ਜਨਮ ਦੇਣ ਵਾਲੀ ਮਾਂ ਐ, ਅਸਲ ਮਾਂ ਤਾਂ ਇਹ ਐ... ਬਹੁਤ ਪਿਆਰ ਕਰਦੀ ਐ ਮਾਂ ਵਾਂਗ ।" ਰਾਜੋ ਨੇ ਕਿਹਾ।

"ਕੌਣ ਪਿਆਰ ਕਰਦੈ ਮੇਰੀ ਰਾਜੋ ਨੂੰ ।" ਚਾਹ ਨਾਲ ਬਿਸਕੁਟ, ਮੱਠੀਆਂ ਲੈ ਕੇ ਆਉਂਦੀ ਹੋਈ ਰਾਜੋ ਦੀ ਸੱਸ ਬੋਲੀ।

"ਜੀ ਮੰਮੀ ਤੁਹਾਡੀ ਗੱਲ ਕਰਦੀ ਸੀ, ਵੀਰਾ ਮੈਨੂੰ ਸਾਉਣ ਮਹੀਨੇ ਕਰਕੇ ਲੈ ਕੇ ਜਾਣ ਦੀ ਗੱਲ ਕਰ ਰਿਹੈ।" ਰਾਜੋ ਨੇ ਹੱਸਦਿਆਂ ਹੋਇਆਂ ਕਿਹਾ।

"ਪੁੱਤ! ਸਾਡਾ ਜੀਅ ਨਹੀਂ ਲਗਦਾ, ਤੈਥੋਂ ਬਿਨਾਂ ਜੇ ਜਾਏਂਗੀ ਆਪਦੀ ਸੱਸ ਨੂੰ ਨਾਲ ਲੈ ਜਾਈਂ ।" ਰਾਜੋ ਦੀ ਸੱਸ ਨੇ ਜਵਾਬ ਦਿੱਤਾ।

"ਦੇਖਿਆ ਰਾਜੋ ਮੈਂ ਕੀ ਕਿਹਾ ਸੀ, ਮਾਸੀ ਤਾਂ ਤੇਰੇ ਬਿਨਾਂ ਰਹਿ ਨਹੀਂ ਸਕਦੀ, ਤੈਨੂੰ ਬਹੁਤ ਪਿਆਰ ਕਰਦੀ ਐ।" ਵੀਰ ਨੇ ਕਿਹਾ।

"ਹਾਂ ਵੀਰ, ਮੈਂ ਤਾਂ ਤੈਨੂੰ ਮਜਾਕ ਕਰਦੀ ਸੀ ਕਿ ਮੇਰੀ ਸੱਸ ਮਿਹਣੇ ਮਾਰਦੀ ਐ।" ਰਾਜੋ ਨੇ ਕਿਹਾ।

ਸਹੀ ਐ ਰਾਜੋ ਜੋ ਅੱਜ ਕੱਲ ਦੇ ਜਮਾਨੇ ਦੀਆਂ ਨੂੰਹਾਂ ਨਾਲ ਐਡਜਸਟਮੈਂਟ ਕਰਦੀਆਂ ਨੇ, ਉਹਨਾਂ ਦੀਆਂ ਨੂੰਹਾਂ ਵੀ ਘਰ ਨੂੰ ਸੰਭਾਲਦੀਆਂ ਨੇ।.... ਰਾਜੋ, ਆਪਣੀ ਮਾਂ ਨੂੰ ਵੀ ਸਮਝਾਕੇ ਆ, ਜੋਤੀ ਨਾਲ ਅਡਜਸਟਮੈਂਟ ਕਰੇ ।" ਵੀਰ ਨੇ ਭੈਣ ਕੋਲ ਦਰਦ ਫਰੋਲਦਿਆਂ ਕਿਹਾ।

ਠੀਕ ਐ , ਵੀਰ ਮੈਂ ਮੰਮੀ ਨੂੰ ਪੁੱਛ ਕੇ ਤੇਰੇ ਨਾਲ ਹੀ ਜਾਵਾਂਗੀ, ਮਾਂ ਨੇ ਆਪਾਂ ਨੂੰ ਬਹੁਤ ਵਧੀਆ ਸੰਸਕਾਰ ਦਿੱਤੇ ਹੋਏ ਨੇ । ਆਪਾਂ ਜੋਤੀ ਨੂੰ ਸਮਝਾਵਾਂਗੇ, ਜੋ ਮਾਂ ਵਿਹੂਣੀ ਨੂੰ ਮਾਂ ਦਾ ਪਿਆਰ ਅਤੇ ਵਧੀਆ ਸੰਸਕਾਰ ਨਹੀਂ ਮਿਲੇ।

ਨਿਰਲੇਪ ਕੌਰ ਸੇਖੋਂ

**CANADIAN TRUCK TRAINING CENTRE**






ਹਰਪਾਲ ਸਿੰਘ ਮਾਨ

ਤਸੱਲੀਬਖ਼ਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਕੈਬਨਿਟ ਮੰਤਰੀ ਦਾ 'ਬਾਲਟੀ ਨੁਸਖ਼ਾ'



ਚਰਨਜੀਤ ਭੁੱਲਰ

ਚੰਡੀਗੜ੍ਹ : ਸਿਆਣਪ ਕਿਤੋਂ ਵੀ ਮਿਲੇ, ਲੈ ਲੈਣੀ ਚਾਹੀਦੀ ਹੈ। ਦੂਸਰੀ ਦਫਾ ਹੈ ਕਿ ਜਦੋਂ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਵਿਧਾਨ ਸਭਾ 'ਚ ਗਿਆਨ ਦੀ ਗੰਗਾ ਵਗਾਈ ਹੈ। ਹੁਣ ਜੇ ਕੋਈ ਵਗਦੀ ਗੰਗਾ 'ਚ ਹੱਥ ਨਾ ਧੋਵੇ, ਫਿਰ ਗੋਇਲ ਵਿਚਾਰਾ ਕੀ ਕਰੇ? ਮੰਤਰੀ ਜਨ ਇੰਜ ਫ਼ਰਮਾਏ, "ਮੈਂ ਤਾਂ ਅੱਧੀ ਬਾਲਟੀ ਪਾਣੀ ਨਾਲ ਨਹਾ ਲੈਣਾ, ਹਫ਼ਤੇ ਦਸ ਦਿਨਾਂ ਮਗਰੋਂ ਇੱਕ ਦਿਨ ਸਾਬਣ ਲਾਈਦੀ ਐ।' ਸਦਨ 'ਚ ਮੰਤਰੀ ਜੀ ਪਾਣੀ ਦੀ ਬੱਚਤ ਦੇ ਨੁਸਖ਼ੇ ਦੱਸ ਰਹੇ ਸਨ। "ਮੈਂ ਤੁਰਦਾ ਹਾਂ ਤਾਂ ਰਾਹ ਬਣਦੇ ਨੇ", ਪਾਤਰ ਨੂੰ ਧਿਆ ਕੇ ਗੋਇਲ ਸਾਹਿਬ 'ਬਾਲਟੀ ਨੁਸਖਾ' ਰੱਖ ਤੁਰਦੇ ਬਣੇ। ਨਾਲੇ ਪਾਣੀ ਦੀ ਬੱਚਤ, ਨਾਲੇ ਸਾਬਣ ਦੀ।

ਲੇਖਕ ਗੁਲਜ਼ਾਰ ਸੰਧੂ ਆਖਦੇ ਨੇ, "ਸਾਡੀ ਬੇਬੇ ਇੱਕ ਗੜਵੀ ਪਾਣੀ ਨਾਲ ਨਹਾ ਲੈਂਦੀ ਸੀ।" ਅਸੀਂ ਆਪਣਾ ਖ਼ਾਸਾ ਹੀ ਭੁੱਲ ਬੈਠੇ ਹਾਂ। ਪਿਛਾਂਹ ਚੱਲਦੇ ਹਾਂ ਜਦੋਂ ਗੂੰਜ ਪੈਂਦੀ ਹੁੰਦੀ ਸੀ: ਸ਼ਰਬਤ ਵਰਗਾ ਪਾਣੀ, ਸੰਤਾਂ ਦੀ ਖੂਹੀ ਦਾ। ਪਾਣੀ ਘੱਟ ਡੂੰਘੇ ਸਨ, ਸੋਚ ਡੂੰਘੀ ਸੀ। ਗੁਰਦਾਸ ਮਾਨ ਨੇ ਸੱਚ ਗਾਇਆ, 'ਮੱਝਾਂ ਦੀਆਂ ਪੂਛਾਂ ਫੜ ਕੇ ਤਾਰੀ ਲਾਉਣ ਦੀਆਂ'। ਛੱਪੜਾਂ 'ਚ ਨਾਲੇ ਮਸਤੀ, ਨਾਲੋ ਨਾਲ ਨਹਾਉਣ ਹੋ ਜਾਂਦਾ। ਜਿਨ੍ਹਾਂ ਨੂੰ ਮੂੰਹ-ਹੱਥ ਧੋਣ ਦਾ ਵੈਲ ਸੀ ਉਹ ਆਖਦੇ, "ਨ੍ਹਾਵੇ ਨਰਕ ਨੂੰ ਜਾਵੇ।" ਗ਼ਰੀਬ ਬੰਦੇ ਆਖਦੇ, "ਮੂੰਹ ਧੋਵੇ, ਰੋਜੀ ਖੋਵੇ।"




ਸੁਸਤ ਪ੍ਰਸ਼ਾਦ ਦੋਵੇਂ ਪੈਰ ਤੇ ਦੋਵੇਂ ਹੱਥ ਧੋ ਕੇ, ਮੂੰਹ 'ਤੇ ਛਿੱਟੇ ਮਾਰ ਆਖਦੇ ਨੇ, "ਪੰਜ ਇਸ਼ਨਾਨਾਂ ਕਿਹੜਾ ਸੌਖੈ।" ਪੰਜ ਇਸ਼ਨਾਨਾਂ-ਮਹਾਂ ਗਿਆਨਾ, ਨਿੱਤ ਨ੍ਹਾਵੇ ਦਲਿੱਦਰੀ। ਇਕੇਰਾਂ ਮੀਂਹ ਪੁਆਉਣ ਲਈ ਬੀਬੀ ਰਾਜਿੰਦਰ ਕੌਰ ਭੱਠਲ ਨੇ ਔਰਤਾਂ ਨੂੰ ਨਾਲ ਲੈ ਕੇ ਗੁੱਡੀ ਫੂਕੀ ਸੀ। ਇੰਦਰ ਦੇਵਤਾ ਮਿਹਰਬਾਨ ਹੋਇਆ ਜਾਂ ਨਹੀਂ ਇਹ ਤਾਂ ਪਤਾ ਨਹੀਂ, ਪਰ ਬਰਿੰਦਰ ਗੋਇਲ ਨੇ ਲਹਿਰੇਗਾਗੇ ਤੋਂ ਬੀਬੀ ਦੀ ਝੋਲੀ ਆਪਣੇ ਕਰ ਕਮਲਾਂ ਨਾਲ 'ਹਾਰ' ਪਾਈ। ਛੁਪੇ ਰੁਸਤਮ ਨਹੀਂ, ਗੋਇਲ ਸਾਹਬ ਬੱਚਤਖੋਰੇ ਜ਼ਰੂਰ ਨਿਕਲੇ ਜਿਨ੍ਹਾਂ ਦੀ ਘਾਲਣਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੂੰ ਹੁਣ 'ਤੁਪਕਾ ਨਹਾਈ ਯੋਜਨਾ' ਸ਼ੁਰੂ ਕਰਨੀ ਚਾਹੀਦੀ ਹੈ।

ਪਾਣੀ ਖਾਰੇ ਤੇ ਕਾਲੇ ਹੋਏ ਨੇ। ਹਮਾਮ 'ਚ ਸਭ ਨੰਗ ਧੜੰਗੇ ਨੇ, ਜਿਹੜੇ ਅਕਲ ਦੇ ਵੈਰੀ ਨੇ ਉਹ ਸਰੀਰ ਦੇ ਵੀ ਨੇ। ਮਲ ਮਲ ਕੇ ਨਹਾਉਂਦੇ ਨੇ, ਹੜ੍ਹ ਵਾਂਗ ਪਾਣੀ ਵਹਾਉਂਦੇ ਨੇ। 'ਪਾਣੀ ਭਗਤ' ਨਾ ਬਣੇ ਤਾਂ ਲਹਿਰਾਗਾਗਾ ਵਾਲਾ ਬਰਿੰਦਰ ਚੇਤੇ ਆਇਆ ਕਰੂ। ਸਰਕਾਰ ਜੀ! ਲੱਗਦੇ ਹੱਥ ਇੱਕ 'ਗੜਵੀ ਗਾਰੰਟੀ' ਵੀ ਸ਼ੁਰੂ ਕਰੋ। ਗੜਵੀ ਪਾਣੀ ਨਾਲ ਨਹਾਓ, ਸਰਕਾਰੀ ਘਰੋਂ ਮੁਫ਼ਤ 'ਚ ਗੜਵੀ ਪਾਓ।

ਜੇ ਸਰਕਾਰ ਟੇਲਾਂ ਤੱਕ ਪਾਣੀ ਪਹੁੰਚਾਉਂਦੀ ਐ ਤਾਂ ਸਿਆਣਾ ਬੰਦਾ ਗੜਵੀ ਪਾਣੀ ਦੀ ਗਿੱਟਿਆਂ ਤੱਕ ਤਾਂ ਪਹੁੰਚਾ ਹੀ ਸਕਦੈ। ਕਿਤੇ ਗੜਵੀ ਯੁੱਗ ਆ ਗਿਆ ਤਾਂ ਯੁਗਾਂਤਰਾਂ ਤੱਕ ਸਰਕਾਰ ਦੀ ਬੱਲੇ ਬੱਲੇ ਹੋਊ। 'ਅਕਲਾਂ ਬਾਝੋਂ ਖੂਹ ਖ਼ਾਲੀ। ਬਰਿੰਦਰ ਗੋਇਲ ਨੇ ਸਦਨ 'ਚ ਅਕਲਾਂ ਦੇ ਖੁੱਲ੍ਹੇ ਗੱਫੇ ਵਰਤਾਏ। ਜੇ ਕਿਸੇ ਨੇ ਹੱਥ ਪਿੱਛੇ ਖਿੱਚ ਲਏ ਤਾਂ ਗੋਇਲ ਦਾ ਕੀ ਕਸੂਰ? ਗੱਲ ਹੈ ਤਾਂ ਸੋਲ੍ਹਾਂ ਆਨੇ ਸੱਚ ਪਰ ਕੋਈ ਕਦਰ ਵੀ ਤਾਂ ਕਰੇ।

ਵਿਸ਼ਵੀ ਪੁਰਖੇ ਦੱਸਦੇ ਹਨ ਕਿ ਵਿਗਿਆਨੀ ਆਇੰਸਟਾਈਨ ਕਈ-ਕਈ ਦਿਨ ਨਹਾਉਂਦਾ ਨਹੀਂ ਸੀ, 'ਮੋਨਾਲਿਜ਼ਾ' ਤਸਵੀਰ ਦਾ ਰਚੇਤਾ ਲਿਓਨਾਰਡੋ ਦਿ ਵਿੰਚੀ ਤਾਂ ਅਕਸਰ ਨਹਾਉਣਾ ਭੁੱਲ ਜਾਂਦਾ ਸੀ। ਬਰਨਾਰਡ ਸ਼ਾਅ ਆਖਦਾ ਹੁੰਦਾ ਸੀ ਕਿ ਯਾਦ ਨਹੀਂ ਆਖ਼ਰੀ ਵਾਰ ਕਦੋਂ ਨ੍ਹਾਇਆ ਸੀ। ਜਦੋਂ ਠੰਢ ਸਿਖ਼ਰਾਂ 'ਤੇ ਹੁੰਦੀ ਹੈ, ਵੈਸੇ ਉਦੋਂ ਅਸਾਡੇ ਬਹੁਤੇ ਪੰਜਾਬੀ ਵੀ 'ਬਰਨਾਰਡ ਸ਼ਾਅ' ਹੀ ਬਣੇ ਹੁੰਦੇ ਨੇ। 'ਜੱਟ ਐਂਡ ਜੂਲੀਅਟ' 'ਚ ਦਿਲਜੀਤ ਦੁਸਾਂਝ ਆਖਦੈ, "ਬਈ! ਗੋਰੇ ਬਰਫ਼ ਪੈਣ ਕਰਕੇ ਨ੍ਹੀਂ ਨਹਾਉਂਦੇ, ਇੱਧਰ ਸਾਡੇ ਬਰਫ਼ ਵੀ ਨ੍ਹੀਂ ਪੈਂਦੀ ਅਸੀਂ ਫੇਰ ਵੀ ਨ੍ਹੀਂ ਨਹਾਉਂਦੇ।'

ਭਾਰਤੀ ਸੰਸਕ੍ਰਿਤੀ 'ਚ ਇਸ਼ਨਾਨ ਨੂੰ 'ਪਵਿੱਤਰ ਕਾਰਜ' ਸਮਝਿਆ ਜਾਂਦਾ ਹੈ। ਬੁੱਲ੍ਹੇ ਸ਼ਾਹ ਦੀ ਮਸੀਤ ਵੱਖਰੀ ਹੈ, "ਜੇ ਰੱਬ ਮਿਲਦਾ ਨ੍ਹਾਤਿਆਂ ਧੋਤਿਆਂ, ਮਿਲਦਾ ਡੱਡੂਆਂ ਮੱਛੀਆਂ...।" ਅਧਿਆਤਮ 'ਚ ਕਿਹਾ ਜਾਂਦਾ ਹੈ ਕਿ ਇਸ਼ਨਾਨ ਨਾਲ ਸਰੀਰ ਦੀ ਮੈਲ ਹੀ ਨਹੀਂ, ਮਨ ਦੀ ਮੈਲ ਵੀ ਧੋਤੀ ਜਾਂਦੀ ਹੈ, ਤਾਂ ਹੀ ਲੋਕ ਕੁੰਭ ਨਹਾਉਣ ਜਾਂਦੇ ਨੇ। ਸਿਆਸਤ 'ਚ ਮਾਇਆ ਦੀ ਨਦੀ 'ਚ ਚੁੱਭੀਆਂ ਲਾਉਣ ਦਾ ਰੋਗ ਪੁਰਾਣਾ ਹੈ। ਟਾਵੇਂ ਵਿਰਲੇ ਹੁੰਦੇ ਨੇ, ਜਿਹੜੇ ਮਾਇਆ ਦੇ ਸਮੁੰਦਰ ਕਿਨਾਰੇ ਤੋਂ ਫੋਕੀਆਂ ਲਹਿਰਾਂ ਦੇਖ ਪਰਤ ਆਉਂਦੇ ਨੇ। ਸਿਆਸੀ ਪੱਤਣਾਂ ਦੇ ਤਾਰੂ ਜਦ ਮਾਇਆ ਦੀ ਨਦੀ ਦੇ ਚਿੱਕੜ 'ਚ ਫਸ ਜਾਂਦੇ ਨੇ ਤਾਂ ਵਿਜੀਲੈਂਸ ਨੂੰ ਉਨ੍ਹਾਂ ਦੇ ਹੱਥ ਧੁਆਉਣੇ ਪੈਂਦੇ ਨੇ।

ਦੱਰਾ ਖ਼ੈਬਰ ਤੋਂ ਮਾਊਂਟ ਐਵਰੈਸਟ ਤੱਕ ਜਿੰਨੇ ਵੀ ਨੇਤਾ ਨੇ, ਸਭ ਦੀ ਰਾਸ਼ੀ ਇੱਕੋ ਹੈ। ਬਰਿੰਦਰ ਗੋਇਲ ਹੋਰਾਂ ਨੇ 'ਬਾਲਟੀ ਮੰਤਰ' ਦੱਸਿਆ, ਅਸਾਂ ਨੂੰ ਛੱਜੂ ਰਾਮ ਆਖਣ ਲੱਗਿਆ ਕਿ ਮੰਤਰੀ ਨੂੰ ਪੁੱਛ ਕੇ ਦੱਸਣਾ ਕਿ ਉਨ੍ਹਾਂ 'ਚ ਬਾਲਟੀ 'ਚੋਂ ਚਮਚੇ ਭਰ ਭਰ ਕੇ ਡੋਲ੍ਹਣ ਦੀ ਹਿੰਮਤ ਕਿੱਥੋਂ ਆਉਂਦੀ ਹੈ? ਬਚਪਨ 'ਚ ਚਮਚାਗਿਰੀ ਦੀਆਂ ਦੋ ਬੂੰਦਾਂ ਛਕੀਆਂ ਹੁੰਦੀਆਂ ਤਾਂ ਸੰਘਰਸ਼ੀ ਲੋਕ ਵੀ ਨਹਾਉਣਾ ਨਾ ਭੁੱਲਦੇ। ਤਾਹੀਓਂ ਪੁਲੀਸ ਨੂੰ ਹੁਣ ਬੁਛਾੜਾਂ ਮਾਰ ਕੇ 'ਸਮੂਹਿਕ ਇਸ਼ਨਾਨ' ਕਰਾਉਣਾ ਪੈਂਦੈ। ਫਿਰ ਇਕੱਲੇ ਬੈਰੀਕੇਡ ਨਹੀਂ ਭਿੱਜਦੇ, ਹੱਕ ਵੀ ਜਲ ਪ੍ਰਵਾਹ ਹੋ ਜਾਂਦੇ ਨੇ। ਲਤਾ ਦੇ ਬੋਲ ਹਿੰਮਤ ਦਿੰਦੇ ਨੇ, "ਜ਼ਿੰਦਗੀ ਹਰ ਕਦਮ ਇਕ ਨਈ ਜੰਗ ਹੈ...।"ਮੰਤਰੀ ਗੋਇਲ ਤਾਂ ਇੰਦਰ ਦੇਵਤਾ ਦਾ ਕਾਰੋਬਾਰ ਠੱਪ ਕਰਨ ਨੂੰ ਫਿਰਦੇ ਨੇ। ਭਲਿਆ ਲੋਕਾ, ਜੇ ਸਭ ਮੰਤਰੀ ਸੰਤਰੀ ਅੱਧੀ ਬਾਲਟੀ ਨਾਲ ਪਿੰਡਾ ਧੋਣ ਲੱਗ ਗਏ ਤਾਂ ਇੰਦਰ ਦੇਵਤਾ ਦੇ ਹਾੜੇ ਕੱਢਣ ਦੀ ਲੋੜ ਹੀ ਨਹੀਂ ਪੈਣੀ। ਹੈ ਨਾ ਰੱਬ ਦੇ ਕੰਮ 'ਚ ਸਿੱਧੀ ਦਖਲ-ਅੰਦਾਜ਼ੀ। ਪਾਣੀਓ-ਪਾਣੀ ਹੋਣ ਦੀ ਥਾਂ ਹੁਣ ਬੱਚਤੋ-ਬੱਚਤੀ ਹੋਣ ਦਾ ਸਮਾਂ ਹੈ।

# (ਕਸੂਰ ਕੀ ਸੀ ਮੇਰਾ)

ਕਲਮ ਫੜਦੀ ਹਾਂ ਜੱਦ
ਲਿਖਣ ਲੱਗਦੀ ਹਾਂ ਤਾਂ
ਲੱਗਦਾ ਸ਼ਬਦ ਗੁੰਮ ਹੋ ਗਏ ਨੇ ਜਿਵੇਂ
ਅਹਿਸਾਸ ਮਰ ਗਏ ਨੇ ਮੇਰੇ
ਰੋਜ਼ ਕਲਮ ਪਕੜਦੀ ਹਾਂ
ਸੋਚਦੀ ਕਈ ਮਹੀਨੇ ਹੋ ਗਏ
ਕੁਝ ਲਿਖਿਆ ਕਿਉਂ ਨਹੀਂ ਜਾਂਦਾ
ਲਿਖਣ ਲੱਗਦੀ ਪਰ ਨਹੀਂ
ਕੁਝ ਵੀ ਲਿਖਿਆ ਨਹੀਂ ਜਾਂਦਾ
ਮਨ ਵਿਆਕੁਲ ਹੋ ਉੱਠਦਾ ਹੈ
ਅੱਖਾਂ ਵਿਚ ਹੰਝੂ ਤੈਰ ਜਾਂਦੇ ਨੇ
ਬਹੁਤ ਕੋਸ਼ਿਸ਼ ਕੀਤੀ ਕਿ
ਅੱਜ ਕੁਝ ਲਿਖਾਂ ਤਾਂਕਿ
ਮਨ ਤੇ ਪਿਆ ਬੋਝ ਸ਼ਾਇਦ
ਇਸੇ ਤਰਾਂ ਕੁਝ ਘੱਟ ਹੋ ਸਕੇ
ਅੱਖਾਂ ਵਿੱਚ ਬਾਰ ਬਾਰ ਇਕ
ਨਮੀ ਆ ਜਾਂਦੀ ਹੈ ਤੇ
ਅੱਖਾਂ ਧੁੰਦਲਾ ਜਾਂਦੀਆਂ ਨੇ
ਨਮੀ ਸਾਫ਼ ਕਰ ਕੁਝ ਲਿਖਣ ਦੀ
ਕੋਸ਼ਿਸ਼ ਕਰਦੀ ਹੈ ਉਹ ਸੋਚਦੀ
ਸ਼ਾਇਦ ਲਿਖਿਆ ਤੇ ਤਾਂਹੀ ਜਾਂਦਾ ਹੈ
ਮਨ ਖ਼ੁਸ਼ ਹੋਏ ਤੇ ਰੂਹ ਰੰਗੀ ਹੋਏ
ਪਰ ਮਨ ਤੇ ਜਿਵੇਂ ਮੁੱਦਤਾਂ ਤੋਂ ਕਿਸੇ
ਬੋਝ ਹੇਠ ਦੱਬਿਆ ਪਿਆ ਹੈ
ਸੋਚਦੀ ਕਿਉਂ ਆਪਣੇ ਹੀ ਆਪਣੇ ਨਹੀਂ ਰਹਿੰਦੇ
ਸੱਭ ਨੂੰ ਆਪਣਾ ਬਣਾ ਕੇ ਦੇਖ ਲਿਆ
ਐਪਰ ਕੋਈ ਨਾ ਬਣਿਆ ਆਪਣਾ
ਕਿਉਂ ਹੁੰਦਾ ਹੈ ਇਸ ਤਰਾਂ
ਦਿਲ ਤੋਂ ਹਰ ਰਿਸ਼ਤਾ ਬਣਾਇਆ
ਤੇ ਦਿਲ ਤੋਂ ਨਿਭਾਇਆ ਵੀ
ਪਰ ਜਾਣ ਵਾਲੇ ਤੇ ਇਸਦਾ
ਕੋਈ ਅਸਰ ਹੀ ਨਹੀਂ
ਜਾਣ ਵਾਲੇ ਨੂੰ ਦਿਲ ਦਾ ਰਸਤਾ ਵੀ ਦਿੱਤਾ
ਤੇ ਨਾ ਜਾਣ ਦਾ ਵਾਸਤਾ ਵੀ ਪਾਇਆ
ਤਰਲਾ ਵੀ ਲਿਆ , ਕਸੂਰ ਵੀ ਪੁੱਛਿਆ
ਛੱਡ ਕੇ ਜਾਣ ਵਾਲਿਆਂ ਤੇ ਕੋਈ ਅਸਰ ਨਹੀਂ
ਕੋਈ ਜਿਊਂਦਾ ਹੈ ਕਿ ਮਰ ਗਿਆ
ਕੋਈ ਆਪਣਾ ਸਮਝਦਾ ਹੋਏ ਤੇ
ਛੱਡ ਕੇ ਕਦੀ ਨਾ ਜਾਏ
ਬਾਰ ਬਾਰ ਇਕ ਸਵਾਲ
ਜ਼ਿਹਨ ਵਿਚ ਉਠਦਾ ਹੈ
ਲਰਜ਼ਦੇ ਹੋਂਠ ਬੁਦਬੁਦਾਉਂਦੀ ਹੈ ਉਹ
ਵੱਟ ਵਾਜ਼ ਮਾਈ ਫਾਲਟ
ਵੱਟ ਵਾਜ਼ ਮਾਈ ਫਾਲਟ
ਦੁਹਰਾਉਂਦੀ ਹੈ ਉਹ ਬਾਰ ਬਾਰ
ਸੱਭ ਨੇ ਕਿਉਂ ਕੀਤਾ
ਇਸ ਤਰਾਂ ਮੇਰੇ ਨਾਲ
ਕਸੂਰ ਕੀ ਸੀ ਮੇਰਾ
ਕਸੂਰ ਕੀ ਸੀ ਮੇਰਾ ।
ਪੁਰਾਣਾ ਗੀਤ ਯਾਦ ਆਉਂਦੇ ਹੀ
ਲਰਜ਼ਦੇ ਹੋਂਠ
ਗੁਣਗੁਣਾਉਂਦੀ ਹੈ ।
(ਦਰ ਦਰ ਕੀ ਠੋਕਰੇਂ ,
ਇਤਨਾ ਮੁਝੇ ਬਤਾ ਦੋ ।
ਮੇਰਾ ਕਸੂਰ ਕਿਆ ਹੈ ,
ਮੇਰਾ ਕਸੂਰ ਕਿਆ ਹੈ)

(ਰਮਿੰਦਰ ਰੰਮੀ)

# ਚੰਬਾ 'ਚ ਦਰਦਨਾਕ ਬੱਸ ਹਾਦਸਾ
## 7 ਦੀ ਮੌਤ, 11 ਜ਼ਖ਼ਮੀਆਂ ਦੀ ਹਾਲਤ ਗੰਭੀਰ



ਚੰਬਾ: ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਵਿੱਚ ਸ਼ਨੀਵਾਰ ਸਵੇਰੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਚੁਰਾਹ ਸਬ-ਡਿਵੀਜ਼ਨ ਅਧੀਨ ਬੈਰਾਗੜ੍ਹ-ਚੰਬਾ ਮਾਰਗ 'ਤੇ ਦੇਵੀਕੋਠੀ ਨੇੜੇ ਚਾਲੁਜ ਮੋੜ 'ਤੇ ਇੱਕ ਨਿੱਜੀ ਬੱਸ ਬੇਕਾਬੂ ਹੋ ਕੇ ਹੇਠਾਂ ਦੂਜੀ ਸੜਕ 'ਤੇ ਜਾ ਡਿੱਗੀ। ਹਾਦਸੇ ਵਿੱਚ ਡਰਾਈਵਰ ਅਤੇ ਕੰਡਕਟਰ ਸਮੇਤ ਸੱਤ ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਕਰੀਬ 11 ਲੋਕ ਗੰਭੀਰ ਜ਼ਖ਼ਮੀ ਦੱਸੇ ਜਾ ਰਹੇ ਹਨ।

**ਸਵੇਰੇ ਸਾਢੇ 6 ਵਜੇ ਵਾਪਰਿਆ ਹਾਦਸਾ**

ਮੁੱਢਲੀ ਜਾਣਕਾਰੀ ਮੁਤਾਬਕ ਸ਼ਰਮਾ ਟਰੈਵਲਰਜ਼ ਦੀ ਇਹ ਬੱਸ ਸ਼ਨੀਵਾਰ ਸਵੇਰੇ ਕਰੀਬ ਸਾਢੇ 6 ਵਜੇ ਬੈਰਾਗੜ੍ਹ ਤੋਂ ਚੰਬਾ ਲਈ ਰਵਾਨਾ ਹੋਈ ਸੀ। ਬੱਸ ਨੇ ਅਜੇ ਤਿੰਨ ਕਿਲੋਮੀਟਰ ਦਾ ਹੀ ਸਫ਼ਰ ਤੈਅ ਕੀਤਾ ਸੀ ਕਿ ਚਾਲੁਜ ਮੋੜ ਨੇੜੇ ਇਹ ਅਚਾਨਕ ਬੇਕਾਬੂ ਹੋ ਗਈ ਅਤੇ ਸੜਕ ਤੋਂ ਹੇਠਾਂ ਜਾ ਡਿੱਗੀ। ਹਾਦਸੇ ਸਮੇਂ ਬੱਸ ਵਿੱਚ ਕਰੀਬ 15 ਤੋਂ 16 ਯਾਤਰੀ ਸਵਾਰ ਦੱਸੇ ਜਾ ਰਹੇ ਹਨ। ਬੱਸ ਦੇ ਹੇਠਾਂ ਵਾਲੀ ਸੜਕ 'ਤੇ ਡਿੱਗਣ ਕਾਰਨ ਇਸ ਵਿੱਚ ਸਵਾਰ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ।

**ਸਥਾਨਕ ਲੋਕਾਂ ਨੇ ਸੰਭਾਲਿਆ ਮੋਰਚਾ**

ਹਾਦਸੇ ਦੀ ਜਾਣਕਾਰੀ ਮਿਲਦੇ ਹੀ ਸਥਾਨਕ ਪਿੰਡ ਵਾਸੀ ਤੁਰੰਤ ਮੌਕੇ 'ਤੇ ਪਹੁੰਚ ਗਏ ਅਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਲੋਕਾਂ ਨੇ ਕਾਫ਼ੀ ਮੁਸ਼ਕਲ ਨਾਲ ਨੁਕਸਾਨੀ ਹੋਈ ਬੱਸ ਵਿੱਚੋਂ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਤੀਸਾ ਪਹੁੰਚਾਇਆ। ਫਿਲਹਾਲ ਮੌਕੇ 'ਤੇ ਰਾਹਤ ਕਾਰਜ ਜਾਰੀ ਹੈ। ਬੱਸ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੌਰਾਨ ਇਹ ਖ਼ਦਸ਼ਾ ਵੀ ਜਤਾਇਆ ਜਾ ਰਿਹਾ ਹੈ ਕਿ ਕੁਝ ਹੋਰ ਯਾਤਰੀ ਬੱਸ ਦੇ ਮਲਬੇ ਹੇਠ ਦੱਬੇ ਹੋ ਸਕਦੇ ਹਨ।

**ਪੁਲੀਸ ਅਤੇ ਪ੍ਰਸ਼ਾਸਨ ਵੱਲੋਂ ਜਾਂਚ**

ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਤੀਸਾ ਲਿਜਾਇਆ ਗਿਆ ਹੈ। ਚੰਬਾ ਦੇ ਐਸਪੀ ਵਿਜੇ ਕੁਮਾਰ ਸਕਲਾਨੀ ਨੇ ਦੱਸਿਆ ਕਿ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ। ਹਾਦਸਾ ਕਿਹੜੇ ਕਾਰਨਾਂ ਕਰਕੇ ਵਾਪਰਿਆ, ਇਸ ਦੀ ਜਾਂਚ ਕੀਤੀ ਜਾਵੇਗੀ। ਇਸ ਸਮੇਂ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ।

# ਸੁਖਬੀਰ-ਮੋਦੀ ਮੁਲਾਕਾਤ 'ਤੇ ਕੇਜਰੀਵਾਲ ਦਾ ਤੰਜ
## ਕੀ "ਚੰਦਾ ਚੋਰ ਪਾਰਟੀ ਅਤੇ ਬੇਅਦਬੀ ਪਾਰਟੀ ਦਾ ਗਠਜੋੜ ਹੋ ਰਿਹਾ ਹੈ?"



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ੁੱਕਰਵਾਰ ਸਵੇਰੇ ਦਿੱਲੀ ਪਹੁੰਚ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਵਿਚਾਲੇ ਸੰਸਦ ਭਵਨ ਵਿੱਚ ਕਰੀਬ 40 ਤੋਂ 45 ਮਿੰਟ ਤੱਕ ਗੱਲਬਾਤ ਹੋਈ। ਇਸ ਤੋਂ ਪਹਿਲਾਂ ਸੁਖਬੀਰ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਵੀ ਮੁਲਾਕਾਤ ਕੀਤੀ ਸੀ।

**ਅਕਾਲੀ-BJP ਗਠਜੋੜ ਦੀਆਂ ਚਰਚਾਵਾਂ ਤੇਜ਼**

ਸੁਖਬੀਰ ਬਾਦਲ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਮੁਲਾਕਾਤ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੁੜ ਗਠਜੋੜ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹੁਣ ਕਰੀਬ ਚਾਰ ਤੋਂ ਪੰਜ ਮਹੀਨੇ ਦਾ ਸਮਾਂ ਬਚਿਆ ਹੈ। ਮੰਨਿਆ ਜਾ ਰਿਹਾ ਹੈ ਕਿ ਦੋਵਾਂ ਪਾਰਟੀਆਂ ਦੇ ਸਿਖਰਲੇ ਆਗੂਆਂ ਵਿਚਾਲੇ ਹੋਈ ਇਸ ਮੁਲਾਕਾਤ ਤੋਂ ਬਾਅਦ ਗਠਜੋੜ ਨੂੰ ਲੈ ਕੇ ਕੋਈ ਅੰਤਿਮ ਫੈਸਲਾ ਹੋ ਸਕਦਾ ਹੈ।

**ਕੇਜਰੀਵਾਲ ਨੇ ਕੱਸਿਆ ਤਿੱਖਾ ਤੰਜ**

ਸੁਖਬੀਰ ਬਾਦਲ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਮੁਲਾਕਾਤ 'ਤੇ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਤੰਜ ਕੱਸਿਆ। ਉਨ੍ਹਾਂ ਕਿਹਾ, "ਨਾ ਨਾ ਕਰਦੇ ਪਿਆਰ ਤੁਮ ਹੀ ਸੇ ਕਰ ਬੈਠੇ..." ਇਸ ਦੇ ਨਾਲ ਹੀ ਕੇਜਰੀਵਾਲ ਨੇ ਸਵਾਲ ਕੀਤਾ ਕਿ ਕੀ "ਚੰਦਾ ਚੋਰ ਪਾਰਟੀ ਅਤੇ ਬੇਅਦਬੀ ਪਾਰਟੀ ਦਾ ਗਠਜੋੜ ਹੋ ਰਿਹਾ ਹੈ?" ਇਸ ਦੇ ਜਵਾਬ ਵਿੱਚ ਸੁਖਬੀਰ ਬਾਦਲ ਨੇ ਵੀ ਕੇਜਰੀਵਾਲ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ 2022 ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਫੈਲੇ 20 ਹਜ਼ਾਰ ਕਰੋੜ ਰੁਪਏ ਦੇ ਕਥਿਤ ਗੈਰ-ਕਾਨੂੰਨੀ ਖਣਨ ਨੂੰ ਤੁਰੰਤ ਬੰਦ ਕਰਵਾਉਣ ਦਾ ਦਾਅਵਾ ਕੀਤਾ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਹੁਣ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਨੇ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀਆਂ ਸਾਰੀਆਂ ਗਾਰੰਟੀਆਂ ਬੇਅਸਰ ਰਹੀਆਂ ਹਨ।

**ਅਕਾਲੀ-BJP ਗਠਜੋੜ ਦਾ ਪੁਰਾਣਾ ਸਿਆਸੀ ਇਤਿਹਾਸ**

ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ 1996 ਵਿੱਚ ਹੋਇਆ ਸੀ ਅਤੇ ਇਹ ਕਰੀਬ 25 ਸਾਲ ਤੱਕ ਚੱਲਿਆ। ਦੋਵਾਂ ਪਾਰਟੀਆਂ ਨੇ 1997 ਵਿੱਚ ਪਹਿਲੀ ਵਾਰ ਸਾਂਝੀ ਸਰਕਾਰ ਬਣਾਈ। ਇਸ ਤੋਂ ਬਾਅਦ 2007 ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਗਠਜੋੜ ਨੂੰ ਪੂਰਨ ਬਹੁਮਤ ਮਿਲਿਆ। ਪ੍ਰਕਾਸ਼ ਸਿੰਘ ਬਾਦਲ ਇਸ ਗਠਜੋੜ ਨੂੰ 'ਨਹੁੰ-ਮਾਸ' ਦੇ ਰਿਸ਼ਤੇ ਵਾਂਗ ਦੱਸਦੇ ਸਨ, ਜਿਸ ਦਾ ਅਰਥ ਦੋਵਾਂ ਵਿਚਾਲੇ ਡੂੰਘਾ ਅਤੇ ਮਜ਼ਬੂਤ ਸਬੰਧ ਹੈ।

**ਗਠਜੋੜ ਦੀ ਕਾਮਯਾਬੀ ਦੇ ਕਾਰਨ**

ਸਿਆਸੀ ਮਾਹਿਰ ਪਵਨਦੀਪ ਸ਼ਰਮਾ ਮੁਤਾਬਕ ਗਠਜੋੜ ਦੀ ਸਫਲਤਾ ਦਾ ਇੱਕ ਵੱਡਾ ਕਾਰਨ ਦੋਵਾਂ ਪਾਰਟੀਆਂ ਦਾ ਵੱਖ-ਵੱਖ ਵੋਟ ਬੈਂਕ ਵਿੱਚ ਮਜ਼ਬੂਤ ਆਧਾਰ ਸੀ। ਅਕਾਲੀ ਦਲ ਦੀ ਪੇਂਡੂ ਅਤੇ ਪੰਥਕ ਖੇਤਰਾਂ ਵਿੱਚ ਪਕੜ ਸੀ, ਜਦਕਿ ਭਾਜਪਾ ਸ਼ਹਿਰੀ ਹਿੰਦੂ ਵੋਟਰਾਂ ਵਿੱਚ ਮਜ਼ਬੂਤ ਸੀ। ਦੂਜਾ ਕਾਰਨ ਸੀ ਸੀਟਾਂ ਦੀ ਵੰਡ। ਅਕਾਲੀ ਦਲ 94 ਅਤੇ ਭਾਜਪਾ 23 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਦੀ ਸੀ। ਦੋਵਾਂ ਪਾਰਟੀਆਂ ਦੇ ਵੋਟ ਵੱਖ-ਵੱਖ ਹੋਣ ਦੀ ਬਜਾਏ ਇੱਕ ਥਾਂ ਇਕੱਠੇ ਪੈਂਦੇ ਸਨ। ਇਸੇ ਰਣਨੀਤੀ ਦੇ ਆਧਾਰ 'ਤੇ 2012 ਵਿੱਚ ਗਠਜੋੜ ਨੇ 68 ਸੀਟਾਂ ਜਿੱਤ ਕੇ ਲਗਾਤਾਰ ਦੂਜੀ ਵਾਰ ਸਰਕਾਰ ਬਣਾਈ। 2020 ਵਿੱਚ ਗਠਜੋੜ ਟੁੱਟਣ ਤੋਂ ਬਾਅਦ ਦੋਵਾਂ ਦੇ ਵੋਟ ਵੰਡ ਗਏ ਅਤੇ 2022 ਦੀਆਂ ਚੋਣਾਂ ਵਿੱਚ ਦੋਵੇਂ ਪਾਰਟੀਆਂ ਸਿੰਗਲ ਡਿਜਿਟ ਸੀਟਾਂ ਤੱਕ ਸਿਮਟ ਗਈਆਂ।

# ਬਘੇਲ ਤੇ ਵੜਿੰਗ ਦੇ ਸਾਹਮਣੇ ਕਾਂਗਰਸੀ ਆਗੂ ਧੱਕਾਮੁੱਕੀ



ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ 'ਹਰ ਬੂਥ-ਕਾਂਗਰਸ ਮਜ਼ਬੂਤ' ਮੁਹਿੰਮ ਤਹਿਤ ਅੱਜ ਜ਼ਿਲ੍ਹਾ ਕਾਂਗਰਸ ਪ੍ਰਧਾਨ ਨਿਸ਼ਾਤ ਅਖਤਰ ਦੀ ਅਗਵਾਈ ਹੇਠ ਮਾਲੇਰਕੋਟਲਾ ਦੇ ਹਿਨਾ ਹਵੇਲੀ ਪੈਲੇਸ ਵਿੱਚ ਕਾਂਗਰਸ ਰੈਲੀ ਕੀਤੀ ਗਈ। ਇਸ ਦੌਰਾਨ ਸਟੇਜ 'ਤੇ ਚੜ੍ਹਨ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਆਗੂ ਧੱਕਾਮੁੱਕੀ ਹੋਏ। ਰੈਲੀ ਵਿਚ ਏਆਈਸੀਸੀ ਦੇ ਜਨਰਲ ਸਕੱਤਰ ਤੇ ਪੰਜਾਬ ਕਾਂਗਰਸ ਇੰਚਾਰਜ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਪੰਜਾਬ ਦੇ ਪ੍ਰਮੁੱਖ ਕਾਂਗਰਸੀ ਆਗੂ ਸ਼ਾਮਲ ਹੋਏ। ਇਸ ਮੌਕੇ ਭੁਪੇਸ਼ ਬਘੇਲ ਨੇ ਕਿਹਾ ਕਿ ਭਾਜਪਾ ਪੂਰੇ ਮੁਲਕ ਵਿਚ ਸਿਆਸੀ ਪਾਰਟੀਆਂ ਨੂੰ ਤੋੜ ਕੇ ਖਤਮ ਕਰ ਰਹੀ ਹੈ।

ਇਸ ਦੌਰਾਨ ਸਾਬਕਾ ਵਿਧਾਇਕ ਜੱਸੀ ਖੰਗੂੜਾ ਨੂੰ ਰੈਲੀ ਦੇ ਪ੍ਰਬੰਧਕਾਂ ਵੱਲੋਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਾਲ ਹੀ ਮੁੱਖ ਸਟੇਜ 'ਤੇ ਚੜ੍ਹਨ ਤੋਂ ਰੋਕ ਦਿੱਤਾ ਗਿਆ। ਜੱਸੀ ਖੰਗੂੜਾ ਦਾ ਮੁੱਖ ਮੰਚ 'ਤੇ ਵਿਰੋਧ ਕਰਦਿਆਂ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮੁਹੰਮਦ ਸ਼ਕੀਲ ਅਤੇ ਟੈਂਪੂ ਯੂਨੀਅਨ ਦੇ ਸਾਬਕਾ ਪ੍ਰਧਾਨ ਯਾਸ਼ੀਨ ਘੁੱਗੀ ਆਦਿ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਬੀਬਾ ਨਿਸ਼ਾਤ ਅਖਤਰ ਦੇ ਪਰਿਵਾਰ ਖਿਲਾਫ ਕਥਿਤ ਘਟੀਆ ਬਿਆਨਬਾਜ਼ੀ ਕਰਨ ਵਾਲੇ ਅਜਿਹੇ ਵਿਅਕਤੀ ਲਈ ਸਟੇਜ ਉਪਰ ਕੋਈ ਜਗ੍ਹਾ ਨਹੀਂ ਹੋ ਸਕਦੀ। ਇਸ ਮੌਕੇ ਵਰਕਰਾਂ ਦਰਮਿਆਨ ਹੋਈ ਖਿੱਚ ਧੂਹ ਨੂੰ ਠੱਲ੍ਹਣ ਲਈ ਪੁਲੀਸ ਨੂੰ ਵੀ ਦਖਲ ਦੇਣਾ ਪਿਆ।

ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਮੋਦੀ ਸਰਕਾਰ ਦੀ ਤਾਨਾਸ਼ਾਹੀ ਖ਼ਿਲਾਫ ਦੇਸ਼ ਦੀ ਜਨਤਾ ਖੜ੍ਹੀ ਹੋ ਗਈ ਹੈ। ਕਾਂਗਰਸ ਪਾਰਟੀ ਅੰਦਰ ਬੈਠੇ 'ਸਲੀਪਰ ਸੈੱਲਾਂ' ਸਬੰਧੀ ਸ੍ਰੀ ਬਘੇਲ ਨੇ ਸਪੱਸ਼ਟ ਕਿਹਾ ਕਿ ਅਜਿਹੇ ਸੈੱਲ ਹਰ ਜਗ੍ਹਾ ਮੌਜੂਦ ਹਨ ਅਤੇ ਇਨ੍ਹਾਂ 'ਸਲੀਪਰ ਸੈੱਲਾਂ' ਦੀ ਪਛਾਣ ਕਰਕੇ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾਇਆ ਜਾਵੇਗਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੋਂ ਇੱਕ ਮਹੀਨੇ ਅੰਦਰ ਪੰਜਾਬ ਵਿਚੋਂ ਗੈਂਗਸਟਰਵਾਦ ਨੂੰ ਜੜ੍ਹੋਂ ਖਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਕੇਂਦਰੀ ਭਾਜਪਾ ਸਰਕਾਰ ਉਪਰ ਦੋਸ਼ ਲਾਇਆ ਕਿ ਭਾਜਪਾ ਸਰਕਾਰ ਇਕੋ ਇਕ ਅਜਿਹੀ ਸਰਕਾਰ ਹੈ ਜਿਸ ਨੇ ਗੈਂਗਸਟਰਾਂ ਨੂੰ ਬਚਾਉਣ ਲਈ ਕਾਨੂੰਨ ਬਣਾ ਦਿੱਤਾ ਅਤੇ ਇਸੇ ਕਾਨੂੰਨ ਤਹਿਤ ਅੱਜ ਕੋਈ ਵੀ ਜਾਂਚ ਏਜੰਸੀ ਸਿੱਧੂ ਮੂਸੇਵਾਲਾ ਦੇ ਕਾਤਲ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਅਹਿਮਦਾਬਾਦ ਦੀ ਜੇਲ੍ਹ ਵਿਚੋਂ ਪੁੱਛਗਿੱਛ ਲਈ ਹੋਰ ਕਿਧਰੇ ਲੈ ਕੇ ਨਹੀਂ ਜਾ ਸਕਦੀ।

# ਪੰਜਾਬ ਸਰਕਾਰ ਨਾਲ ਗੱਲਬਾਤ ਤੋਂ ਪਹਿਲਾਂ
## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਹਿਰ ਕਮੇਟੀ ਨੇ ਮੰਗੀ ਪਾਲਣਾ ਰਿਪੋਰਟ



ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਮਾਹਿਰਾਂ ਦੀ ਕਮੇਟੀ ਨੇ ਪੰਜਾਬ ਸਰਕਾਰ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ 29 ਜੂਨ 2026 ਦੇ ਆਦੇਸ਼ਾਂ ਦੀ ਪਾਲਣਾ ਸਬੰਧੀ ਰਿਪੋਰਟ ਮੰਗੀ ਹੈ। ਕਮੇਟੀ ਦਾ ਕਹਿਣਾ ਹੈ ਕਿ ਪ੍ਰਸਤਾਵਿਤ ਕਾਨੂੰਨ 'ਤੇ ਅੱਗੇ ਵਿਚਾਰ-ਵਟਾਂਦਰਾ ਕਰਨ ਤੋਂ ਪਹਿਲਾਂ ਸਰਕਾਰ ਨੂੰ ਇਹ ਰਿਪੋਰਟ ਪੇਸ਼ ਕਰਨੀ ਚਾਹੀਦੀ ਹੈ।

**ਪਹਿਲੀ ਬੈਠਕ ਵਿੱਚ ਸਰਕਾਰ ਦੇ ਜਵਾਬ 'ਤੇ ਚਰਚਾ**

ਇਸ ਮਾਮਲੇ 'ਤੇ ਗੱਲਬਾਤ ਲਈ ਬਣਾਈ ਗਈ ਕਮੇਟੀ ਦੀ ਪਹਿਲੀ ਬੈਠਕ ਹੋ ਚੁੱਕੀ ਹੈ। ਇਸ ਵਿੱਚ ਜਸਟਿਸ (ਸੇਵਾਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾਮੁਕਤ) ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਅਤੇ ਪ੍ਰੋ. ਜਗਮੋਹਨ ਸਿੰਘ ਸ਼ਾਮਲ ਹਨ। ਕਮੇਟੀ ਮੁਤਾਬਕ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਪਹਿਲਾਂ ਹੀ ਸਰਕਾਰ ਦੇ ਜਵਾਬ ਬਾਰੇ ਆਪਣਾ ਰੁਖ਼ ਸਪੱਸ਼ਟ ਕਰ ਚੁੱਕੇ ਹਨ। ਕਮੇਟੀ ਨੇ ਕਿਹਾ ਕਿ 29 ਜੁਲਾਈ ਨੂੰ ਪੰਜਾਬ ਸਰਕਾਰ ਵੱਲੋਂ ਦਿੱਤਾ ਗਿਆ ਜਵਾਬ ਉਨ੍ਹਾਂ ਮੁੱਢਲੇ ਇਤਰਾਜ਼ਾਂ ਦਾ ਹੱਲ ਨਹੀਂ ਕਰਦਾ, ਜਿਨ੍ਹਾਂ ਵਿੱਚ ਪ੍ਰਸਤਾਵਿਤ ਕਾਨੂੰਨ ਦੀਆਂ ਕੁਝ ਧਾਰਾਵਾਂ ਰਾਹੀਂ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੀ ਸੰਭਾਵਨਾ ਦਾ ਮੁੱਦਾ ਸ਼ਾਮਲ ਹੈ।

ਕਮੇਟੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਦਿੱਤਾ ਗਿਆ ਜਵਾਬ ਅਕਾਲ ਤਖ਼ਤ ਸਾਹਿਬ ਵੱਲੋਂ ਨਿਰਧਾਰਤ ਇੱਕ ਮਹੀਨੇ ਦੀ ਮਿਆਦ ਦੇ ਆਖਰੀ ਦਿਨ ਪ੍ਰਾਪਤ ਹੋਇਆ। ਕਮੇਟੀ ਅਨੁਸਾਰ ਇਸ ਜਵਾਬ ਵਿੱਚ ਮੁੱਦੇ ਨੂੰ ਸਪੱਸ਼ਟ ਤੌਰ 'ਤੇ ਹੱਲ ਕਰਨ ਦੀ ਬਜਾਏ ਤੱਥਾਂ ਨੂੰ ਧੁੰਦਲਾ ਕਰਨ ਅਤੇ ਮਾਮਲੇ ਨੂੰ ਟਾਲਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਕਮੇਟੀ ਨੇ ਕਿਹਾ ਕਿ ਖ਼ਾਲਸਾ ਪੰਥ ਦੀਆਂ ਚਿੰਤਾਵਾਂ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਪੰਜਾਬ ਕੈਬਨਿਟ ਦੇ ਮੈਂਬਰਾਂ ਨੂੰ ਵੀ 31 ਜੁਲਾਈ ਨੂੰ ਜਾਣੂ ਕਰਵਾਇਆ ਗਿਆ ਸੀ।

**ਬੇਅਦਬੀ ਦੇ ਮੁੱਦੇ 'ਤੇ ਵੀ ਚਿੰਤਾ**

ਬੈਠਕ ਦੌਰਾਨ ਬੇਅਦਬੀ ਦੇ ਗੰਭੀਰ ਅਤੇ ਸੰਵੇਦਨਸ਼ੀਲ ਮਾਮਲੇ 'ਤੇ ਵੀ ਵਿਚਾਰ ਕੀਤਾ ਗਿਆ। ਕਮੇਟੀ ਮੁਤਾਬਕ ਇਸ ਮੁੱਦੇ ਦਾ ਹੱਲ ਲੱਭਣ ਲਈ ਪੰਜਾਬ ਸਰਕਾਰ ਦਾ ਹੁਣ ਤੱਕ ਦਾ ਰਵੱਈਆ ਉਸਾਰੂ ਨਹੀਂ ਰਿਹਾ। ਕਮੇਟੀ ਨੇ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਾਫ਼ੀ ਸਮਾਂ ਦਿੱਤੇ ਜਾਣ ਦੇ ਬਾਵਜੂਦ ਸਰਕਾਰ ਨੇ ਅਜੇ ਤੱਕ ਪੂਰੇ ਮਾਮਲੇ 'ਤੇ ਵਿਚਾਰ ਕਰਨ ਲਈ ਆਪਣੀ ਕਮੇਟੀ ਦਾ ਗਠਨ ਨਹੀਂ ਕੀਤਾ। ਬੈਠਕ ਦਾ ਤਾਲਮੇਲ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਉਪ-ਦਫ਼ਤਰ ਦੇ ਵਧੀਕ ਸਕੱਤਰ ਲਖਵੀਰ ਸਿੰਘ ਨੇ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਜਸਕਰਨ ਸਿੰਘ ਨੇ ਵੀ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ।

# ਪੰਜਾਬ-ਦਿੱਲੀ 'ਚ ਧਮਾਕਿਆਂ ਦੀ ਸਾਜ਼ਿਸ਼ ਦਾ ਪਰਦਾਫਾਸ਼!
## NIA ਨੇ ਮੁਲਜ਼ਮ ਖ਼ਿਲਾਫ਼ ਚਾਰਜਸ਼ੀਟ ਕੀਤੀ ਦਾਖ਼ਲ

ਮੋਹਾਲੀ : ਪੰਜਾਬ, ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਲੜੀਵਾਰ IED ਧਮਾਕੇ ਕਰਨ ਦੀ ਕਥਿਤ ਅੱਤਵਾਦੀ ਸਾਜ਼ਿਸ਼ ਦੇ ਮਾਮਲੇ ਵਿੱਚ ਰਾਸ਼ਟਰੀ ਜਾਂਚ ਏਜੰਸੀ ਯਾਨੀ NIA ਨੇ ਵੱਡੀ ਕਾਰਵਾਈ ਕੀਤੀ ਹੈ। ਏਜੰਸੀ ਨੇ ਮੋਹਾਲੀ ਸਥਿਤ ਵਿਸ਼ੇਸ਼ ਅਦਾਲਤ ਵਿੱਚ ਮੁਲਜ਼ਮ ਸ਼ੁਭਮ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸ਼ੁਭਮ ਕਥਿਤ ਤੌਰ 'ਤੇ ਪਾਕਿਸਤਾਨ ਵਿੱਚ ਬੈਠੇ ਆਪਣੇ ਹੈਂਡਲਰ ਜਸਬੀਰ ਸਿੰਘ ਉਰਫ਼ ਜਸਵੀਰ ਚੌਧਰੀ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ।

**ਡਰੋਨ ਰਾਹੀਂ ਭੇਜੇ ਗਏ ਹਥਿਆਰ ਅਤੇ IED**

ਜਾਂਚ ਏਜੰਸੀ ਮੁਤਾਬਕ, ਕਥਿਤ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਡਰੋਨ ਦੇ ਜ਼ਰੀਏ ਹਥਿਆਰ, ਗੋਲਾ-ਬਾਰੂਦ ਅਤੇ IED ਦੀ ਖੇਪ ਭੇਜੀ ਗਈ ਸੀ। ਦੋਸ਼ ਹੈ ਕਿ ਵਿਦੇਸ਼ੀ ਅੱਤਵਾਦੀ ਨੈੱਟਵਰਕ ਦੇ ਇਸ਼ਾਰੇ 'ਤੇ ਭਾਰਤ ਵਿੱਚ ਵੱਡੇ ਪੱਧਰ 'ਤੇ ਧਮਾਕੇ ਕਰਕੇ ਦਹਿਸ਼ਤ ਪੈਦਾ ਕਰਨ ਅਤੇ ਦੇਸ਼ ਦੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣਾਈ ਗਈ ਸੀ। ਪੁਲੀਸ ਅਤੇ NIA ਦੀ ਜਾਂਚ ਵਿੱਚ ਕਥਿਤ ਤੌਰ 'ਤੇ ਸਾਹਮਣੇ ਆਇਆ ਕਿ ਪਾਕਿਸਤਾਨ ਵਿੱਚ ਮੌਜੂਦ ਜਸਵੀਰ ਚੌਧਰੀ ਦੇ ਨਿਰਦੇਸ਼ਾਂ 'ਤੇ ਉਸ ਦੇ ਭਾਰਤੀ ਸਾਥੀਆਂ ਨੇ ਸਰਹੱਦ ਰਾਹੀਂ ਡਰੋਨ ਨਾਲ ਭੇਜੀ ਹਥਿਆਰਾਂ ਅਤੇ IED ਦੀ ਖੇਪ ਹਾਸਲ ਕੀਤੀ। ਇਸ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਹਮਲਿਆਂ ਦੀ ਤਿਆਰੀ ਕੀਤੀ ਜਾ ਰਹੀ ਸੀ।

**10 ਫਰਵਰੀ ਨੂੰ ਦਰਜ ਹੋਈ ਸੀ FIR**

ਇਸ ਮਾਮਲੇ ਵਿੱਚ 10 ਫਰਵਰੀ 2026 ਨੂੰ ਪੰਜਾਬ ਪੁਲੀਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿੱਚ FIR ਦਰਜ ਕੀਤੀ ਗਈ ਸੀ। ਸ਼ੁਰੂਆਤੀ ਜਾਂਚ ਦੌਰਾਨ ਮਿਲੇ ਇਨਪੁਟ ਤੋਂ ਬਾਅਦ ਮਾਮਲਾ NIA ਨੂੰ ਸੌਂਪ ਦਿੱਤਾ ਗਿਆ। ਵਿਦੇਸ਼ੀ ਅੱਤਵਾਦੀ ਸੰਗਠਨਾਂ ਅਤੇ ਪਾਕਿਸਤਾਨ ਸਥਿਤ ਨੈੱਟਵਰਕ ਨਾਲ ਸਬੰਧਾਂ ਦੇ ਸੰਕੇਤ ਮਿਲਣ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਮੰਨਦਿਆਂ ਜਾਂਚ ਏਜੰਸੀ ਦੇ ਹਵਾਲੇ ਕੀਤੀ।

**ਕਈ ਗੰਭੀਰ ਧਾਰਾਵਾਂ ਤਹਿਤ ਮਾਮਲਾ**

ਮੁਲਜ਼ਮਾਂ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ 2023, ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ ਯਾਨੀ UAPA, ਵਿਸਫੋਟਕ ਪਦਾਰਥ ਐਕਟ ਅਤੇ ਆਰਮਜ਼ ਐਕਟ ਦੀਆਂ ਵੱਖ-ਵੱਖ ਗੰਭੀਰ ਧਾਰਾਵਾਂ ਤਹਿਤ ਕਾਰਵਾਈ ਕੀਤੀ ਗਈ ਹੈ। NIA ਦੀ ਚਾਰਜਸ਼ੀਟ ਵਿੱਚ ਸ਼ੁਭਮ 'ਤੇ ਕਥਿਤ ਅੱਤਵਾਦੀ ਸਾਜ਼ਿਸ਼ ਰਚਣ, ਵਿਸਫੋਟਕ ਅਤੇ ਗੈਰਕਾਨੂੰਨੀ ਹਥਿਆਰ ਇਕੱਠੇ ਕਰਨ ਅਤੇ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਨਾਲ ਸਬੰਧਤ ਦੋਸ਼ ਲਗਾਏ ਗਏ ਹਨ। ਹੁਣ NIA ਦੀ ਜਾਂਚ ਸਿਰਫ਼ ਸ਼ੁਭਮ ਤੱਕ ਸੀਮਿਤ ਨਹੀਂ ਹੈ।

# ਰਾਘਵ ਚੱਢਾ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ
## ਤਸਵੀਰ ਸਾਂਝੀ ਕਰਦਿਆਂ ਲਿਖਿਆ, "ਮੈਨੂੰ ਇਹ ਸਵੇਰ ਹਮੇਸ਼ਾ ਯਾਦ ਰਹੇਗੀ



ਭਾਜਪਾ ਦੇ ਰਾਜ ਸਭਾ ਸੰਸਦ ਮੈਂਬਰ ਰਾਘਵ ਚੱਢਾ ਨੇ ਸ਼ਨੀਵਾਰ ਸਵੇਰੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗੱਲਬਾਤ ਵਿਸਤ੍ਰਿਤ ਅਤੇ ਬਹੁਤ ਲਾਹੇਵੰਦ ਰਹੀ। ਰਾਘਵ ਚੱਢਾ ਨੇ 'ਐਕਸ' (X) 'ਤੇ ਲਿਖਿਆ, "ਇੱਕ ਅਜਿਹੀ ਸਵੇਰ ਜੋ ਮੈਨੂੰ ਹਮੇਸ਼ਾ ਯਾਦ ਰਹੇਗੀ। ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਦਾ ਮੌਕਾ ਮਿਲਿਆ ਹੈ।" ਸਾਡੀ ਵਿਸਥਾਰਪੂਰਵਕ ਅਤੇ ਲਾਹੇਵੰਦ ਗੱਲਬਾਤ ਹੋਈ। ਮੈਂ ਉਨ੍ਹਾਂ ਵੱਲੋਂ ਦਿੱਤੇ ਗਏ ਸਮੇਂ ਅਤੇ ਉਨ੍ਹਾਂ ਦੀ ਸੂਝ-ਬੂਝ ਤੇ ਅਗਵਾਈ ਤੋਂ ਲਾਭ ਉਠਾਉਣ ਦੇ ਮੌਕੇ ਲਈ ਬਹੁਤ ਧੰਨਵਾਦੀ ਹਾਂ। ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ, ਰਾਘਵ ਚੱਢਾ ਨੇ ਡਾਕਟਰਾਂ ਅਤੇ ਪੈਥੋਲੋਜੀ ਲੈਬਾਂ ਵਿਚਕਾਰ ਕਮਿਸ਼ਨ-ਅਧਾਰਿਤ ਗਠਜੋੜ ਦਾ ਮੁੱਦਾ ਉਠਾਇਆ ਹੈ। ਸਦਨ ਵਿੱਚ ਉਨ੍ਹਾਂ ਦੇ ਭਾਸ਼ਣ ਦੀ ਕਾਫ਼ੀ ਸ਼ਲਾਘਾ ਕੀਤੀ ਗਈ ਹੈ। ਚੱਢਾ ਨੇ ਦੱਸਿਆ ਕਿ ਮਰੀਜ਼ਾਂ ਨੂੰ ਅਕਸਰ ਟੈਸਟਾਂ ਲਈ ਖਾਸ ਲੈਬਾਂ ਵਿੱਚ ਜਾਣ ਲਈ ਮਜਬੂਰ ਕੀਤਾ ਜਾਂਦਾ ਹੈ; ਇਹ ਲੈਬਾਂ ਮਰੀਜ਼ਾਂ ਤੋਂ ਵੱਧ ਫੀਸ ਵਸੂਲਦੀਆਂ ਹਨ ਅਤੇ ਕਮਾਈ ਦਾ ਇੱਕ ਹਿੱਸਾ ਡਾਕਟਰ ਦੇ ਖਾਤੇ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨਾਲ ਰਾਘਵ ਚੱਢਾ ਦੀ ਇਹ ਪਹਿਲੀ ਮੁਲਾਕਾਤ ਸੀ। ਰਾਘਵ ਚੱਢਾ ਨੇ ਪਹਿਲਾਂ ਵੀ ਪ੍ਰਧਾਨ ਮੰਤਰੀ ਮੋਦੀ ਦੀ ਤਾਰੀਫ਼ ਕੀਤੀ ਸੀ। ਉਸ ਸਮੇਂ, ਪ੍ਰਧਾਨ ਮੰਤਰੀ ਮੋਦੀ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਚੁਣੇ ਹੋਏ ਪ੍ਰਧਾਨ ਮੰਤਰੀ ਬਣ ਗਏ ਸਨ; ਉਨ੍ਹਾਂ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਰਿਕਾਰਡ ਤੋੜ ਦਿੱਤਾ ਸੀ। ਇੱਕ ਲੰਬੀ ਪੋਸਟ ਵਿੱਚ, ਰਾਘਵ ਚੱਢਾ ਨੇ ਲਿਖਿਆ ਕਿ ਇਤਿਹਾਸ ਰਚਿਆ ਗਿਆ ਹੈ। ਉਨ੍ਹਾਂ ਲਿਖਿਆ, "ਭਾਰਤ ਸਿਰਫ਼ ਇੱਕ ਦੇਸ਼ ਨਹੀਂ ਹੈ; ਇਹ 1.4 ਅਰਬ ਲੋਕਾਂ ਦੀ ਇੱਕ ਸੱਭਿਅਤਾ ਹੈ।" ਇਹ 22 ਮਾਨਤਾ ਪ੍ਰਾਪਤ ਭਾਸ਼ਾਵਾਂ ਅਤੇ ਸੈਂਕੜੇ ਉਪ-ਭਾਸ਼ਾਵਾਂ; ਵਿਭਿੰਨ ਧਰਮਾਂ, ਜਾਤਾਂ, ਭਾਈਚਾਰਿਆਂ ਅਤੇ ਸੰਪਰਦਾਵਾਂ; ਅਤੇ ਅਣਗਿਣਤ ਖੇਤਰਾਂ ਤੇ ਜੀਵਨ-ਸ਼ੈਲੀਆਂ ਦੀ ਧਰਤੀ ਹੈ ਜਿੱਥੇ ਇਹ ਸਭ ਮਿਲ-ਜੁਲ ਕੇ ਰਹਿੰਦੇ ਹਨ। ਅਸੀਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਹਾਂ, ਜਿੱਥੇ ਵੋਟਰਾਂ ਦੀ ਗਿਣਤੀ ਲਗਭਗ 98 ਕਰੋੜ ਹੈ—ਇੱਕ ਅਜਿਹੀ ਸੰਖਿਆ ਜੋ ਯੂਰਪ ਦੀ ਕੁੱਲ ਆਬਾਦੀ ਤੋਂ ਵੀ ਵੱਧ ਹੈ। ਇਸੇ ਕਾਰਨ, ਸ਼ਾਇਦ ਸਾਡੀਆਂ ਚੋਣਾਂ ਦੁਨੀਆ ਦੀਆਂ ਸਭ ਤੋਂ ਚੁਣੌਤੀਪੂਰਨ ਚੋਣਾਂ ਮੰਨੀਆਂ ਜਾਂਦੀਆਂ ਹਨ। ਫਿਰ ਵੀ, 1.4 ਅਰਬ ਲੋਕਾਂ ਵਾਲੇ ਇਸ ਦੇਸ਼ ਦੀ ਵਾਗਡੋਰ ਵਾਰ-ਵਾਰ ਉਸੇ ਆਗੂ ਨੂੰ ਸੌਂਪੀ ਗਈ ਹੈ। 2014, 2019 ਅਤੇ 2024 ਵਿੱਚ—ਲਗਾਤਾਰ ਤਿੰਨ ਵਾਰ ਭਾਰਤ ਦੇ ਲੋਕਾਂ ਤੋਂ ਜਨਤਕ ਫਤਵਾ ਹਾਸਲ ਕਰਨਾ—ਹਰ ਵਾਰ ਭਰੋਸੇ ਦੇ ਨਵੇਂ ਪ੍ਰਗਟਾਵੇ ਨੂੰ ਦਰਸਾਉਂਦਾ ਹੈ। ਇੰਨੇ ਵਿਸ਼ਾਲ ਅਤੇ ਵਿਭਿੰਨਤਾ ਭਰਪੂਰ ਦੇਸ਼ ਦਾ ਭਰੋਸਾ ਇੱਕ ਵਾਰ ਜਿੱਤਣਾ ਵੀ ਕਮਾਲ ਦੀ ਗੱਲ ਹੈ; ਪਰ ਲਗਾਤਾਰ ਤਿੰਨ ਵਾਰ ਇਸ ਨੂੰ ਜਿੱਤਣਾ ਸੱਚਮੁੱਚ ਅਸਧਾਰਨ ਹੈ।

GTA Plumbing & Electrical Supplies
GTA Plumbling & Electrical Supplies



ONE STOP SHOP
FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੂਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!



# ਜ਼ਿੰਦਗੀ ਵਿੱਚ ਰੰਗਾਂ ਦੀ ਅਹਿਮੀਅਤ



ਰੰਗਾਂ ਤੋਂ ਬਿਨਾਂ ਜ਼ਿੰਦਗੀ ਦੀ ਕਲਪਨਾ ਕਰਨੀ ਸ਼ਾਇਦ ਮਨੁੱਖੀ ਅਨੁਭਵਾਂ ਦੀ ਸਭ ਤੋਂ ਨੀਰਸ ਤਸਵੀਰ ਹੋਵੇਗੀ। ਕੁਦਰਤ ਦੇ ਹਰੇ ਪੱਤੇ, ਨੀਲਾ ਅਸਮਾਨ, ਸੂਰਜ ਦੀਆਂ ਸੁਨਹਿਰੀ ਕਿਰਨਾਂ, ਫੁੱਲਾਂ ਦੀਆਂ ਰੰਗ-ਬਿਰੰਗੀਆਂ ਪੰਖੁੜੀਆਂ, ਬਦਲਦੇ ਮੌਸਮਾਂ ਦੀਆਂ ਮਹਿਕਾਂ ਅਤੇ ਸਾਡੇ ਪਹਿਰਾਵਿਆਂ ਦੇ ਵੱਖ-ਵੱਖ ਰੰਗ—ਇਹ ਸਭ ਸਾਡੀ ਜ਼ਿੰਦਗੀ ਨੂੰ ਸੁੰਦਰਤਾ, ਤਾਜ਼ਗੀ ਅਤੇ ਅਰਥ ਪ੍ਰਦਾਨ ਕਰਦੇ ਹਨ। ਰੰਗ ਕੇਵਲ ਅੱਖਾਂ ਨੂੰ ਦਿਖਾਈ ਦੇਣ ਵਾਲੇ ਦ੍ਰਿਸ਼ ਨਹੀਂ; ਇਹ ਸਾਡੇ ਮਨੋਭਾਵਾਂ, ਵਿਚਾਰਾਂ, ਯਾਦਾਂ, ਵਿਉਹਾਰ ਅਤੇ ਦੁਨੀਆ ਨੂੰ ਮਹਿਸੂਸ ਕਰਨ ਦੇ ਢੰਗ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਜਦੋਂ ਇੱਕ ਬੱਚਾ ਆਪਣੀਆਂ ਅੱਖਾਂ ਖੋਲ੍ਹ ਕੇ ਦੁਨੀਆ ਨੂੰ ਦੇਖਣਾ ਸ਼ੁਰੂ ਕਰਦਾ ਹੈ, ਉਸਦੇ ਆਲੇ-ਦੁਆਲੇ ਦੇ ਰੰਗ ਉਸਦੀ ਜਿਗਿਆਸਾ ਨੂੰ ਜਗਾਉਂਦੇ ਹਨ। ਰੰਗੀਨ ਖਿਡੌਣੇ, ਰੰਗੀਨ ਤਸਵੀਰਾਂ, ਕਿਤਾਬਾਂ, ਚਾਰਟ ਅਤੇ ਚਿੱਤਰ ਬੱਚਿਆਂ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਇਸੇ ਕਰਕੇ ਸਿੱਖਿਆ ਦੇ ਖੇਤਰ ਵਿੱਚ ਵੀ ਰੰਗਾਂ ਦੀ ਮਹੱਤਤਾ ਵੱਧ ਜਾਂਦੀ ਹੈ। ਰੰਗੀਨ ਚਿੱਤਰ, ਨਕਸ਼ੇ ਅਤੇ ਸਿੱਖਿਆ ਸਮੱਗਰੀ ਵਿਦਿਆਰਥੀਆਂ ਲਈ ਜਾਣਕਾਰੀ ਨੂੰ ਸਮਝਣਾ, ਯਾਦ ਰੱਖਣਾ ਅਤੇ ਉਸ ਵਿੱਚ ਦਿਲਚਸਪੀ ਪੈਦਾ ਕਰਨਾ ਆਸਾਨ ਬਣਾਉਂਦੇ ਹਨ। ਰੰਗਾਂ ਦਾ ਮਨੁੱਖੀ ਭਾਵਨਾਵਾਂ ਨਾਲ ਡੂੰਘਾ ਨਾਤਾ ਹੈ। ਨੀਲਾ ਰੰਗ ਆਮ ਤੌਰ 'ਤੇ ਸ਼ਾਂਤੀ, ਠਹਿਰਾਅ ਅਤੇ ਸਥਿਰਤਾ ਦਾ ਅਹਿਸਾਸ ਕਰਵਾਉਂਦਾ ਹੈ। ਹਰਾ ਰੰਗ ਕੁਦਰਤ, ਤਾਜ਼ਗੀ ਅਤੇ ਵਿਕਾਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪੀਲਾ ਰੰਗ ਖੁਸ਼ੀ, ਉਤਸ਼ਾਹ ਅਤੇ ਆਸ਼ਾਵਾਦ ਨਾਲ ਜੋੜਿਆ ਜਾਂਦਾ ਹੈ। ਲਾਲ ਰੰਗ ਤਾਕਤ, ਜੋਸ਼, ਹਿੰਮਤ ਅਤੇ ਤੁਰੰਤ ਧਿਆਨ ਦੀ ਨਿਸ਼ਾਨੀ ਬਣ ਸਕਦਾ ਹੈ। ਚਿੱਟਾ ਰੰਗ ਸ਼ਾਂਤੀ, ਪਵਿੱਤਰਤਾ ਅਤੇ ਸਾਦਗੀ ਦਾ ਪ੍ਰਤੀਕ ਹੈ, ਜਦਕਿ ਕਾਲਾ ਰੰਗ ਗੰਭੀਰਤਾ, ਸ਼ਾਨ ਜਾਂ ਰਹੱਸ ਨੂੰ ਦਰਸਾ ਸਕਦਾ ਹੈ। ਹਾਲਾਂਕਿ ਵੱਖ-ਵੱਖ ਸੱਭਿਆਚਾਰਾਂ ਵਿੱਚ ਰੰਗਾਂ ਦੇ ਅਰਥ ਬਦਲ ਸਕਦੇ ਹਨ, ਪਰ ਇਹ ਗੱਲ ਅਸਵੀਕਾਰ ਨਹੀਂ ਕੀਤੀ ਜਾ ਸਕਦੀ ਕਿ ਰੰਗ ਮਨੁੱਖੀ ਮਨ ਨਾਲ ਡੂੰਘਾ ਸੰਬੰਧ ਰੱਖਦੇ ਹਨ। ਕੁਦਰਤ ਰੰਗਾਂ ਦੀ ਸਭ ਤੋਂ ਮਹਾਨ ਚਿੱਤਰਕਾਰ ਹੈ। ਸਵੇਰ ਦਾ ਸੂਰਜ ਅਸਮਾਨ ਉੱਤੇ ਸੰਤਰੀ, ਗੁਲਾਬੀ ਅਤੇ ਸੁਨਹਿਰੀ ਰੰਗਾਂ ਦੀਆਂ ਲਕੀਰਾਂ ਖਿੱਚਦਾ ਹੈ। ਜੰਗਲ ਹਰੇ ਰੰਗ ਦੀਆਂ ਅਣਗਿਣਤ ਅਦਾਵਾਂ ਨਾਲ ਸਜਿਆ ਦਿਖਾਈ ਦਿੰਦਾ ਹੈ। ਫੁੱਲ ਲਾਲ, ਪੀਲੇ, ਜ਼ਾਮਨੀ ਅਤੇ ਅਨੇਕਾਂ ਰੰਗਾਂ ਨਾਲ ਧਰਤੀ ਨੂੰ ਸ਼ਿੰਗਾਰਦੇ ਹਨ। ਤਿਤਲੀਆਂ, ਪੰਛੀਆਂ ਅਤੇ ਸੂਰਜ ਡੁੱਬਣ ਦੇ ਦ੍ਰਿਸ਼ ਕੁਦਰਤ ਦੀ ਕਲਾਕਾਰੀ ਦੇ ਅਦਭੁੱਤ ਨਮੂਨੇ ਹਨ। ਕੁਦਰਤ ਦੇ ਇਨ੍ਹਾਂ ਰੰਗਾਂ ਦੇ ਨੇੜੇ ਰਹਿਣਾ ਮਨੁੱਖ ਨੂੰ ਤਣਾਅ ਤੋਂ ਰਾਹਤ ਦੇ ਸਕਦਾ ਹੈ ਅਤੇ ਉਸਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆ ਨਾਲ ਦੁਬਾਰਾ ਜੋੜ ਸਕਦਾ ਹੈ।

ਭਾਰਤੀ ਸੱਭਿਆਚਾਰ ਵਿੱਚ ਤਾਂ ਰੰਗਾਂ ਦੀ ਆਪਣੀ ਵਿਲੱਖਣ ਪਹਿਚਾਣ ਹੈ। ਤਿਉਹਾਰ, ਪਹਿਰਾਵੇ, ਰੰਗੋਲੀ, ਚਿੱਤਰਕਲਾ, ਹਸਤ-ਕਲਾ ਅਤੇ ਧਾਰਮਿਕ ਸਜਾਵਟ—ਹਰ ਥਾਂ ਰੰਗ ਸਾਡੀ ਸੱਭਿਆਚਾਰਕ ਪਛਾਣ ਨੂੰ ਪ੍ਰਗਟ ਕਰਦੇ ਹਨ। ਹੋਲੀ ਰੰਗਾਂ ਦੀ ਖੁਸ਼ੀ, ਮਿਲਾਪ ਅਤੇ ਭਾਈਚਾਰੇ ਦਾ ਸਭ ਤੋਂ ਪ੍ਰਸਿੱਧ ਪ੍ਰਤੀਕ ਹੈ। ਰੰਗ ਸਿਰਫ਼ ਤਿਉਹਾਰਾਂ ਨੂੰ ਸੁੰਦਰ ਨਹੀਂ ਬਣਾਉਂਦੇ, ਸਗੋਂ ਪੀੜ੍ਹੀ ਦਰ ਪੀੜ੍ਹੀ ਸੱਭਿਆਚਾਰਕ ਵਿਰਾਸਤ ਨੂੰ ਅੱਗੇ ਲਿਜਾਣ ਦਾ ਸਾਧਨ ਵੀ ਬਣਦੇ ਹਨ।

ਰੰਗ ਬਿਨਾਂ ਸ਼ਬਦਾਂ ਦੇ ਵੀ ਸੰਚਾਰ ਕਰਦੇ ਹਨ। ਟ੍ਰੈਫ਼ਿਕ ਸਿਗਨਲ ਇਸਦੀ ਸਧਾਰਨ ਪਰ ਸ਼ਕਤੀਸ਼ਾਲੀ ਉਦਾਹਰਨ ਹਨ। ਲਾਲ ਰੰਗ ਰੁੱਕਣ ਦਾ, ਪੀਲਾ ਸਾਵਧਾਨੀ ਦਾ ਅਤੇ ਹਰਾ ਅੱਗੇ ਵੱਧਣ ਦਾ ਸੰਕੇਤ ਦਿੰਦਾ ਹੈ। ਹਸਪਤਾਲਾਂ, ਸਕੂਲਾਂ, ਦਫ਼ਤਰਾਂ ਅਤੇ ਜਨਤਕ ਥਾਵਾਂ 'ਤੇ ਵੱਖ-ਵੱਖ ਰੰਗਾਂ ਦੀ ਵਰਤੋਂ ਜਾਣਕਾਰੀ ਨੂੰ ਤੇਜ਼ੀ ਨਾਲ ਸਮਝਾਉਣ ਲਈ ਕੀਤੀ ਜਾਂਦੀ ਹੈ। ਚੇਤਾਵਨੀ ਵਾਲੇ ਸੰਕੇਤਾਂ ਵਿੱਚ ਚਮਕੀਲੇ ਰੰਗਾਂ ਦੀ ਵਰਤੋਂ ਇਸ ਲਈ ਕੀਤੀ ਜਾਂਦੀ ਹੈ ਤਾਂ ਜੋ ਉਹ ਤੁਰੰਤ ਧਿਆਨ ਖਿੱਚ ਸਕਣ।

ਕਲਾ ਅਤੇ ਸਿਰਜਣਾਤਮਕਤਾ ਵਿੱਚ ਰੰਗਾਂ ਦੀ ਭੂਮਿਕਾ ਹੋਰ ਵੀ ਡੂੰਘੀ ਹੈ। ਇੱਕ ਚਿੱਤਰਕਾਰ ਬਿਨਾਂ ਇੱਕ ਵੀ ਸ਼ਬਦ ਲਿਖੇ ਰੰਗਾਂ ਰਾਹੀਂ ਖੁਸ਼ੀ, ਦੁੱਖ, ਇਕੱਲਾਪਣ, ਆਸ, ਗੁੱਸਾ ਜਾਂ ਪਿਆਰ ਵਰਗੀਆਂ ਭਾਵਨਾਵਾਂ ਪ੍ਰਗਟ ਕਰ ਸਕਦਾ ਹੈ। ਚਿੱਤਰਕਲਾ ਤੋਂ ਲੈ ਕੇ ਫੋਟੋਗ੍ਰਾਫ਼ੀ, ਸਿਨੇਮਾ, ਫੈਸ਼ਨ, ਇਸ਼ਤਿਹਾਰਬਾਜ਼ੀ ਅਤੇ ਅੰਦਰੂਨੀ ਸਜਾਵਟ ਤੱਕ—ਹਰ ਖੇਤਰ ਰੰਗਾਂ ਦੀ ਤਾਕਤ ਨੂੰ ਵਰਤਦਾ ਹੈ। ਕਈ ਵਾਰ ਕਿਸੇ ਤਸਵੀਰ ਜਾਂ ਕਮਰੇ ਦਾ ਕੇਵਲ ਰੰਗ ਬਦਲਣ ਨਾਲ ਉਸਦਾ ਪੂਰਾ ਮਾਹੌਲ ਬਦਲ ਜਾਂਦਾ ਹੈ।

ਵਪਾਰਕ ਸੰਸਾਰ ਨੇ ਵੀ ਰੰਗਾਂ ਦੀ ਇਸ ਤਾਕਤ ਨੂੰ ਬਹੁਤ ਗੰਭੀਰਤਾ ਨਾਲ ਸਮਝਿਆ ਹੈ। ਕੰਪਨੀਆਂ ਆਪਣੇ ਲੋਗੋ, ਪੈਕੇਜਿੰਗ ਅਤੇ ਇਸ਼ਤਿਹਾਰਾਂ ਲਈ ਰੰਗਾਂ ਦੀ ਚੋਣ ਸੋਚ-ਸਮਝ ਕੇ ਕਰਦੀਆਂ ਹਨ। ਇੱਕ ਖਾਸ ਰੰਗ-ਸੰਯੋਜਨ ਕਿਸੇ ਸੰਸਥਾ ਜਾਂ ਉਤਪਾਦ ਵਿੱਚ ਭਰੋਸਾ, ਤਾਜ਼ਗੀ, ਊਰਜਾ, ਸ਼ਾਨ ਜਾਂ ਵਿਸ਼ਵਸਨੀਯਤਾ ਦਾ ਅਹਿਸਾਸ ਪੈਦਾ ਕਰ ਸਕਦਾ ਹੈ। ਇਸ ਲਈ ਰੰਗ ਹੁਣ ਕੇਵਲ ਸਜਾਵਟ ਨਹੀਂ ਰਹੇ; ਇਹ ਪਛਾਣ ਅਤੇ ਸੰਚਾਰ ਦੀ ਭਾਸ਼ਾ ਬਣ ਚੁੱਕੇ ਹਨ।

ਸਾਡੇ ਘਰਾਂ, ਸਕੂਲਾਂ ਅਤੇ ਕੰਮਕਾਜ ਵਾਲੀਆਂ ਥਾਵਾਂ ਦੇ ਰੰਗ ਵੀ ਮਾਹੌਲ ਨੂੰ ਪ੍ਰਭਾਵਿਤ ਕਰਦੇ ਹਨ। ਸੁਹਾਵਣੇ ਅਤੇ ਸੰਤੁਲਿਤ ਰੰਗ ਕਿਸੇ ਥਾਂ ਨੂੰ ਖੁੱਲ੍ਹਾ, ਆਕਰਸ਼ਕ ਅਤੇ ਸਵਾਗਤੀ ਬਣਾ ਸਕਦੇ ਹਨ, ਜਦਕਿ ਹਲਕੇ ਅਤੇ ਨਰਮ ਰੰਗ ਸ਼ਾਂਤ ਮਾਹੌਲ ਪੈਦਾ ਕਰ ਸਕਦੇ ਹਨ। ਇਸੇ ਕਰਕੇ ਆਰਕੀਟੈਕਚਰ ਅਤੇ ਇੰਟੀਰੀਅਰ ਡਿਜ਼ਾਈਨ ਵਿੱਚ ਰੰਗਾਂ ਦੀ ਚੋਣ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ।

ਪਰ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਕਿਸੇ ਰੰਗ ਦਾ ਮਨੋਵਿਗਿਆਨਕ ਪ੍ਰਭਾਵ ਹਰ ਵਿਅਕਤੀ ਉੱਤੇ ਇੱਕੋ ਜਿਹਾ ਨਹੀਂ ਹੁੰਦਾ। ਵਿਅਕਤੀਗਤ ਤਜਰਬੇ, ਸੱਭਿਆਚਾਰਕ ਪਿਛੋਕੜ, ਉਮਰ ਅਤੇ ਹਾਲਾਤ ਕਿਸੇ ਰੰਗ ਪ੍ਰਤੀ ਸਾਡੀ ਪ੍ਰਤੀਕਿਰਿਆ ਨੂੰ ਬਦਲ ਸਕਦੇ ਹਨ। ਜਿਹੜਾ ਰੰਗ ਕਿਸੇ ਇੱਕ ਵਿਅਕਤੀ ਨੂੰ ਸ਼ਾਂਤੀ ਦੇਵੇ, ਉਹੀ ਕਿਸੇ ਦੂਜੇ ਲਈ ਕਿਸੇ ਪੁਰਾਣੀ ਯਾਦ ਦਾ ਕਾਰਨ ਬਣ ਸਕਦਾ ਹੈ। ਇਸ ਲਈ ਰੰਗਾਂ ਨੂੰ ਮਨੁੱਖੀ ਵਿਉਹਾਰ ਦੇ ਪੱਕੇ ਨਿਯਮਾਂ ਦੀ ਬਜਾਏ ਪ੍ਰਭਾਵਸ਼ਾਲੀ ਸੰਕੇਤਾਂ ਵਜੋਂ ਸਮਝਣਾ ਚਾਹੀਦਾ ਹੈ।

ਰੰਗ ਸਾਨੂੰ ਵਿਭਿੰਨਤਾ ਦਾ ਮਹੱਤਵ ਵੀ ਸਿਖਾਉਂਦੇ ਹਨ। ਸਤਰੰਗੀ ਪੀਂਘ ਇਸ ਲਈ ਸੁੰਦਰ ਨਹੀਂ ਕਿ ਉਸ ਵਿੱਚ ਇੱਕ ਹੀ ਰੰਗ ਹੈ, ਬਲਕਿ ਇਸ ਲਈ ਕਿ ਉਸ ਵਿੱਚ ਕਈ ਵੱਖਰੇ ਰੰਗ ਇਕੱਠੇ ਮੌਜੂਦ ਹਨ। ਮਨੁੱਖੀ ਸਮਾਜ ਵੀ ਇਸੇ ਤਰ੍ਹਾਂ ਹੈ। ਭਾਸ਼ਾ, ਸੱਭਿਆਚਾਰ, ਰੂਪ-ਰੰਗ, ਯੋਗਤਾਵਾਂ, ਵਿਚਾਰਾਂ ਅਤੇ ਤਜ਼ਰਬਿਆਂ ਵਿੱਚ ਅੰਤਰ ਸਮਾਜ ਨੂੰ ਕਮਜ਼ੋਰ ਨਹੀਂ ਕਰਦੇ; ਜੇਕਰ ਇਨ੍ਹਾਂ ਨੂੰ ਸਤਿਕਾਰ ਨਾਲ ਸਵੀਕਾਰਿਆ ਜਾਵੇ ਤਾਂ ਇਹ ਸਮਾਜ ਨੂੰ ਹੋਰ ਅਮੀਰ ਅਤੇ ਮਜ਼ਬੂਤ ਬਣਾਉਂਦੇ ਹਨ।

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਮਨੁੱਖ ਕੁਦਰਤ ਦੇ ਅਸਲ ਰੰਗਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਘੰਟਿਆਂ ਸਕ੍ਰੀਨਾਂ ਵੱਲ ਤੱਕਦੇ ਰਹਿਣਾ, ਵੱਧਦਾ ਤਣਾਅ, ਮੁਕਾਬਲੇਬਾਜ਼ੀ ਦੀ ਦੌੜ ਅਤੇ ਮਸਰੂਫ਼ ਜੀਵਨ-ਸ਼ੈਲੀ ਸਾਨੂੰ ਕੁਦਰਤੀ ਸੁੰਦਰਤਾ ਤੋਂ ਵੱਖ ਕਰ ਰਹੀ ਹੈ। ਅਜਿਹੇ ਸਮੇਂ ਵਿੱਚ ਬਾਗ ਵਿੱਚ ਸੈਰ ਕਰਨਾ, ਪੌਦੇ ਲਗਾਉਣਾ, ਸੂਰਜ ਚੜ੍ਹਦਾ ਦੇਖਣਾ, ਚਿੱਤਰਕਾਰੀ ਕਰਨਾ ਜਾਂ ਕੁਦਰਤ ਦੇ ਰੰਗਾਂ ਨੂੰ ਧਿਆਨ ਨਾਲ ਨਿਹਾਰਨਾ ਮਨ ਅਤੇ ਸਰੀਰ ਦੋਵਾਂ ਲਈ ਤਾਜ਼ਗੀ ਭਰਿਆ ਅਨੁਭਵ ਬਣ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਵੀ ਰੰਗਾਂ ਦੀ ਵਰਤੋਂ ਸੰਤੁਲਿਤ ਢੰਗ ਨਾਲ ਹੋਣੀ ਚਾਹੀਦੀ ਹੈ। ਰੰਗੀਨ ਸਿੱਖਿਆ ਸਮੱਗਰੀ ਬੱਚਿਆਂ ਦੀ ਦਿਲਚਸਪੀ ਅਤੇ ਸਿਰਜਣਾਤਮਕਤਾ ਵੱਧਾ ਸਕਦੀ ਹੈ, ਪਰ ਬੇਲੋੜੀ ਚਮਕ-ਦਮਕ ਧਿਆਨ ਭਟਕਾਉਣ ਦਾ ਕਾਰਨ ਵੀ ਬਣ ਸਕਦੀ ਹੈ। ਮਕਸਦ ਹਰ ਚੀਜ਼ ਨੂੰ ਰੰਗੀਨ ਬਣਾਉਣਾ ਨਹੀਂ, ਸਗੋਂ ਰੰਗਾਂ ਦੀ ਸੂਝਵਾਨ ਵਰਤੋਂ ਰਾਹੀਂ ਸਿੱਖਣ ਨੂੰ ਆਸਾਨ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੋਣਾ ਚਾਹੀਦਾ ਹੈ।

ਰੰਗ ਸਾਨੂੰ ਜੀਵਨ ਦਾ ਇੱਕ ਹੋਰ ਮਹੱਤਵਪੂਰਨ ਸੱਚ ਵੀ ਸਮਝਾਉਂਦੇ ਹਨ—ਜ਼ਿੰਦਗੀ ਕਦੇ ਇੱਕੋ ਰੰਗ ਵਿੱਚ ਨਹੀਂ ਰਹਿੰਦੀ। ਕਦੇ ਖੁਸ਼ੀ ਹੁੰਦੀ ਹੈ ਤੇ ਕਦੇ ਦੁੱਖ; ਕਦੇ ਸਫਲਤਾ ਮਿਲਦੀ ਹੈ ਤੇ ਕਦੇ ਅਸਫਲਤਾ; ਕਦੇ ਆਸ ਦੀ ਰੌਸ਼ਨੀ ਹੁੰਦੀ ਹੈ ਤੇ ਕਦੇ ਨਿਰਾਸ਼ਾ ਦੀ ਛਾਂ। ਜਿਵੇਂ ਅਸਮਾਨ ਸਵੇਰ ਤੋਂ ਸ਼ਾਮ ਤੱਕ ਆਪਣੇ ਰੂਪ ਨੂੰ ਬਦਲਦਾ ਰਹਿੰਦਾ ਹੈ, ਉਸੇ ਤਰ੍ਹਾਂ ਮਨੁੱਖੀ ਜੀਵਨ ਵੀ ਲਗਾਤਾਰ ਬਦਲਦਾ ਰਹਿੰਦਾ ਹੈ। ਹਨੇਰਾ ਸਦਾ ਲਈ ਨਹੀਂ ਹੁੰਦਾ; ਉਸ ਤੋਂ ਬਾਅਦ ਰੌਸ਼ਨੀ ਦਾ ਆਉਣਾ ਕੁਦਰਤ ਦਾ ਨਿਯਮ ਹੈ।

ਇਸ ਲਈ ਰੰਗ ਸਿਰਫ਼ ਸੁੰਦਰਤਾ ਨਹੀਂ, ਉਮੀਦ ਦਾ ਸੰਦੇਸ਼ ਵੀ ਹਨ। ਇਹ ਸਾਨੂੰ ਸਿਖਾਉਂਦੇ ਹਨ ਕਿ ਜ਼ਿੰਦਗੀ ਦੇ ਹਰ ਪੜਾਅ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਹਨੇਰੇ ਰੰਗਾਂ ਤੋਂ ਡਰਨਾ ਨਹੀਂ ਅਤੇ ਚਮਕੀਲੇ ਰੰਗਾਂ ਵਿੱਚ ਹੰਕਾਰ ਨਹੀਂ ਕਰਨਾ ਚਾਹੀਦਾ। ਹਰ ਰੰਗ ਦੀ ਆਪਣੀ ਥਾਂ ਅਤੇ ਆਪਣਾ ਮਹੱਤਵ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਰੰਗ ਸਾਡੀ ਜ਼ਿੰਦਗੀ ਦੀ ਮੌਨ ਭਾਸ਼ਾ ਹਨ। ਇਹ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ, ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ, ਸੱਭਿਆਚਾਰ ਨੂੰ ਜੀਵੰਤ ਰੱਖਦੇ ਹਨ, ਕਲਾ ਨੂੰ ਅਰਥ ਦਿੰਦੇ ਹਨ, ਸੰਚਾਰ ਨੂੰ ਸੌਖਾ ਕਰਦੇ ਹਨ ਅਤੇ ਸਾਨੂੰ ਕੁਦਰਤ ਨਾਲ ਜੋੜਦੇ ਹਨ।

ਜ਼ਿੰਦਗੀ ਇੱਕ ਕੈਨਵਸ ਹੈ ਅਤੇ ਸਾਡਾ ਹਰ ਤਜ਼ਰਬਾ ਇਸ ਉੱਤੇ ਇੱਕ ਨਵਾਂ ਰੰਗ ਭਰਦਾ ਹੈ। ਕੁਝ ਰੰਗ ਚਮਕੀਲੇ ਹੁੰਦੇ ਹਨ, ਕੁਝ ਗੂੜ੍ਹੇ; ਕੁਝ ਖੁਸ਼ੀ ਦੇ ਹੁੰਦੇ ਹਨ ਤੇ ਕੁਝ ਦਰਦ ਦੇ। ਪਰ ਇਨ੍ਹਾਂ ਸਾਰੇ ਰੰਗਾਂ ਦੇ ਮਿਲਾਪ ਨਾਲ ਹੀ ਸਾਡੀ ਜ਼ਿੰਦਗੀ ਦੀ ਵਿਲੱਖਣ ਤਸਵੀਰ ਬਣਦੀ ਹੈ।

ਸਾਨੂੰ ਜ਼ਿੰਦਗੀ ਦੀ ਕਲਾ ਇਹ ਸਿੱਖਣੀ ਚਾਹੀਦੀ ਹੈ ਕਿ ਹਰ ਰੰਗ ਦੀ ਕਦਰ ਕਰੀਏ, ਹਰ ਛਾਂ ਨੂੰ ਸਵੀਕਾਰ ਕਰੀਏ ਅਤੇ ਆਪਣੀ ਜ਼ਿੰਦਗੀ ਦੇ ਕੈਨਵਸ ਨੂੰ ਆਸ, ਹਿੰਮਤ, ਦਇਆ, ਸਿਰਜਣਾਤਮਕਤਾ ਅਤੇ ਮਕਸਦ ਦੇ ਰੰਗਾਂ ਨਾਲ ਸਜਾਉਂਦੇ ਰਹੀਏ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਭਾਰਤ ਦਾ ਕੋਹਿਨੂਰ ਹੀ ਨਹੀਂ, ਇਨ੍ਹਾਂ 4 ਦੇਸ਼ਾਂ ਦੀ ਅਨਮੋਲ ਵਿਰਾਸਤ ਵੀ ਲੁੱਟ ਕੇ ਲੈ ਗਏ ਸਨ ਅੰਗਰੇਜ਼



ਦੇਸ਼ ਭਰ ਵਿੱਚ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਇਨ੍ਹਾਂ ਜਸ਼ਨਾਂ ਦੇ ਵਿਚਕਾਰ ਜਿਵੇਂ ਕਿ ਅਸੀਂ ਆਪਣੇ ਸ਼ਾਨਦਾਰ ਇਤਿਹਾਸ 'ਤੇ ਵਿਚਾਰ ਕਰਦੇ ਹਾਂ, ਬ੍ਰਿਟਿਸ਼ ਸ਼ਾਸਨ ਦੇ ਯੁੱਗ ਦੌਰਾਨ ਕੀਤੀ ਗਈ ਲੁੱਟ ਨੂੰ ਯਾਦ ਕਰਨਾ ਲਾਜ਼ਮੀ ਹੈ । ਇੱਕ ਅਜਿਹਾ ਦੌਰ ਜਿਸ ਨੇ ਦੁਨੀਆ ਭਰ ਦੇ ਦੇਸ਼ਾਂ ਤੋਂ ਦੌਲਤ ਅਤੇ ਸਰੋਤਾਂ ਨੂੰ ਖ਼ਤਮ ਕਰ ਦਿੱਤਾ ਸੀ।

ਜਦੋਂ ਕਿ ਕੋਹ-ਏ-ਨੂਰ ਦੀ ਅਕਸਰ ਚਰਚਾ ਕੀਤੀ ਜਾਂਦੀ ਹੈ, ਕੀ ਤੁਸੀਂ ਜਾਣਦੇ ਹੋ ਕਿ ਇਹ ਭਾਰਤੀ ਹੀਰਾ ਬ੍ਰਿਟਿਸ਼ ਸੰਗ੍ਰਹਿ ਵਿੱਚ ਇਕਲੌਤਾ ਖਜ਼ਾਨਾ ਨਹੀਂ ਹੈ? ਇਤਿਹਾਸ ਚਾਰ ਹੋਰ ਅਨਮੋਲ ਕਲਾਕ੍ਰਿਤੀਆਂ ਨੂੰ ਦਰਜ ਕਰਦਾ ਹੈ ਜੋ ਬ੍ਰਿਟਿਸ਼ ਸ਼ਾਸਨ ਦੌਰਾਨ ਵੱਖ-ਵੱਖ ਦੇਸ਼ਾਂ ਤੋਂ ਲੁੱਟੀਆਂ ਗਈਆਂ ਸਨ। ਆਓ ਇਨ੍ਹਾਂ ਇਤਿਹਾਸਕ ਖਜ਼ਾਨਿਆਂ ਦੀ ਵਿਸਥਾਰ ਵਿੱਚ ਪੜਚੋਲ ਕਰੀਏ।

**ਕੋਹ-ਏ-ਨੂਰ ਹੀਰਾ**

ਦੁਨੀਆ ਦੇ ਸਭ ਤੋਂ ਦੁਰਲੱਭ ਅਤੇ ਸਭ ਤੋਂ ਮਹਿੰਗੇ ਹੀਰਿਆਂ ਵਿੱਚ ਗਿਣਿਆ ਜਾਣ ਵਾਲਾ ਕੋਹ-ਏ-ਨੂਰ, ਇੱਕ ਲੰਮਾ ਅਤੇ ਇਤਿਹਾਸਕ ਇਤਿਹਾਸ ਰੱਖਦਾ ਹੈ। ਇਹ 14ਵੀਂ ਸਦੀ ਵਿੱਚ ਕਾਕਤੀਆ ਰਾਜਵੰਸ਼ ਦੇ ਰਾਜ ਦੌਰਾਨ ਆਂਧਰਾ ਪ੍ਰਦੇਸ਼ ਦੇ ਗੁੰਟੂਰ ਵਿੱਚ ਖੋਜਿਆ ਗਿਆ ਸੀ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਅਸਲ ਵਿੱਚ ਵਾਰੰਗਲ ਦੇ ਇੱਕ ਹਿੰਦੂ ਮੰਦਰ ਵਿੱਚ ਇੱਕ ਦੇਵਤੇ ਦੀ ਅੱਖ ਵਜੋਂ ਸਥਾਪਿਤ ਕੀਤਾ ਗਿਆ ਸੀ; ਇਸਨੂੰ ਬਾਅਦ ਵਿੱਚ ਉੱਥੋਂ ਹਟਾ ਦਿੱਤਾ ਗਿਆ ਅਤੇ ਰਾਣੀ ਨੂੰ ਤੋਹਫ਼ੇ ਵਜੋਂ ਭੇਟ ਕੀਤਾ ਗਿਆ। 1849 ਵਿੱਚ ਅੰਗਰੇਜ਼ਾਂ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਨੂੰ ਹਰਾਉਣ ਅਤੇ ਪੰਜਾਬ ਨੂੰ ਆਪਣੇ ਨਾਲ ਮਿਲਾਉਣ ਤੋਂ ਬਾਅਦ ਹੀਰਾ ਰਾਣੀ ਵਿਕਟੋਰੀਆ ਨੂੰ ਸੌਂਪ ਦਿੱਤਾ ਗਿਆ। ਅੱਜ, ਇਸਨੂੰ ਲੰਡਨ ਦੇ ਟਾਵਰ ਵਿਖੇ ਜਵੇਲ ਹਾਊਸ ਦੇ ਅੰਦਰ ਸਖ਼ਤ ਸੁਰੱਖਿਆ ਹੇਠ ਰੱਖਿਆ ਗਿਆ ਹੈ ਅਤੇ ਰਾਣੀ ਦੇ ਤਾਜ ਦਾ ਹਿੱਸਾ ਬਣਦਾ ਹੈ।

**ਐਲਗਿਨ ਮਾਰਬਲਜ਼**

ਬ੍ਰਿਟਿਸ਼ ਅਜਾਇਬ ਘਰ ਵਿੱਚ ਰੱਖਿਆ ਗਿਆ ਇੱਕ ਹੋਰ ਅਵਿਸ਼ਵਾਸ਼ਯੋਗ ਕੀਮਤੀ ਖਜ਼ਾਨਾ 'ਐਲਗਿਨ ਮਾਰਬਲਜ਼' ਹੈ। ਇਹ ਯੂਨਾਨ ਤੋਂ ਉਤਪੰਨ ਹੋਏ ਹਨ। ਕਿਹਾ ਜਾਂਦਾ ਹੈ ਕਿ 1803 ਵਿੱਚ, ਲਾਰਡ ਐਲਗਿਨ ਨੇ ਯੂਨਾਨ ਦੇ ਇਤਿਹਾਸਕ ਪਾਰਥੇਨਨ ਦੀਆਂ ਕੰਧਾਂ ਤੋਂ ਇਨ੍ਹਾਂ ਪੱਥਰ ਦੀਆਂ ਮੂਰਤੀਆਂ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਲੰਡਨ ਪਹੁੰਚਾ ਦਿੱਤਾ। ਯੂਨਾਨ ਸੱਭਿਆਚਾਰਕ ਚੋਰੀ ਦੇ ਇਸ ਕੰਮ ਨੂੰ ਕਦੇ ਨਹੀਂ ਭੁੱਲਿਆ ਹੈ ਅਤੇ 1925 ਤੋਂ ਬ੍ਰਿਟੇਨ ਤੋਂ ਇਸ ਵਿਰਾਸਤ ਦੀ ਵਾਪਸੀ ਦੀ ਲਗਾਤਾਰ ਮੰਗ ਕਰ ਰਿਹਾ ਹੈ। ਹਾਲਾਂਕਿ, ਇਹ ਸੰਗਮਰਮਰ ਅੱਜ ਵੀ ਬ੍ਰਿਟਿਸ਼ ਅਜਾਇਬ ਘਰ ਨੂੰ ਸ਼ਿੰਗਾਰਦੇ ਹਨ।

**ਅਫਰੀਕਾ ਦਾ ਮਹਾਨ ਤਾਰਾ**

ਬ੍ਰਿਟਿਸ਼ ਕਬਜ਼ੇ ਵਿੱਚ ਇੱਕ ਹੋਰ ਸ਼ਾਨਦਾਰ ਹੀਰਾ 'ਅਫਰੀਕਾ ਦਾ ਮਹਾਨ ਤਾਰਾ' ਹੈ। ਇਸਨੂੰ ਦੁਨੀਆ ਦਾ ਸਭ ਤੋਂ ਵੱਡਾ ਹੀਰਾ ਮੰਨਿਆ ਜਾਂਦਾ ਹੈ। ਲਗਭਗ 530 ਕੈਰੇਟ ਦਾ ਭਾਰ, ਇਸਦੀ ਕੀਮਤ ਅੱਜ ਲਗਭਗ 400 ਮਿਲੀਅਨ ਅਮਰੀਕੀ ਡਾਲਰ ਹੈ।

ਇਹ ਹੀਰਾ 1905 ਵਿੱਚ ਦੱਖਣੀ ਅਫਰੀਕਾ ਦੀ ਇੱਕ ਖਾਨ ਵਿੱਚੋਂ ਕੱਢਿਆ ਗਿਆ ਸੀ ਅਤੇ ਬਾਅਦ ਵਿੱਚ ਰਾਜਾ ਐਡਵਰਡ ਡਜ਼ੀ ਨੂੰ ਭੇਟ ਕੀਤਾ ਗਿਆ ਸੀ। ਬਹੁਤ ਸਾਰੇ ਇਤਿਹਾਸਕਾਰ ਸਪੱਸ਼ਟ ਤੌਰ 'ਤੇ ਦਾਅਵਾ ਕਰਦੇ ਹਨ ਕਿ ਬ੍ਰਿਟਿਸ਼ ਸਰਕਾਰ ਨੇ ਐਡਵਰਡ ਦੇ ਰਾਜ ਦੌਰਾਨ ਇਸ ਹੀਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੋਰੀ ਕੀਤਾ ਸੀ।

**ਟੀਪੂ ਸੁਲਤਾਨ ਦੀ ਅੰਗੂਠੀ**

ਟੀਪੂ ਸੁਲਤਾਨ ਦੀ ਅੰਗੂਠੀ ਬ੍ਰਿਟਿਸ਼ ਸਾਮਰਾਜ ਦੀ ਲੁੱਟ ਦੇ ਇੱਕ ਹੋਰ ਦਰਦਨਾਕ ਪ੍ਰਮਾਣ ਵਜੋਂ ਖੜ੍ਹੀ ਹੈ। 1799 ਵਿੱਚ ਬ੍ਰਿਟਿਸ਼ਾਂ ਵਿਰੁੱਧ ਜੰਗ ਵਿੱਚ ਆਪਣੀ ਹਾਰ ਤੋਂ ਬਾਅਦ ਟੀਪੂ ਸੁਲਤਾਨ ਦੇ ਸ਼ਹੀਦ ਹੋਣ ਤੋਂ ਬਾਅਦ, ਬ੍ਰਿਟਿਸ਼ਾਂ ਨੇ ਬੇਰਹਿਮੀ ਨਾਲ ਇਸ ਅੰਗੂਠੀ ਨੂੰ ਉਸਦੇ ਬੇਜਾਨ ਸਰੀਰ ਤੋਂ ਹਟਾ ਦਿੱਤਾ।

ਬਾਅਦ ਵਿੱਚ, ਇਸ ਅਨਮੋਲ ਅਤੇ ਇਤਿਹਾਸਕ ਅੰਗੂਠੀ ਨੂੰ ਬ੍ਰਿਟੇਨ ਵਿੱਚ ਨਿਲਾਮ ਕੀਤਾ ਗਿਆ। ਇੱਕ ਗੁਮਨਾਮ ਖਰੀਦਦਾਰ ਨੇ ਇਸਨੂੰ ਪ੍ਰਾਪਤ ਕਰਨ ਲਈ 145,000 ਬ੍ਰਿਟਿਸ਼ ਪੌਂਡ ਦੀ ਇੱਕ ਹੈਰਾਨਕੁਨ ਰਕਮ ਅਦਾ ਕੀਤੀ।

**ਰੋਸੇਟਾ ਪੱਥਰ**

ਇੱਕ ਹੋਰ ਇਤਿਹਾਸਕ ਕਲਾਕ੍ਰਿਤੀ, 'ਰੋਸੇਟਾ ਪੱਥਰ', ਲੰਡਨ ਦੇ ਬ੍ਰਿਟਿਸ਼ ਅਜਾਇਬ ਘਰ ਵਿੱਚ ਪ੍ਰਦਰਸ਼ਿਤ ਹੈ। ਕਈ ਪ੍ਰਸਿੱਧ ਪੁਰਾਤੱਤਵ-ਵਿਗਿਆਨੀਆਂ ਦਾ ਕਹਿਣਾ ਹੈ ਕਿ 1800 ਦੇ ਦਹਾਕੇ ਦੌਰਾਨ ਫਰਾਂਸ ਨੂੰ ਜੰਗ ਵਿੱਚ ਹਰਾਉਣ ਤੋਂ ਬਾਅਦ ਅੰਗਰੇਜ਼ਾਂ ਨੇ ਇਸ ਅਨਮੋਲ ਪੱਥਰ ਨੂੰ ਜ਼ਬਤ ਕਰ ਲਿਆ ਸੀ।

ਕੋਹ-ਏ-ਨੂਰ ਅਤੇ ਟੀਪੂ ਸੁਲਤਾਨ ਦੀ ਅੰਗੂਠੀ ਤੋਂ ਲੈ ਕੇ ਅਫ਼ਰੀਕੀ ਹੀਰੇ ਤੱਕ, ਇਹ ਸਾਰੀਆਂ ਚੀਜ਼ਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਕਿਵੇਂ ਬ੍ਰਿਟਿਸ਼ ਸਾਮਰਾਜ ਨੇ ਦੁਨੀਆ ਭਰ ਦੇ ਅਨਮੋਲ ਸੱਭਿਆਚਾਰਕ ਖਜ਼ਾਨਿਆਂ ਨੂੰ ਹੜੱਪਿਆ। ਇਹੀ ਕਾਰਨ ਹੈ ਕਿ ਬਹੁਤ ਸਾਰੇ ਦੇਸ਼ ਹੁਣ ਇਨ੍ਹਾਂ ਸੱਭਿਆਚਾਰਕ ਸੰਪਤੀਆਂ ਦੀ ਵਾਪਸੀ ਦੀ ਮੰਗ ਕਰ ਰਹੇ ਹਨ।

# ਹੀਟਵੇਵ ਦਾ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਪੈਣ ਵਾਲਾ ਅਸਰ: ਵਿਸ਼ਵ ਅਧਿਐਨ ਦੇ ਹੈਰਾਨ ਕਰਨ ਵਾਲੇ ਖੁਲਾਸੇ

ਤਾਪਮਾਨ, ਹੀਟਵੇਵ ਤੇ ਮਾਨਸਿਕ ਸਿਹਤ ਦਰਮਿਆਨ ਸਬੰਧ 'ਤੇ ਕੀਤੇ ਗਏ ਵਿਸ਼ਵ ਅਧਿਐਨ ਦੀ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਪੰਜ ਤੋਂ 18 ਸਾਲ ਦੀ ਉਮਰ ਦੇ ਬੱਚੇ ਸਭ ਤੋਂ ਜ਼ਿਆਦਾ ਖਤਰੇ 'ਚ ਹਨ। ਅਧਿਐਨ 'ਚ ਨਤੀਜੇ ਇੰਟਰਨੈਸ਼ਨਲ ਜਰਨਲ ਆਫ ਐਪੀਡੈਮੀਓਲਾਜੀ 'ਚ ਛਪਿਆ ਹੈ। ਆਸਟ੍ਰੇਲੀਆ ਦੀ ਫਲਿੰਡਰਸ ਯੂਨੀਵਰਸਿਟੀ ਦੇ ਕਾਲਜ ਆਫ ਮੈਡੀਸਨ ਐਂਡ ਪਬਲਿਕ ਹੈਲਥ 'ਚ ਐਪੀਡੈਮੀਓਲਾਜਿਸਟ ਤੇ ਐਸੋਸ਼ੀਏ ਪ੍ਰੋਫੈਸਰ ਸਟੀਫਨਸ ਨੇ ਕਿਹਾ ਕਿ ਬੱਚਿਆਂ ਦੇ ਪੌਣ ਪਾਣੀ ਪਰਿਵਰਤਨ ਨਾਲ ਜ਼ਿਆਦਾ ਪ੍ਰਭਾਵਿਤ ਹੋਣ ਦੇ ਕਈ ਕਾਰਨ ਹਨ, ਜਿਹੜੇ ਸਮਾਜਿਕ ਤੇ ਵਿਕਾਸ ਨਾਲ ਜੁੜੇ ਤਣਾਵਾਂ ਨਾਲ ਜੁੜੇ ਹਨ। ਇਨ੍ਹਾਂ 'ਚ ਬਾਹਰੀ ਸਰਗਰਮੀਆਂ, ਉਨ੍ਹਾਂ ਦੀ ਸਿੱਖਿਆ ਤੇ ਮਨੋਰੰਜਨ ਦੇ ਮੌਕਿਆਂ 'ਚ ਰੁਕਾਵਟਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜਵਾਨੀ ਦੇ ਅਵਸਥਾ ਮਾਨਸਿਕ ਸਿਹਤ ਦੇ ਵਿਕਾਸ ਲਈ ਵੀ ਇਕ ਸੰਵੇਦਨਸ਼ੀਲ ਦੌਰ ਹੁੰਦਾ ਹੈ, ਜਿਸ ਨਾਲ ਜ਼ਿਆਦਾ ਗਰਮੀ ਤੋਂ ਪ੍ਰਭਾਵਿਤ ਹੋਣ ਦਾ ਖਤਰਾ ਵੱਧ ਸਕਦਾ ਹੈ। ਜ਼ਿਆਦਾ ਤਾਪਮਾਨ ਦਾ ਸਬੰਧ ਬੱਚਿਆਂ 'ਚ ਸਿੱਖਣ ਤੇ ਪੜ੍ਹਾਈ-ਲਿਖਾਈ 'ਚ ਖਰਾਬ ਪ੍ਰਦਰਸ਼ਨ ਨਾਲ ਵੀ ਰਿਹਾ ਹੈ। 23 ਵਿਸ਼ਵ ਅਧਿਐਨਾਂ ਦੇ ਡਾਟਿਆਂ ਦੀ ਸਮੀਖਿਆ ਕਰਨ ਵਾਲੇ ਖੋਜਕਰਤਾਵਾਂ ਨੇ ਪਾਇਆ ਕਿ ਹੀਟਵੇਵ ਦੌਰਾਨ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦਾ ਖਤਰਾ 25 ਫ਼ੀਸਦੀ ਤੇ ਜ਼ਿਆਦਾ ਤਾਪਮਾਨ 'ਚ 1.5 ਫ਼ੀਸਦੀ ਵੱਧ ਜਾਂਦਾ ਹੈ। ਸਟੀਫਨਸ ਨੇ ਕਿਹਾ ਕਿ ਇਸਦੇ ਅਸਰ ਨਾਲ ਗਰਮ ਰਾਤਾਂ 'ਚ ਨੀਂਦ 'ਚ ਰੁਕਾਵਟ ਪੈਣਾ ਸ਼ਾਮਲ ਹੋ ਸਕਦਾ ਹੈ, ਜਿਸ ਨਾਲ ਸਿਹਤ ਤੇ ਭਾਵਨਾਵਾਂ ਨੂੰਸੰਭਾਲਣ ਦੀ ਸਮਰੱਥਾ 'ਤੇ ਅਸਰ ਪੈ ਸਕਦਾ ਹੈ। ਨਾਲ ਹੀ, ਮਾਤਾ-ਪਿਤਾ ਦੀ ਮਾਨਸਿਕ ਸਿਹਤ, ਦੇਖਭਾਲ ਦਾ ਤਣਾਅ ਤੇ ਪਰਿਵਾਰ 'ਚ ਝਗੜੇ ਵਰਗੇ ਅਸਿੱਧੇ ਅਸਰ ਵੀ ਹੋ ਸਕਦੇ ਹਨ। ਇਹ ਸਾਰੇ ਹੀਟਵੇਵ ਤੇ ਮੌਸਮ ਦੀ ਸਿਖਰ ਘਟਨਾਵਾਂ ਦੌਰਾਨ ਵੱਧ ਜਾਂਦੇ ਹਨ, ਜਿਹੜੇ ਹੁਣ ਆਮ ਹੁੰਦੀਆਂ ਜਾ ਰਹੀਆਂ ਹਨ। ਇਹ ਨਤੀਜੇ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਪੌਣ ਪਾਣੀ ਅਨੁਕੂਲ ਦੀਆਂ ਕੋਸ਼ਿਸ਼ਾਂ 'ਚ ਮਾਨਸਿਕ ਸਿਹਤ ਨੂੰ ਸ਼ਾਮਲ ਕੀਤਾ ਜਾਏ ਤੇ ਬੱਚਿਆਂ ਤੇ ਨੌਜਵਾਨਾਂ ਲਈ ਖਾਸ ਉਪਾਅ ਕੀਤੇ ਜਾਣ।












# ਰਾਸ਼ੀਫਲ



**ਮੇਸ਼ :** ਤੁਹਾਡੇ ਅੰਤਰ-ਵਿਅਕਤੀਗਤ ਕੌਸ਼ਲ ਅੱਜ ਤੁਹਾਡੇ ਹੱਕ ਵਿੱਚ ਕੰਮ ਕਰਨਗੇ ਅਤੇ ਤੁਹਾਨੂੰ ਸਫਲਤਾ ਵੱਲ ਲੈ ਕੇ ਜਾਣਗੇ। ਆਪਣੇ ਵਿਚਾਰਾਂ ਨੂੰ ਪ੍ਰਕਟ ਕਰਨਾ ਲਾਭਦਾਇਕ ਸਾਬਿਤ ਹੋਵੇਗਾ। ਤੁਸੀਂ ਸੰਭਾਵਿਤ ਤੌਰ ਤੇ ਲਾਭਦਾਇਕ ਵਿੱਤੀ ਬੈਲੈਂਸ ਸ਼ੀਟ ਦੇਖੋਗੇ। ਫੇਰ ਵੀ, ਦੁਰਘਟਨਾਵਾਂ ਜਾਂ ਬਿਮਾਰੀ ਪ੍ਰਤੀ ਬਹੁਤ ਧਿਆਨ ਦਿਓ ਕਿਉਂਕਿ ਇਸ ਦੇ ਹੋਣ ਦੀਆਂ ਸੰਭਾਵਨਾਵਾਂ ਹਨ।

**ਵ੍ਰਿਸ਼ਭ :** ਅੱਜ ਤੁਹਾਡਾ ਦਿਨ ਵਧੀਆ ਅਤੇ ਖੁਸ਼ੀਆਂ ਭਰਿਆ ਰਹੇਗਾ। ਤੁਸੀਂ ਜੋਸ਼ੀਲੇ ਜਾਂ ਬੇਚੈਨ ਹੋ ਸਕਦੇ ਹੋ ਪਰ ਅੱਜ, ਤੁਹਾਡਾ ਪੂਰਾ ਧਿਆਨ ਤੁਹਾਡੇ ਵੱਲੋਂ ਕੀਤੇ ਕੰਮ 'ਤੇ ਹੋਵੇਗਾ। ਤੁਸੀਂ ਸੰਭਾਵਿਤ ਤੌਰ ਤੇ ਆਪਣੀ ਸ਼ਾਮ ਆਪਣੇ ਦੋਸਤਾਂ ਨਾਲ ਗੱਲਾਂ-ਬਾਤਾਂ ਕਰਦੇ ਬਿਤਾ ਸਕਦੇ ਹੋ।

**ਮਿਥੁਨ :** ਅੱਜ ਤੁਹਾਡੇ ਘਰ ਵਿੱਚ ਵਿਵਾਦ ਹੋਣ ਦੀ ਸੰਭਾਵਨਾ ਹੈ। ਤੁਹਾਡੇ ਪਰਿਵਾਰ ਦੇ ਜੀਆਂ ਵੱਲੋਂ ਕੀਤੀਆਂ ਮੰਗਾਂ ਵਧਣਗੀਆਂ, ਅਤੇ ਤੁਸੀਂ ਉਹਨਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰ ਸਕਦੇ ਹੋ। ਇਹ ਤੁਹਾਨੂੰ ਗੁੱਸਾ ਦਵਾ ਸਕਦਾ ਹੈ। ਤੁਸੀਂ ਇਹਨਾਂ ਮੰਗਾਂ ਨੂੰ ਪੂਰੀਆਂ ਕਰਨ ਵਿੱਚ ਭਾਰੀ ਖਰਚ ਕਰੋਗੇ। ਤੁਹਾਨੂੰ ਆਪਣੇ ਖਰਚੇ ਘੱਟ ਕਰਨ ਅਤੇ ਬੱਚਤਾਂ ਵਧਾਉਣ ਦੀ ਲੋੜ ਹੈ।

**ਕਰਕ :** ਅੱਜ ਦੇ ਦਿਨ ਤੁਸੀਂ ਆਪਣੇ ਆਪ ਨੂੰ ਪ੍ਰਸੰਨਤਾ ਭਰੇ ਭਾਵਾਂ ਵਿੱਚ ਪਾਓਗੇ। ਕਿਉਂਕਿ ਤੁਸੀਂ ਖੁਸ਼ ਅਤੇ ਜੋਸ਼ ਵਿੱਚ ਮਹਿਸੂਸ ਕਰ ਰਹੇ ਹੋ, ਤੁਸੀਂ ਸਖਤ ਮਿਹਨਤ ਕਰਨ ਵਿੱਚ ਸੰਕੋਚ ਮਹਿਸੂਸ ਨਹੀਂ ਕਰੋਗੇ, ਭਾਵੇਂ ਇਹ ਕੁਝ ਬੇਮਤਲਬ ਦੀਆਂ ਗਤੀਵਿਧੀਆਂ ਜਾਂ ਕੰਮ ਵਿੱਚ ਕਿਉਂ ਨਾ ਹੋਵੇ। ਇਹ ਬਾਗਬਾਨੀ, ਖਾਣਾ ਪਕਾਉਣ, ਬੇਕਿੰਗ ਅਤੇ ਇੱਥੋਂ ਤੱਕ ਕਿ ਵਧੀਆ ਨਿੱਘੇ ਮੇਲ-ਮਿਲਾਪ ਜਿਹੀਆਂ ਗਤੀਵਿਧੀਆਂ ਲਈ ਉੱਤਮ ਦਿਨ ਹੈ। ਸ਼ਾਮ ਦੇ ਸਿਤਾਰੇ ਤੁਹਾਨੂੰ ਬਾਹਰ ਜਾਣ ਅਤੇ ਆਪਣੇ ਪਿਆਰੇ 'ਤੇ - ਭਾਵਨਾ, ਪੈਸੇ ਜਾਂ ਸਮਾਂ ਨਿਛਾਵਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ।

**ਸਿੰਘ:** ਵਿਕਰੀਆਂ ਅਤੇ ਬਾਜ਼ਾਰੀਕਰਨ ਸੰਬੰਧਿਤ ਨੌਕਰੀਆਂ ਵਿੱਚ ਸ਼ਾਮਿਲ ਲੋਕ ਅੱਜ ਉਤਪਾਦਕ ਬੈਠਕਾਂ ਵਿੱਚ ਭਾਗ ਲੈਣਗੇ ਅਤੇ ਪ੍ਰਭਾਵੀ ਪੇਸ਼ਕਾਰੀਆਂ ਕਰਨਗੇ। ਹਾਲਾਂਕਿ, ਯਾਤਰਾ ਵਿੱਚ ਦੇਰੀਆਂ ਦੀ ਸੰਭਾਵਨਾ ਹੈ। ਇਹ ਤੁਹਾਡੀਆਂ ਬੁਨਿਆਦੀ ਸਮਰੱਥਾਵਾਂ ਨੂੰ ਪਛਾਣਨ ਦਾ ਉੱਤਮ ਸਮਾਂ ਹੈ। ਤੁਸੀਂ ਅਗਲੇ 2-3 ਦਿਨਾਂ ਵਿੱਚ ਆਪਣੀ ਕੀਮਤ ਸਾਬਿਤ ਕਰ ਪਾਓਗੇ।

**ਕੰਨਿਆ :** ਅੱਜ ਪਰਿਵਾਰਿਕ ਮਾਮਲੇ ਹਾਵੀ ਰਹਿਣਗੇ। ਉਹ ਬਾਕੀ ਸਭ ਕੁਝ ਭੁਲਾਉਂਦੇ ਹੋਏ ਤੁਹਾਡੇ ਵਿਚਾਰਾਂ ਨੂੰ ਵੀ ਨਿਯੰਤਰਿਤ ਕਰਨਗੇ। ਚੀਜ਼ਾਂ ਵਪਾਰਕ ਪੱਖੋਂ ਵਧੀਆ ਰਹਿਣਗੀਆਂ। ਤੁਸੀਂ ਸ਼ਾਮ ਨੂੰ ਆਰਾਮ ਕਰਨ ਵਿੱਚ ਸਮਾਂ ਬਿਤਾ ਸਕਦੇ ਹੋ। ਧਾਰਮਿਕ ਥਾਂ 'ਤੇ ਯਾਤਰਾ ਹੋਣ ਦੀ ਸੰਭਾਵਨਾ ਹੈ।

**ਤੁਲਾ :** ਅੱਜ ਅਜਿਹਾ ਦਿਨ ਹੈ ਜਦੋਂ ਤੁਸੀਂ ਆਪਣੇ ਪਰਿਵਾਰ ਦੇ ਜੀਆਂ ਨਾਲ ਖੁਸ਼ੀ ਭਰੇ ਪਲ ਬਿਤਾਓਗੇ। ਤੁਸੀਂ ਖੁਸ਼ ਮਹਿਸੂਸ ਕਰੋਗੇ ਅਤੇ ਤੁਹਾਨੂੰ ਆਪਣੇ ਪਿਆਰੇ ਨਾਲ ਕੁਝ ਰੋਮਾਂਟਿਕ ਸਮਾਂ ਬਿਤਾਉਣ ਨੂੰ ਮਿਲੇਗਾ। ਤੁਹਾਡੀਆਂ ਅੰਦਰੂਨੀ ਭਾਵਨਾਵਾਂ ਤੁਹਾਡੇ ਜੀਵਨ ਸਾਥੀ ਦੇ ਅੰਦਰੂਨੀ ਵਿਚਾਰਾਂ ਵਿੱਚ ਦਿਖਾਈ ਦੇਣਗੀਆਂ, ਅਤੇ ਅੱਜ ਤੁਸੀਂ ਦੋਨੋਂ ਇੱਕ ਦੂਜੇ ਦੇ ਨਾਲ-ਨਾਲ ਹੋਵੋਗੇ। ਨੇੜਤਾ ਦੇ ਇਹਨਾਂ ਸੁਹਾਵਨੇ ਪਲਾਂ ਦਾ ਆਨੰਦ ਮਾਣੋ।

**ਵ੍ਰਿਸ਼ਚਿਕ :** ਅਸੀਂ ਆਪਣੀ ਸਿਹਤ ਨੂੰ ਸਭ ਤੋਂ ਜ਼ਿਆਦਾ ਨਜ਼ਰਅੰਦਾਜ਼ ਕਰਦੇ ਹਾਂ। ਹਾਲਾਂਕਿ, ਅੱਜ ਤੁਸੀਂ ਅਜਿਹਾ ਨਹੀਂ ਕਰ ਪਾਓਗੇ। ਤੁਹਾਡੀ ਸਿਹਤ ਵੱਲ ਕਾਫੀ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਤੁਸੀਂ ਬਿਮਾਰੀ/ਬਿਮਾਰੀਆਂ ਤੋਂ ਪੀੜ੍ਹਤ ਹੋ ਸਕਦੇ ਹੋ। ਸਿਹਤਮੰਦ ਭੋਜਨ ਅਤੇ ਲਗਾਤਾਰ ਕਸਰਤ ਨੂੰ ਆਪਣੇ ਰੁਟੀਨ ਵਿੱਚ ਨਿਯਮਿਤ ਤੌਰ ਤੇ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰੋ।

**ਧਨੁ :** ਮੁਸ਼ਕਿਲ ਸਮਾਂ ਹਮੇਸ਼ਾ ਨਹੀਂ ਰਹਿੰਦਾ, ਪਰ ਬਹਾਦਰ ਲੋਕ ਹਮੇਸ਼ਾ ਲਈ ਰਹਿੰਦੇ ਹਨ, ਇਸ ਗੱਲ ਨੂੰ ਯਾਦ ਰੱਖੋ ਅਤੇ ਜੀਵਨ ਵਿੱਚ ਅੱਗੇ ਵਧੋ। ਆਪਣੇ ਆਸ਼ਾਵਾਦੀ ਰਵਈਏ ਨਾਲ ਗੁੰਝਲਦਾਰ ਜੀਵਨ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕਰੋ। ਜਦੋਂ ਲੋੜ ਹੋਵੇ ਉਦੋਂ ਬੋਲੋ ਅਤੇ ਬੇਲੋੜੇ ਤਣਾਅ ਨਾਲ ਢੇਰੀ ਨਾ ਢਾਹੋ।

**ਮਕਰ :** ਤੁਸੀਂ ਬਹੁਤ ਸਾਰੇ ਭਾਵਨਾਤਮਕ ਬੇਵਕੂਫਾਂ ਬਾਰੇ ਸੁਣਿਆ ਹੋਵੇਗਾ ਜੋ ਭਾਵਨਾਵਾਂ ਨੂੰ ਆਪਣੇ ਜੀਵਨ 'ਤੇ ਹਾਵੀ ਹੋਣ ਦਿੰਦੇ ਹਨ। ਉਹਨਾਂ ਜਿਹਾ ਨਾ ਬਣਨ ਦੀ ਕੋਸ਼ਿਸ਼ ਕਰੋ, ਅਤੇ ਜੇ ਇਹ ਬਹੁਤ ਮੁਸ਼ਕਿਲ ਕੰਮ ਹੈ ਤਾਂ ਘੱਟੋ ਘੱਟ ਉਹਨਾਂ ਜਿਹਾ ਨਾ ਦਿਖਣ ਦੀ ਕੋਸ਼ਿਸ਼ ਕਰੋ, ਕਿਉਂਕਿ ਤੁਹਾਡੀਆਂ ਭਾਵਨਾਵਾਂ ਵਿੱਚ ਵਹਿ ਜਾਣਾ ਤੁਹਾਨੂੰ ਬੁਰੀ ਸਥਿਤੀ ਵਿੱਚ ਪਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ, ਤੁਹਾਡੀਆਂ ਭਾਵਨਾਵਾਂ ਤੁਹਾਡੀ ਸਫਲਤਾ ਦੇ ਰਾਹ ਵਿੱਚ ਆ ਸਕਦੀਆਂ ਹਨ। ਇਸ ਸਮੱਸਿਆ ਦਾ ਹੱਲ ਸ਼ਾਂਤ ਰਹਿਣਾ ਅਤੇ ਮੌਕਾਪ੍ਰਸਤ ਵਿਅਕਤੀ ਨੂੰ ਇਹ ਸੋਚਣ ਦੇਣਾ ਹੈ ਕਿ ਤੁਹਾਨੂੰ ਹਰਾਉਣਾ ਮੁਸ਼ਕਿਲ ਕੰਮ ਹੈ।

**ਕੁੰਭ :** ਆਪਣੇ ਮੁੱਖ ਵਿਰੋਧੀਆਂ ਨੂੰ ਚੇਤਾਵਨੀ ਦਿਓ ਕਿਉਂਕਿ ਤੁਸੀਂ ਆਪਣੇ ਆਪ ਨੂੰ ਸਾਬਿਤ ਕਰਨ ਅਤੇ ਉਹਨਾਂ ਦੇ ਪੈਸੇ ਲਈ ਉਹਨਾਂ ਨੂੰ ਚੁਣੌਤੀ ਦੇਣ ਦੇ ਮੂਡ ਵਿੱਚ ਹੋਵੋਗੇ। ਸ਼ੱਕ ਅਤੇ ਰੋਕ-ਟੋਕ - ਸਭ ਹਵਾ ਵਿੱਚ ਗਾਇਬ ਹੋ ਜਾਣਗੇ, ਅਤੇ ਤੁਸੀਂ ਆਪਣੀ ਛਾਪ ਛੱਡਣ ਲਈ ਦ੍ਰਿੜ੍ਹ ਹੋਵੋਗੇ। ਜਦਕਿ ਸਫਲਤਾ ਦੇ ਤੁਹਾਡੇ ਰਸਤੇ 'ਤੇ ਤੁਸੀਂ ਕਈ ਲੋਕਾਂ ਦਾ ਦਿਲ ਜਿੱਤੋਗੇ।

**ਮੀਨ :** ਇਸ ਦੀ ਬਹੁਤ ਸੰਭਾਵਨਾ ਹੈ ਕਿ ਪੈਸੇ ਦੇ ਪੱਖੋਂ ਤੁਹਾਡਾ ਦਿਨ ਲਾਭਕਾਰੀ ਹੋਵੇਗਾ। ਵਪਾਰ ਜਾਂ ਇੱਥੋਂ ਤੱਕ ਕਿ ਵਿਦੇਸ਼ੀ ਨਿਵੇਸ਼ਾਂ ਤੋਂ ਪੈਸਾ ਕਮਾਇਆ ਜਾ ਸਕਦਾ ਹੈ। ਵਧੀਆ ਜਨਤਕ ਰਿਸ਼ਤਿਆਂ ਅਤੇ ਨੈੱਟਵਰਕਿੰਗ ਲਈ ਤੁਹਾਡਾ ਖਾਸ ਤਰੀਕਾ ਤੁਹਾਡੇ ਲਈ ਲਾਭ ਲੈ ਕੇ ਆਵੇਗਾ, ਅਤੇ ਵਧੀਆ ਸੌਦੇ ਦੂਰ ਦੇ ਅਤੇ ਉਮੀਦ ਨਾ ਕੀਤੇ ਸਰੋਤਾਂ ਤੋਂ ਆਉਣਗੇ। ਲਾਭ ਚੁੱਕੋ ਅਤੇ ਆਪਣੇ ਰਿਸ਼ਤਿਆਂ ਦੀ ਪੂਰੀ ਵਰਤੋਂ ਕਰੋ।

# "ਖਸਮਾਂ ਵਾਲੀਆਂ"

ਪੰਮੀ ਦਾ ਮੁੰਡਾ ਅਜੇ ਚਾਰ ਕੁ ਮਹੀਨਿਆਂ ਦਾ ਸੀ ਜਦੋਂ ਜਗਰੂਪ ਐਕਸੀਡੈਂਟ ਹੋਣ ਕਰਕੇ ਜਹਾਨੋਂ ਤੁਰ ਗਿਆ ਸੀ । ਅਜੇ ਵਿਆਹ ਨੂੰ ਮਸਾਂ ਦੋ ਸਾਲ ਹੋਏ ਸਨ .. ਜਦੋਂ ਦੋਨਾਂ ਦੀ ਹੱਸਦੀ ਵੱਸਦੀ ਖੁਸ਼ ਜ਼ਿੰਦਗੀ ਬਰਬਾਦ ਹੋ ਗਈ ਸੀ .. ਜਗਰੂਪ ਦੀ ਕਹਿਰ ਦੀ ਮੌਤ ਪੰਮੀ ਦੇ ਮਾਪਿਆਂ ਅਤੇ ਜਗਰੂਪ ਦੇ ਮਾਪਿਆਂ ਲਈ ਬਹੁਤ ਵੱਡਾ ਸਦਮਾ ਸੀ .. ਸਾਰੇ ਪਾਸੇ ਵਿਚਾਰੀ ਪੰਮੀ , ਵਿਚਾਰੀ ਪੰਮੀ , ਹੁਣ ਕੀ ਕਰੂਗੀ ਹੋਣ ...ਲੱਗ ਪਈ ਸੀ .. !

ਸੰਸਕਾਰ ਹੋਇਆ .. ਫੁੱਲ ਚੁਗ ਕੇ ਜਲ ਪ੍ਰਵਾਹ ਕੀਤੇ ਗਏ .. ਜਗਰੂਪ ਦੀ ਮੌਤ ਕਰਕੇ ਪੰਮੀ ਦੇ ਮਾਪਿਆਂ ਦਾ ਟੁੱਟਿਆਂ ਲੱਕ ਕੁਝ ਪੂਰਾ ਸਿੱਧਾ ਸੋਚਣ ਨੂੰ ਮਜਬੂਰ ਕਰ ਰਿਹਾ ਸੀ .. ਪੰਮੀ ਦੇ ਨਾਲ ਵਾਪਰੀ ਇਸ ਦੀ ਘਟਨਾ ਨੇ ਉਸਨੂੰ ਗੁੰਮ-ਸੁੰਮ ਬਣਾ ਦਿੱਤਾ ਸੀ .. ਪੰਮੀ ਦੇ ਮਾਪੇ ਅਤੇ ਰਿਸ਼ਤੇਦਾਰ ਜਗਰੂਪ ਦੇ ਭੋਗ ਤੋਂ ਪਹਿਲਾਂ ਇੱਕ ਦਿਨ ਪੰਮੀ ਕੋਲ ਆਏ ਤੇ ਬੈਠ ਗਏ ..ਪੰਮੀ ਜਿੰਨਾਂ ਹਲਾਤਾਂ ਵਿੱਚੋਂ ਗੁਜ਼ਰ ਰਹੀ ਸੀ .. ਉਹਨਾਂ ਨੂੰ ਇਹ ਵੀ ਇਲਮ ਸੀ ..ਪਰ ਚਾਰ ਮਹੀਨੇ ਦਾ ਬੱਚਾ ਅਤੇ ਛੱਬੀ ਸਾਲਾਂ ਦੀ ਪੰਮੀ ਮਾਪਿਆਂ ਲਈ ਵਈ ਸਵਾਲ ਬਣ ਗਈ ਸੀ .. ?

ਕੋਲ ਬੈਠੇ ਪੰਮੀ ਦੇ ਭਰਾ ਨੇ ਪੰਮੀ ਨੂੰ ਕਿਹਾ .. ਭੈਣੇ ! ਸਾਨੂੰ ਪਤਾ ਤੇਰਾ ਜਹਾਨ ਉਜੜ ਗਿਆ ਹੈ .. ਤੇਰੀ ਕੀ ਹਾਲਤ ਹੈ ਅਸੀਂ ਜਾਣਦੇ ਹਾਂ ..?

ਭਾਈ ਜਗਰੂਪ ਦੇ ਸਦਮੇ ਵਿੱਚੋਂ ਨਿਕਲਣ ਲਈ ਤੈਨੂੰ ਬਹੁਤ ਵਕਤ ਚਾਹੀਦਾ .. ਪਰ ਅਸੀਂ ਤੇਰੇ ਮਾਪੇ ਹਾਂ ਭੈਣੇ ..!

ਤੇਰਾ ਪੁੱਤ ਅਜੇ ਵੀਹ ਸਾਲਾਂ ਨੂੰ ਤੇਰਾ ਸਹਾਰਾ ਬਣਨਾ .. ਇਹ ਪਹਾੜ ਜਿੱਡੇ ਵੀਹ ਸਾਲ ਤੇਰੇ ਲਈ ਅਤਿਅੰਤ ਦੁਖਦਾਈ ਹੋਣਗੇ ..?

ਬਾਪੂ ਜੀ ਕਹਿੰਦੇ ਹਨ , ਪੰਮੀ ਨੂੰ ਇੱਕ ਵਾਰ ਪੁੱਛ ਲਈਏ ਕਿ ਜੇ ਤੂੰ ਭੋਗ ਵਾਲੇ ਦਿਨ ਸਾਡੇ ਨਾਲ ਪਿੰਡ ਚਲੀ ਜਾਵੇਂ ਤਾਂ ਆਪਾਂ ਤੇਰੀ ਜ਼ਿੰਦਗੀ ਦਾ ਕੀ ਹੱਲ ਕੱਢੀਏ .. ਸੋਚ ਲਵਾਂਗੇ ...?

ਐਨਾ ਸੁਣ ਪੰਮੀ ਆਵਦੇ ਮਾਪਿਆਂ ਨੂੰ ਟੁੱਟ ਕੇ ਪੈ ਗਈ .. ਮੈਂ ਇੱਕ ਮਰਦ ਹਾਂ. ਕੀ ਹੋਇਆ ਜਗਰੂਪ ਨਹੀਂ ਰਿਹਾ ..?

ਮੈਂ ਆਵਦੇ ਮਾਪੇ ਨਹੀਂ ਜਾਣਾ .. ?

ਮੈਂ ਆਵਦੇ ਪੁੱਤ ਕੋਲ ਇਸੇ ਘਰ ਰਹੂੰਗੀ .. ਜਗਰੂਪ ਮੇਰੀ ਰੂਹ ਦਾ ਹਾਣੀ ਸੀ .. ਜੇ ਮੇਰੇ ਪੁੱਤ ਦਾ ਪਿਉ ਮਰ ਗਿਆ ਕੀ ਹੁਣ ਮਾਂ ਵੀ ਮਰ ਜਾਵੇ .. ਤੁਸੀਂ ਸੋਚਦੇ ਹੋ ?

ਕੀ ਤੁਸੀਂ ਆਵਦੇ ਘਰੇ ਮੈਨੂੰ ਤੇ ਮੇਰੇ ਪੁੱਤ ਨੂੰ ਸਾਰੀ ਉਮਰ ਰੱਖ ਲਵੋਗੇ .. ??

ਤੁਸੀਂ ਸਾਲ ਮੈਨੂੰ ਘਰੇ ਰੱਖ ਅਗਾਂਹ ਵਿਆਹ ਦਿਉਗੇ ...ਮੇਰਾ ਪੁੱਤ ਅਨਾਥ ਹੋਜੂ .. ਮੈਂ ਇਹ ਨਹੀਂ ਕਰ ਸਕਦੀ ...ਮੈਂ ਇੱਕ ਮਾਂ ਵੀ ਹਾਂ .. ਇੱਥੇ ਹੀ ਰਹਾਂਗੀ .. ਤੁਹਾਨੂੰ ਮੈਂ ਕੋਈ ਉਲਾਂਭਾ ਨੀ ਆਉਣ ਦਿੰਦੀ .. ਕਹਿ ਉੱਚੀ ਉੱਚੀ ਰੋਣ ਲੱਗੀ ..

"ਜਰੂਰੀ ਨਹੀਂ ਹੁੰਦਾ ਔਰਤਾਂ , ਸਰੀਰਾਂ ਨਾਲ ਹੀ ਵੱਸਦੀਆਂ ਹਨ ..ਕਈ ਰੂਹਾਂ ਨਾਲ ਵੀ ਵੱਸ ਜਾਂਦੀਆਂ ਹਨ .. ਅਣਖ ਇਰਾਦਾ ਦ੍ਰਿੜ ਚਾਹੀਦਾ .. "

ਜਗਰੂਪ ਦਾ ਭੋਗ ਪਿਆ ਤਾਂ ਪੰਮੀ ਆਪਣੇ ਮੁੰਡੇ ਦੀ ਪ੍ਰਵਾਹ ਕਰਨ ਲੱਗੀ .. ਖੁਦ ਨੂੰ ਸੰਭਾਲਦੀ .. ਉਸ ਮਾਸੂਮ ਜਿੰਦ ਲਈ ਫਰਜ਼ ਮੂਹਰੇ ਰੱਖ ਕੰਮਕਾਜ ਕਰਦੀ ਸਹੁਰੇ ਘਰ ਰਹਿਣ ਲੱਗੀ ..!

ਇੱਕ ਦਿਨ ਜਗਰੂਪ ਦਾ ਮਾਮਾ ਆਇਆ ਤਾਂ ਆਵਦੀ ਭੈਣ ਨੂੰ ਕਹਿਣ ਲੱਗਾ .. "ਕਿਉ ਨਾ ਭੈਣੇ ! ਆਪਾਂ ਪੰਮੀ ਨੂੰ ਜਗਰੂਪ ਦੇ ਵੱਡੇ ਭਰਾ ਦੇ ਘਰੇ ਬਿਠਾ ਦੇਈਏ .. "

"ਇਹ ਦਰਾਣੀ ਜਠਾਣੀ ਰਲ ਕੇ ਕੱਟ ਲੈਣਗੀਆਂ .. "

ਤੁਸੀਂ ਕਿਹੜਾ ਬਹਿ ਰਹਿਣਾ ਸਦਾ .. ਪੰਮੀ ਦਾ ਰੰਡੇਪਾ ਕੱਟਿਆ ਜਾਊ ... "

ਜਿਉਂ ਹੀ ਇਹ ਗੱਲ ਪੰਮੀ ਦੀ ਜਠਾਣੀ ਨੇ ਸੁਣੀ ਤਾਂ ਅੱਗ ਬਬੂਲਾ ਹੋਈ ਕਹਿਣ ਲੱਗੀ .. "ਸੁਣ ਮਾਮਾ .. ! "ਇੱਕ ਕਿਵੇਂ ਹੋਜੂ ...?"

"ਖਸਮ ਪੰਮੀ ਦਾ ਨਹੀਂ ਮਰਿਆ , ਫਿਰ ਤਾਂ ਮੇਰਾ ਮਰਿਆ ਹੋਇਆ "

"ਰੰਡੀ ਨੂੰ ਮੈਂ ਕੀ ਕਰਾਂ ਹੁਣ .. ਲੱਗੀ ਮੇਰਾ ਬੰਦਾ ਖੋਹਣ "

"ਪੁੱਠੇ ਪੈਰਾਂ ਵਾਲੀ ਨੇ ਆਵਦਾ ਬੰਦਾ ਖਾ ਲਿਆ .. ਹੁਣ ਮੇਰੇ ਤੇ ਅੱਖ ਰੱਖਲੀ "



ਕਾਲਜਾਂ ਚੀਰਦੇ ਜਠਾਣੀ ਦੇ ਬੋਲ ਪੰਮੀ ਨੂੰ ਲਹੂ ਲੁਹਾਣ ਕਰ ਗਏ .. ਰੱਬ ਦੀ ਮਾਰੀ ਪੰਮੀ ਜ਼ਿੰਦਗੀ ਦੇ ਬਣੇ ਹਲਾਤਾਂ ਕਰਕੇ ਸਾਰੀ ਰਾਤ ਰੋਂਦੀ ਰਹੀ .. ਕਦੇ ਮੁੰਡੇ ਨੂੰ ਚੁੱਕ ਛਾਤੀ ਨਾਲ ਲਾਉਂਦੀ ਅਤੇ ਕਦੇ ਜਗਰੂਪ ਨਾਲ ਖਿਆਲਾਂ ਵਿੱਚ ਗੱਲਾਂ ਕਰਨ ਲੱਗ ਜਾਂਦੀ ..

ਜ਼ਿੰਦਗੀ ਦੇ ਮੂਹਰੇ ਬਹੁਤ ਵੱਡੇ ਵੱਡੇ ਖੂੰਖਾਰ ਦੇ ਪਹਾੜਾਂ ਦਾ ਸਫਰ ਨਜ਼ਰ ਆਉਣ ਲੱਗਾ .. !

"ਅੰਦਰੂਨੀ ਚਿੰਤਾਵਾਂ ਚੇਰੇ ਚਿਹਰੇ ਦਾ ਰੂਪ ਖੋਹ ਲੈਂਦੇ ਹਨ .."

ਪੰਮੀ ਟੁੱਟਦੀ ...ਸੰਭਲਦੀ ਅਤੇ ਫਿਰ ਉਸੇ ਔਖੇ ਪੈਂਡੇ ਪੈ ਜਾਂਦੀ ..!

ਪੰਮੀ ਆਵਦੇ ਸੱਸ ਸਹੁਰੇ ਨੂੰ ਸੰਭਾਲਦੀ ਕੰਮ ਕਰਦੀ ਪਰ ਜਠਾਣੀ ਪੰਮੀ ਅਤੇ ਆਵਦੇ ਘਰਵਾਲੇ ਉੱਤੇ ਪੂਰੀ ਨਿਗਾਹ ਰੱਖਦੀ.. ਕਦੇ ਪੰਮੀ ਨੂੰ ਬੁਲਾਉਣ ਨਾ ਦਿੰਦੀ .. !

ਜੇ ਕਿਤੇ ਪੰਮੀ ਗੂੜੇ ਰੰਗ ਦਾ ਸੂਟ ਪਾ ਲੈਂਦੀ ਤਾਂ ਆਂਢ ਗੁਆਂਢ ਨਾਲ ਝੱਟ ਗੱਲਾਂ ਕਰਨ ਲੱਗ ਜਾਂਦੀ .. " ਭੈਣੇ ਰੰਡੀ ਐ ..!"

"ਸ਼ਰਮ ਨੀ ਕਰਦੀ ਭੋਰਾ ਵੀ .. "

"ਸਿਰੋਂ ਨੰਗੀ ਕਿਵੇਂ ਬਾਣੇ ਪਾ ਪਾ ਨਿਕਲਦੀ ਐ "

ਇੱਕ ਦਿਨ ਪੰਮੀ ਦਾ ਮੁੰਡਾ ਬਿਮਾਰ ਹੋ ਗਿਆ ਤਾਂ ਉਹ ਆਵਦੇ ਸਹੁਰੇ ਨਾਲ ਜਾ ਕੇ ਮੁੰਡੇ ਦੀ ਦਵਾਈ ਲੈ ਆਈ ...ਤਾਂ ਸੱਸ ਝੱਟ ਪੰਮੀ ਦੇ ਦੁਆਲੇ ਹੋ ਗਈ .. ਅਖੇ , "ਪੰਮੀਏ .. ਭਾਈ . !

ਸ਼ਹਿਰ ਬਜ਼ਾਰ ਆਵਦੇ ਸਹੁਰੇ ਨਾਲ ਨਾ ਮੁੜ ਕੇ ਜਾਈਂ .. ਐਵੇਂ ਲੋਕ ਗੱਲਾਂ ਕਰਨਗੇ ...ਬਈ ਸਹੁਰੇ ਨਾਲ ਤੁਰੀ ਫਿਰਦੀ ਐ .. ਰੰਡੀ ਤੀਵੀਂ "

ਸੱਸ ਦੇ ਅੱਗ ਵਾਂਗ ਲੂਹਦੇ ਬੋਲ ਪੰਮੀ ਦਾ ਫਟਿਆਂ ਕਲੇਜਾ ..ਪਰ ਬੇਵੱਸੀ ਲਾਚਾਰੀ ਕਰਕੇ ਸਭ ਸਹਿਣ ਕਰਨ ਨੂੰ ਮਜਬੂਰ ਕਰ ਗਿਆ ..

ਜਦੋਂ ਕਦੇ ਪੰਮੀ ਦੇ ਸਹੁਰੇ ਘਰ ਕੋਈ ਪ੍ਰਾਹੁਣਾ ਆ ਜਾਂਦਾ ਤਾਂ ਪੰਮੀ ਦੀ ਸੱਸ ਪੰਮੀ ਦੇ ਮਗਰ-ਮਗਰ ਤੁਰੀ ਫਿਰਦੀ .. ਪੰਮੀ ਨੂੰ ਇਹ ਗੱਲਾਂ ਬਹੁਤ ਭੈੜੀਆਂ ਲੱਗਦੀਆਂ ਸਨ .. ਪਰ ਉਸਨੂੰ ਸਿਰ ਦਾ ਸਾਈਂ ਨਾ ਹੋਣ ਕਰਕੇ ਸਹਿਣ ਕਰਨੀਆਂ ਪੈਂਦੀਆਂ ਸਨ .. ਜਦੋਂ ਕਦੇ ਪੰਮੀ ਅਜਿਹੀਆਂ ਗੱਲਾਂ ਤੋਂ ਵਰਜਿਤ ਕਰਦੀ ਤਾਂ ਘਰੇ ਮਣਾਂ ਮੂੰਹੀਂ ਕਲੇਸ਼ ਪੈ ਜਾਂਦਾ .. !

ਤਾਅਨੇ ਮਿਹਣਿਆਂ ਦੇ ਤੀਰ ਪੰਮੀ ਨੂੰ ਛਲਣੀ ਕਰ ਦਿੰਦੇ ..!

ਘਰ ਸਾਂਝਾ ਹੋਣ ਕਰਕੇ ਸਾਰੇ ਇਕੱਠੇ ਬਹਿ ਚਾਹ ਪੀਂਦੇ ਤਾਂ ਪੰਮੀ ਦੀ ਜਠਾਣੀ ਪੰਮੀ ਦੇ ਮੂੰਹ ਵੱਲ ਵੇਖਦੀ ਰਹਿੰਦੀ ਕਿ ਪੰਮੀ ਦਾ ਧਿਆਨ ਜੇਠ ਵੱਲ ਜਾਂਦਾ ਹੈ ਜਾਂ ਸਹੁਰੇ ਵੱਲ ਵੇਖ ਰਹੀ ਹੈ ..

ਪੰਮੀ ਨੇ ਆਖ਼ੀਰ ਸਭ ਕੁੱਝ ਭਾਂਪਦਿਆਂ ਪਰਿਵਾਰ ਵਿੱਚ ਰਹਿਣਾ ਛੱਡ ਦਿੱਤਾ । ਜਦੋਂ ਕੋਈ ਪੰਮੀ ਦੇ ਚੁੱਪ ਰਹਿਣ ਦੀ ਵਜ੍ਹਾ ਪੁੱਛਦਾ ਤਾਂ ਜਠਾਣੀ ਅਤੇ ਸੱਸ ਇਕੱਲਤਾਖੋਰੀ .. ਚੰਦਰੀ .. ਕੁਲਹਿਣੀ ਦੱਸਦੀਆਂ ਆਪਣੇ ਕੀਤਿਆਂ ਤੇ ਪਰਦੇ ਪਾ ਲੈਂਦੀਆਂ ..!

ਜਦੋਂ ਜਗਰੂਪ ਦੀ ਭੂਆ ਮਿਲਣ ਆਈ ਤਾਂ ਪੰਮੀ ਨਾਲ ਗੱਲਾਂ ਬਾਤਾਂ ਕਰਦੀ ਰਹੀ .. ਜਦੋਂ ਪੰਮੀ ਆਵਦੇ ਕਮਰੇ ਵਿੱਚ ਚਲੀ ਗਈ ਤਾਂ ਭੂਆ .. ਪੰਮੀ ਦੀ ਸੱਸ ਨਾਲ ਗੱਲਾਂ ਕਰਦੀ ਕਹਿ ਰਹਿ ਸੀ .. "ਭਾਬੀ ਧਿਆਨ ਰੱਖਿਆ ਕਰੋ .. "

"ਜਦੋਂ ਤੀਵੀਆਂ ਰੰਡੀਆਂ ਹੋ ਜਾਂਦੀਆਂ ਹਨ ..ਫਿਰ ਦੂਜੇ ਬੰਦਿਆਂ ਨੂੰ ਖਸਮ ਬਣਾ ਲੈਂਦੀਆਂ ਹਨ ...ਤੂੰ ਹੀ ਭਾਬੀ ਆਵਦੇ ਵੱਡੇ ਪੁੱਤ ਅਤੇ ਬਾਈ ਨੂੰ ਰੋਟੀ ਫੜਾਇਆ ਕਰ ... "

"ਕੀ ਪਤਾ ਹੁੰਦਾ , ਇਹਨਾਂ ਰੰਡੀਆਂ ਨੇ ਕੀਹਦਾ ਮੂੰਹ ਕਾਲਾ ਕਰ ਦੇਣਾ ਹੁੰਦਾ .... ਆਵਦੀ ਅੱਗ ਬੁਝਾਉਣ ਲਈ ... ?"

ਨਾਲੇ ਸੱਚ ਭਾਬੀ ਤੇਰਾ ਪੋਤਰਾ ਵੱਡੇ ਦਾ ਮੁੰਡਾ ..ਸੁੱਖ ਨਾਲ ਜਵਾਨ ਆ ...ਉਨੀਵੇਂ ਵਰ੍ਹੇ 'ਚ ਹੋ ਗਿਆ ...ਆਪਣਾ ਕਰਮ ਪੁੱਤ .. ਨੂੰ ਵੀ ਇਸ ਰੰਡੀ ਤੋਂ ਬਚਾਅ ਕੇ ਰੱਖਿਓ .. ! "

"ਬਥੇਰੀਆਂ ਚਾਚੀਆਂ ਨੇ ਜਵਾਨ ਮੁੰਡੇ ਵੱਸ 'ਚ ਕੀਤੇ ਹੁੰਦੇ ਐ ... "

"ਪੂਰਨ ਭਗਤ ਨੂੰ ਵੀ ਤਾਂ ਮਰਵਾ ਹੀ ਦਿੱਤਾ ਸੀ ...ਰਾਜੇ ਸਲਵਾਨ ਦੀ ਰਾਣੀ ਨੇ .."

"ਮੈਨੂੰ ਤਾਂ ਭਾਬੀ ਬਲ੍ਹਾਈ ਡਰ ਲੱਗਦਾ .. ਕਿਤੇ ਇਹ ਰੰਡੀ ਕੋਈ ਨਵਾਂ ਚੰਦ ਨਾ ਚਾੜ੍ਹ ਦੇਵੇ .."

ਪੰਮੀ ਆਵਦੇ ਕਮਰੇ ਵਿੱਚ ਪਈ ਭੂਆ ਦੇ ਦੋਗਲੇ ਚਿਹਰੇ ਹੇਠ ਛੁਪੇ ਸੱਚ ਨੂੰ ਸੁਣ ਰਹੀ ਸੀ ...!

ਭਲਾ ਇਕੱਲਤਾ ਦਾ ਬੋਝ ਅਤੇ ਜ਼ਿੰਦਗੀ ਵਿੱਚ ਪਿਆ ਹਨੇਰ ਨੀਂਦਾਂ ਕਿੱਥੇ ਆਉਣ ਦਿੰਦਾ ..? "

" ਉੱਤੋਂ ਜ਼ਮਾਨੇ ਦੀ ਘਟੀਆ ਮਾਨਸਿਕਤਾ ਹਮਦਰਦੀ ਕਰਨ ਦੀ ਬਜਾਏ ਨਰਕ ਵਿੱਚ ਉਲਦੀ ਐ .. "

"ਅਕਸਰ ਪੰਮੀ ਸੋਚਦੀ.. !

"ਜ਼ਿੰਦਗੀ ਦੇ ਵਿਗੜੇ ਹਲਾਤਾਂ ਦਾ ਜੋੜ ਘਟਾਉ ਕਰਦਿਆਂ ਰਾਤਾਂ ਵੀ ਪਹਾੜਾਂ ਜਿੱਡੀਆਂ ਹੋ ਜਾਂਦੀਆਂ ਹਨ "

ਸਰਦੀ ਦੇ ਦਿਨ ਆ ਗਏ .. ਜਗਰੂਪ ਮਰੇ ਨੂੰ ਵੀ ਚਾਰ ਮਹੀਨੇ ਹੋ ਗਏ ਸਨ .. ਪੰਮੀ ਆਵਦੇ ਮੁੰਡੇ ਨੂੰ ਲੈ ਕੇ ਆਵਦੇ ਕਮਰੇ ਵਿੱਚ ਸੌਂ ਜਾਂਦੀ .. ਹੁਣ ਮੁੰਡਾ ਹੀ ਉਸਦਾ ਜਹਾਨ ਸੀ ਅਤੇ ਉਸ ਲਈ ਹੀ ਉਹ ਜ਼ਿੰਦਗੀ ਜਿਉਣਾ ਚਾਹੁੰਦੀ ਸੀ ।

ਪੰਮੀ ਦੇ ਸੱਸ ਸਹੁਰਾ ਪੰਮੀ ਦੇ ਕਮਰੇ ਦੇ ਮੂਹਰੇ ਮੰਜੇ ਡਾਹ ਕੇ ਸੌਂਦੇ ...ਪੂਰੀ ਰਾਖੀ ਕਰਦੇ ।

ਇੱਕ ਦਿਨ ਪੰਮੀ ਰਾਤ ਨੂੰ ਬਾਥਰੂਮ ਜਾਣ ਲਈ ਉੱਠੀ ਤਾਂ ਅਚਾਨਕ ਪੰਮੀ ਦੀ ਸੱਸ ਦੀ ਅੱਖ ਖੁੱਲ੍ਹ ਗਈ .. ਤ੍ਰਬਕ ਕੇ ਉੱਠੀ ਅਤੇ ਵੇਖਿਆ ਪੰਮੀ ਆਵਦੇ ਬੈੱਡ ਤੇ ਨਹੀਂ ਸੀ .. ਤਾਂ ਸੱਸ ਰੌਲਾ ਪਾਉਣ ਲੱਗੀ .. ਵੇ ਜਗਰੂਪ ਦੇ ਬਾਪੂ .. ਵੇ ਪੰਮੀ ਨੀ ਦੀਂਹਦੀ .. ਉੱਠ ਵੇ ਵੇਖੀਏ .. !

ਪੰਮੀ ਨੇ ਬਾਥਰੂਮ ਮੂਹਰੇ ਸਾਰਾ ਟੱਬਰ ਇਕੱਠਾ ਹੋਇਆ ਖੜਾ ਵੇਖਿਆ ਤਾਂ ਪੰਮੀ ਬਹੁਤ ਦੁਖੀ ਹੋਈ .. ਜਦੋਂ ਪੰਮੀ ਨੇ ਇਕੱਠੇ ਹੋਣ ਦਾ ਕਾਰਨ ਪੁੱਛਿਆ ਤਾਂ ਸੱਸ ਕਹਿਣ ਲੱਗੀ .." ਹਾਏ ਨੀ ਕੁੜੀਏ ..! "

" ਮੈਂ ਤਾਂ ਸੋਚਿਆ , ਚੰਦਰੀ ਕਰਗੀ ਮੂੰਹ ਕਾਲਾ ਸਾਡਾ .. ਭੱਜਗੀ ਕਿਸੇ ਗੈਰ ਨਾਲ ... "

"ਇਕੱਲੀ ਨਾ ਰਾਤੇ ਬਰਾਤੇ ਉੱਠਿਆ ਕਰ ... "

"ਜੇ ਰਾਤ ਨੂੰ ਤੂੰ ਬਾਥਰੂਮ ਜਾਣਾ ਹੋਵੇ ਤੂੰ ਸਾਨੂੰ ਨਾਲ ਲੈ ਕੇ ਜਾਇਆ ਕਰ .. "

ਪੰਮੀ ਸਮਝ ਗਈ ਸੀ ਕਿ ਇਹਨਾਂ ਗੰਦੇ ਦਿਮਾਗਾਂ ਵਿੱਚ ਕੂੜ ਭਰਿਆ ਪਿਆ ਹੈ । ਉਹ ਇਸ ਕਰਕੇ ਪੰਮੀ ਦੀਆਂ ਗਤੀ ਵਿਧੀਆਂ ਤੇ ਨਜ਼ਰ ਰੱਖਦੇ ਹਨ ।

ਪੰਮੀ ਨੂੰ ਉਹਦਾ ਭਰਾ ਇੱਕ ਦਿਨ ਲੈਣ ਆ ਗਿਆ .. ਪੰਮੀ ਸੱਸ ਦੀ ਇਜਾਜ਼ਤ ਲੈ ਕੇ ਚਲੀ ਗਈ .. ਮਾਂ ਨਾਲ ਦੁੱਖ ਸੁੱਖ ਸਾਂਝੇ ਕੀਤੇ .. ਤਬਾਹਕੁੰਨ ਜ਼ਿੰਦਗੀ ਚਿਹਰੇ ਤੇ ਹਾਸੇ ਨਹੀਂ .. ਹਮੇਸ਼ਾਂ ਵਹਿੰਦੇ ਨੀਰ ਹੀ ਰੱਖਦੀ ਹੈ .. ਮਾਂ ਨਾਲ ਗੱਲਾਂ ਕਰਦਿਆਂ ਪੰਮੀ ਰੋ ਪਈ ...ਭਤੀਜੇ ਦਾ ਅਗਲੇ ਦਿਨ ਜਨਮ ਦਿਨ ਸੀ .. ਜਦੋਂ ਕੇਕ ਕੱਟਿਆ ਤਾਂ ਪੰਮੀ ਦੀ ਭਰਜਾਈ ਨੇ ਕੋਲਾ ਪਾ ਲਿਆ ਕਿ ਮੇਰੇ ਪੁੱਤ ਦੇ ਜਨਮ ਦਿਨ ਉੱਤੇ ਇਸ ਕੁਲਹਿਣੀ ਨੇ ਮੂੰਹ ਜੂਠਾ ਕੇ ਬਦਸ਼ਗਨੀ ਕਰ ਦਿੱਤੀ ਹੈ... ਜਦੋਂ ਦੀ ਘਰੇ ਆਈ ਹੈ .. ਰੋਣਾ ਪਾਈ ਬੈਠੀ ਹੈ ... "

ਪੰਮੀ ਸਭ ਕੁਝ ਮਨ ਵਿੱਚ ਸਮਾ ਕੇ ਸਹੁਰੇ ਘਰ ਪਰਤ ਆਈ ..

ਪੰਮੀ ਦੇ ਭਰਾ ਨੇ ਪੰਮੀ ਨੂੰ ਫੋਨ ਲੈ ਦਿੱਤਾ .. ਉਸਦੀ ਸੱਸ ਨੇ ਉਸ ਦਾ ਫੋਨ ਖੋਹ ਲਿਆ ... "ਕਿ ਤੇਰਾ ਕੀ ਭਰੋਸਾ ...ਤੂੰ ਫ਼ੋਨਾਂ ਤੇ ਬਾਹਰ ਸੰਬੰਧ ਬਣਾ ਲਵੇਂ .. ਸਾਡੀ ਇੱਜ਼ਤ ਨਿਲਾਮ ਕਰ ਦੇਵੇਂ ਰੰਡੀਏ .. ! "

ਪੰਮੀ ਘਰ ਵਿੱਚ ਰਹਿੰਦੀ ਕਦੇ ਵੀ ਮਾੜੇ ਖਿਆਲ ਉਸਦੇ ਮਨ ਵਿੱਚ ਨਹੀਂ ਆਉਂਦੇ ਸਨ ..ਮਨ ਸਾਫ ਲਿਆ ਸੀ ... ਪਰ ਘੁਫੇਰੇ ਦੀਆਂ ਘਟੀਆ ਔਰਤਾਂ ਦੀਆਂ ਨੇ ਉਸਨੂੰ ਬਹੁਤ ਗੁਨਾਹਗਾਰ ਸਮਝਦੀਆਂ ਸਨ ਜਿਵੇਂ ਰੱਬ ਦੀ ਕੀਤੀ ਨੂੰ ਭੁੱਲ ਗਈਆਂ ਹੋਣ ਅਤੇ ਪੰਮੀ ਨੇ ਖੋਟੀ ਕਿਸਮਤ ਆਪ ਲਿਖੀ ਹੋਵੇ ..ਜਾਂ ਜਗਰੂਪ ਨੂੰ ਪੰਮੀ ਨੇ ਮਾਰਿਆ ਹੋਵੇ ... !

ਜੇ ਕਿਤੇ ਕੋਈ ਵਿਆਹ-ਸ਼ਾਦੀ ,ਸ਼ਗਨ ਵਿਹਾਰ ਹੁੰਦੇ ਤਾਂ ਪੰਮੀ ਨੂੰ ਪਹਿਲਾਂ ਹੀ ਤਾੜਨਾ ਕੀਤੀ ਜਾਂਦੀ , "ਕਿ ਤੂੰ ਰਸਮਾਂ ਕਰਦੇ ਸਮੇਂ ਪਿੱਛੇ ਰਹਿਣਾ ਹੈ ...ਵਿਆਹ ਵਾਲੇ ਜੋੜੇ ਦੇ ਮੱਥੇ ਨੀ ਲੱਗਣਾ .....ਕਿਉਂਕਿ ਤੇਰਾ ਸਿਰ ਨੰਗਾ ਤੂੰ ਰੰਡੀ ਹੈਂ ..ਹੁਣ ਤੂੰ ਸ਼ਗਨ ਨਹੀਂ ਕਰ ਸਕਦੀ ...ਤੂੰ ਬਦਸ਼ਗਨੀ ਔਰਤ ਹੈਂ..., ! "

ਬੱਚਾ ਵੱਡਾ ਹੁੰਦਾ ਗਿਆ ..ਸਕੂਲ ਪੜ੍ਹਨ ਲਾਇਆ .. ਪੰਮੀ ਉਸਨੂੰ ਪੜਾਉਂਦੀ.. ਉਸਦਾ ਖਿਆਲ ਰੱਖਦੀ ..ਰੱਬ ਦਾ ਨਾਮ ਲੈਂਦੀ .. ਪੁੱਤ ਵਿੱਚੋਂ ਜਗਰੂਪ ਦੇ ਚਿਹਰੇ ਦੀ ਨੁਹਾਰ ਨੂੰ ਤੱਕਦੀ .. ਅੰਦਰੋਂ ਟੁੱਟੀ ਬਾਹਰੋਂ ਖਾਮੋਸ਼ ਔਕੜਾਂ ਭਰੇ ਸਫਰ ਤੇ ਤੁਰਦੀ

ਅਕਸਰ ਗੁਣਗੁਣਾਉਂਦੀ ...

" ਜੇ ਹੁੰਦੀ ਕਿੱਧਰੇ ਬਸਤੀ ਰੱਬ ਮਾਰੀਆਂ ਰੰਡੀਆਂ ਦੀ...

ਤਾਂ ਜਾ ਬਹਿੰਦੀ ਉੱਥੇ ਮੈਂ ...ਆਵਦੇ ਪੁੱਤ ਨਾਲ ..... "

"ਬੇਫ਼ਿਕਰੀਆਂ ਵੱਸ ਲੈਂਦੀਆਂ ..ਇਹ ਖਸਮਾਂ ਵਾਲੀਆਂ ... ! ! "

ਪੰਮੀ ਦਾ ਨਾਮ ਹੁਣ ਰੰਡੀ ਪੱਕ ਗਿਆ ਸੀ । ਆਂਢ-ਗੁਆਂਢ ਨੇੜੇ ਗਲੀਆਂ ਵਾਲੇ , ਰਿਸ਼ਤੇਦਾਰ ਸਾਰੇ ਪੰਮੀ ਉੱਤੇ ਬਾਜ਼ ਵਾਲੀ ਅੱਖ ਲਾਈ ਰੱਖਦੇ ਸਨ ਕਿੱਥੇ ਜਾਂਦੀ ਹੈ ਕੀਹਦੇ ਨਾਲ ਗੱਲ ਕਰਦੀ ਹੈ .. ਬਹੁਤੇ ਮਰਦ ਉਸ ਦੀ ਇਕੱਲਤਾ ਲਈ ਲਲਚਾਈਆਂ ਨਿਗਾਹ ਨਾਲ ਵੀ ਵੇਖਦੇ ਸਨ ..!

ਪੰਮੀ ਮਨ ਹੀ ਮਨ ਬਹੁਤ ਦੁਖੀ ਹੁੰਦੀ ਅਤੇ ਸੋਚਦੀ ਇਹ ਲੋਕ ਕਿੰਨੇ ਵਿਰਲੇ ਪਾਗਲ ਹਨ .. ?

ਕਿਵੇਂ ਮੇਰਾ ਜਿਊਣਾ ਹਰਾਮ ਕੀਤਾ ਹੈ .. ?

ਕਿਉਂ ਸਾਰਾ ਦਿਨ ਮੈਨੂੰ ਹੀ ਵਾਚਦੇ ਰਹਿੰਦੇ ਹਨ .. ਕੀ ਔਰਤ ਦੀ ਮਰਦ ਤੋਂ ਬਿਨ੍ਹਾਂ ਕੋਈ ਔਕਾਤ ਨਹੀਂ ..?

ਕੀ ਉਹ ਗੂੜੇ ਸੂਟ ਨਹੀਂ ਪਾ ਸਕਦੀ.. ਇਹ ਗੂੜ੍ਹੇ ਰੰਗ ਸੁਹਾਗਣਾਂ ਲਈ ਹੀ ਬਣੇ ਹਨ ...?

ਇੱਕ ਦਿਨ ਪੰਮੀ ਦੇ ਸੁਫਨੇ ਵਿੱਚ ਜਗਰੂਪ ਆਇਆ ਤੇ ਹੱਸੂ ਪੁੱਛਦਾ ਕਹਿਣ ਲੱਗਾ ..,

"ਪੰਮੀਏ .. ! ਕਾਹਤੋਂ ਰੋਂਦੀ ਰਹਿਨੀ ਐ ,

" ਮੈਂ ਕਿਹੜਾ ਦੂਰ ਗਿਆਂ ਕਿਤੇ ...ਮੇਰੀ ਰੂਹ ਤਾਂ ਤੇਰੇ ਵਿੱਚ ਹੀ ਵੱਸਦੀ ਏ .. ਮਰਦ ਬਣ ਮਰਦ ..? "

" ਵੇਖ ਤੂੰ ਕੀ ਹਾਲ ਬਣਾ ਲਿਆ ...ਰੋ ਰੋ ਕੇ ਆਵਦਾ .."

ਤੇ ਪੰਮੀ ਕਹਿਣ ਲੱਗੀ .. " ਰੂਪ ਮੈਂ ਤਾਂ ਮਰਦ ਹੀ ਬਣ ਕੇ ਜਿਉਂਦੀ ਹਾਂ , ਤੈਨੂੰ ਸੰਗ ਸਮਝਦੀ ਹਾਂ ...ਪੁੱਤ ਪਾਲਦੀ ਹਾਂ ...ਪਰ ਕਿੱਥੇ ਜਿਊਣ ਦਿੰਦੀਆਂ ਨੇ ਇਹ ਖਸਮਾਂ ਵਾਲੀਆਂ ..?? "

" ਰਾਜਵਿੰਦਰ ਕੌਰ "

# ਅੰਗਰੇਜ਼ ਔਰਤ ਦੀ ਜ਼ੁਬਾਨੀ

"ਮੈਂ ਆਪਣੇ ਇੱਕ ਦੋਸਤ ਨੂੰ ਪੁੱਛਿਆ ਜੋ 70 ਨੂੰ ਪਾਰ ਕਰ ਚੁੱਕੀ ਹੈ ਅਤੇ 80 ਵੱਲ ਜਾ ਰਹੀ ਹੈ, ਉਹ ਆਪਣੇ ਆਪ ਵਿੱਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਮਹਿਸੂਸ ਕਰ ਰਹੀ ਹੈ?

ਉਸਨੇ ਮੈਨੂੰ ਹੇਠ ਲਿਖਿਆ ਭੇਜਿਆ:



1 ਆਪਣੇ ਮਾਤਾ-ਪਿਤਾ, ਆਪਣੇ ਭੈਣ-ਭਰਾ, ਆਪਣੇ ਜੀਵਨ ਸਾਥੀ, ਆਪਣੇ ਬੱਚਿਆਂ ਅਤੇ ਆਪਣੇ ਦੋਸਤਾਂ ਨੂੰ ਪਿਆਰ ਕਰਨ ਤੋਂ ਬਾਅਦ, ਮੈਂ ਹੁਣ ਆਪਣੇ ਆਪ ਨੂੰ ਪਿਆਰ ਕਰਨ ਲੱਗ ਪਈ ਹਾਂ।

2 ਮੈਨੂੰ ਅਹਿਸਾਸ ਹੋਇਆ ਹੈ ਕਿ ਮੈਂ "ਐਟਲਸ" ਨਹੀਂ ਹਾਂ। ਦੁਨੀਆ ਮੇਰੇ ਮੋਢਿਆਂ 'ਤੇ ਹੁਣ ਆਰਾਮ ਨਹੀਂ ਕਰਦੀ ਤੇ ਮੈਂ ਸਾਰਾ ਭਾਰ ਲਾਹ ਦਿੱਤਾ ਹੈ।

3 ਮੈਂ ਸਬਜ਼ੀਆਂ ਅਤੇ ਫਲ ਵੇਚਣ ਵਾਲਿਆਂ ਨਾਲ ਸੌਦੇਬਾਜ਼ੀ ਕਰਨੀ ਬੰਦ ਕਰ ਦਿੱਤੀ ਹੈ। ਕੁਝ ਪੈਸੇ ਹੋਰ ਦੇਣੇ ਮੈਨੂੰ ਤੋੜਨ ਵਾਲੇ ਨਹੀਂ ਹਨ (ਮਤਲਬ ਮੈਂ ਮਰਨ ਨਹੀਂ ਲੱਗੀ), ਪਰ ਇਹ ਗਰੀਬ ਸਾਥੀ ਨੂੰ ਉਸਦੀ ਧੀ ਦੀ ਸਕੂਲ ਫੀਸ ਲਈ ਬਚਾਉਣ ਵਿੱਚ ਮਦਦ ਕਰ ਸਕਦੇ ਹਨ।

4 ਮੈਂ ਆਪਣੀ ਵੇਟਰੈਸ ਨੂੰ ਇੱਕ ਵੱਡਾ ਟਿਪ ਛੱਡਦੀ ਹਾਂ।ਵਾਧੂ ਪੈਸੇ ਉਸ ਦੇ ਚਿਹਰੇ 'ਤੇ ਮੁਸਕਰਾਹਟ ਲਿਆ ਸਕਦੇ ਹਨ। ਉਹ ਮੇਰੇ ਨਾਲੋਂ ਗੁਜ਼ਾਰਾ ਕਰਨ ਲਈ ਜ਼ਿਆਦਾ ਸਖ਼ਤ ਮਿਹਨਤ ਕਰ ਰਹੀ ਹੈ।

5 ਮੈਂ ਬਜ਼ੁਰਗਾਂ ਨੂੰ ਇਹ ਦੱਸਣਾ ਬੰਦ ਕਰ ਦਿੱਤਾ ਕਿ ਉਹ ਪਹਿਲਾਂ ਹੀ ਇਹ ਕਹਾਣੀ ਕਈ ਵਾਰ ਸੁਣਾ ਚੁੱਕੇ ਹਨ। ਕਹਾਣੀ ਉਨ੍ਹਾਂ ਦੀ ਯਾਦਦਾਸ਼ਤ 'ਤੇ ਚੱਲਣ ਅਤੇ ਉਨ੍ਹਾਂ ਦੇ ਅਤੀਤ ਨੂੰ ਤਾਜ਼ਾ ਕਰਨ ਲਈ ਮਜਬੂਰ ਕਰਦੀ ਹੈ। (ਮਤਲਬ ਮੈਂ ਬਜ਼ੁਰਗ ਬੰਦਿਆਂ ਦੀ ਗੱਲ ਜ਼ਰੂਰ ਸੁਣਦੀ ਹਾਂ ਭਾਵੇਂ ਉਹ ਪਹਿਲਾਂ ਕਿੰਨੀ ਵਾਰ ਸੁਣਾ ਚੁੱਕੇ ਹੋਣ।)

6 ਮੈਂ ਲੋਕਾਂ ਨੂੰ ਠੀਕ ਨਾ ਕਰਨਾ ਸਿੱਖਿਆ ਹੈ ਭਾਵੇਂ ਮੈਨੂੰ ਪਤਾ ਵੀ ਹੋਵੇ ਕਿ ਉਹ ਗਲਤ ਹਨ। ਸਾਰਿਆਂ ਨੂੰ ਸੰਪੂਰਨ ਬਣਾਉਣ ਦੀ ਜ਼ਿੰਮੇਵਾਰੀ ਮੇਰੇ 'ਤੇ ਨਹੀਂ ਹੈ।ਮੇਰੇ ਲਈ ਮੇਰੀ ਸ਼ਾਂਤੀ ਦੂਜਿਆਂ ਦੀ ਸੰਪੂਰਨਤਾ ਨਾਲੋਂ ਜ਼ਿਆਦਾ ਕੀਮਤੀ ਹੈ।

7 ਮੈਂ ਖੁੱਲ੍ਹੇ ਦਿਲ ਨਾਲ ਅਤੇ ਖੁੱਲ੍ਹੇ ਦਿਲ ਨਾਲ ਤਾਰੀਫ਼ਾਂ ਕਰਦੀ ਹਾਂ। ਤਾਰੀਫ਼ਾਂ ਨਾ ਸਿਰਫ਼ ਪ੍ਰਾਪਤਕਰਤਾ ਲਈ ਸਗੋਂ ਮੇਰੇ ਲਈ ਵੀ ਮੂਡ ਵਧਾਉਣ ਵਾਲੀਆਂ ਹੁੰਦੀਆਂ ਹਨ। ਅਤੇ ਪ੍ਰਸ਼ੰਸਾ ਪ੍ਰਾਪਤ ਕਰਨ ਵਾਲੇ ਲਈ ਇੱਕ ਛੋਟੀ ਜਿਹੀ ਟਿਪ, ਕਦੇ ਵੀ, ਇਸਨੂੰ ਕਦੇ ਨਾ ਮੋੜੋ, ਬਸ ਕਹੋ "ਧੰਨਵਾਦ।"

8 ਮੈਂ ਆਪਣੀ ਕਮੀਜ਼ 'ਤੇ ਕ੍ਰੀਜ਼ ਜਾਂ ਦਾਗ ਬਾਰੇ ਚਿੰਤਾ ਨਾ ਕਰਨਾ ਸਿੱਖਿਆ ਹੈ। ਮੇਰੀ ਸ਼ਖਸੀਅਤ ਮੇਰੀ ਦਿੱਖ ਨਾਲੋਂ ਉੱਚੀ ਬੋਲਦੀ ਹੈ।

9 ਮੈਂ ਉਨ੍ਹਾਂ ਲੋਕਾਂ ਤੋਂ ਦੂਰ ਜਾਂਦੀ ਹਾਂ ਜਿਹੜੇ ਮੇਰੀ ਕਦਰ ਨਹੀਂ ਕਰਦੇ। ਉਹ ਸ਼ਾਇਦ ਮੇਰੀ ਕੀਮਤ ਨਹੀਂ ਜਾਣਦੇ, ਪਰ ਮੈਂ ਆਪਣੇ ਬਾਰੇ ਜਾਣਦੀ ਹਾਂ।

10 ਜਦੋਂ ਕੋਈ ਮੈਨੂੰ ਪਛਾੜਨ ਲਈ ਗੰਦੀ ਖੇਡ ਖੇਡਦਾ ਹੈ ਤਾਂ ਮੈਂ ਠੰਡਾ ਰਹਿੰਦੀ ਹਾਂ। ਮੈਂ ਕੋਈ ਚੂਹਾ ਨਹੀਂ ਹਾਂ ਅਤੇ ਨਾ ਹੀ ਮੈਂ ਕਿਸੇ ਨਸਲ ਵਿੱਚ ਹਾਂ।

11 ਮੈਂ ਆਪਣੀਆਂ ਭਾਵਨਾਵਾਂ ਤੋਂ ਸ਼ਰਮਿੰਦਾ ਨਾ ਹੋਣਾ ਸਿੱਖ ਰਹੀ ਹਾਂ। ਇਹ ਮੇਰੀਆਂ ਭਾਵਨਾਵਾਂ ਹਨ ਜੋ ਮੈਨੂੰ ਇਨਸਾਨ ਬਣਾਉਂਦੀਆਂ ਹਨ।

12 ਮੈਂ ਸਿੱਖਿਆ ਹੈ ਕਿ ਰਿਸ਼ਤਾ ਤੋੜਨ ਨਾਲੋਂ ਹਉਮੈ ਨੂੰ ਛੱਡਣਾ ਬਿਹਤਰ ਹੈ। ਮੇਰੀ ਹਉਮੈ ਮੈਨੂੰ ਦੂਰ ਰੱਖੇਗੀ, ਜਦੋਂ ਕਿ ਰਿਸ਼ਤਿਆਂ ਨਾਲ, ਮੈਂ ਕਦੇ ਇਕੱਲਾ ਨਹੀਂ ਹੋਵਾਂਗੀ।

13 ਮੈਂ ਹਰ ਦਿਨ ਇਸ ਤਰ੍ਹਾਂ ਜਿਊਣਾ ਸਿੱਖਿਆ ਹੈ ਜਿਵੇਂ ਕਿ ਇਹ ਆਖਰੀ ਦਿਨ ਹੈ। ਆਖਰਕਾਰ, ਇਹ ਆਖਰੀ ਹੋ ਸਕਦਾ ਹੈ।

14 ਮੈਂ ਉਹੀ ਕਰ ਰਹੀ ਹਾਂ ਜੋ ਮੈਨੂੰ ਖੁਸ਼ ਕਰਦਾ ਹੈ। ਮੈਂ ਆਪਣੀ ਖੁਸ਼ੀ ਲਈ ਜ਼ਿੰਮੇਵਾਰ ਹਾਂ, ਅਤੇ ਮੈਂ ਇਸ ਦੀ ਕਰਜ਼ਦਾਰ ਹਾਂ। ਖੁਸ਼ੀ ਇੱਕ ਵਿਕਲਪ ਹੈ। ਤੁਸੀਂ ਕਿਸੇ ਵੀ ਸਮੇਂ ਖੁਸ਼ ਹੋ ਸਕਦੇ ਹੋ, ਬੱਸ ਬਣਨ ਦੀ ਚੋਣ ਕਰੋ।

ਮੈਂ ਇਸਨੂੰ ਆਪਣੇ ਸਾਰੇ ਦੋਸਤਾਂ ਨਾਲ ਸਾਂਝਾ ਕਰਨ ਦਾ ਫੈਸਲਾ ਕੀਤਾ। ਸਾਨੂੰ 60 ਜਾਂ 70 ਜਾਂ 80 ਹੋਣ ਲਈ ਇੰਤਜ਼ਾਰ ਕਿਉਂ ਕਰਨਾ ਪੈਂਦਾ ਹੈ, ਅਸੀਂ ਕਿਸੇ ਵੀ ਪੜਾਅ ਅਤੇ ਉਮਰ ਵਿੱਚ ਇਸ ਦਾ ਅਭਿਆਸ ਕਿਉਂ ਨਹੀਂ ਕਰ ਸਕਦੇ ?

# ਰਾਮ ਸਰੂਪ ਅਣਖੀ ਦਾ 'ਸਰਦਾਰੋ' ਨਾਵਲ ਪੜ੍ਹਦਿਆਂ...

**— ਰਿਆਸਤੀ ਮਹਾਰਾਜਿਆਂ ਦੀਆਂ ਕਰਤੂਤਾਂ .. ਤੇ ਬਹੁਤਿਆਂ ਮੁਰੱਬਿਆਂ ਵਾਲਿਆਂ ਦਾ ਸੱਚ...ਗੌਰ ਜ਼ਰੂਰ ਕਰੋ !**

ਪਕਿਸਤਾਨ ਬਣਨ ਤੋਂ ਪਹਿਲਾਂ ਇਹ ਰਿਆਸਤੀ ਇਲਾਕਾ ਸੀ। ਪੰਜਾਬ ਵਿਚ ਜਿੱਥੇ ਅੰਗ੍ਰੇਜ਼ਾਂ ਦਾ ਰਾਜ ਸੀ, ਉਸਨੂੰ ਅੰਗ੍ਰੇਜ਼ੀ ਇਲਾਕਾ ਕਹਿੰਦੇ। ਰਿਆਸਤਾਂ ਦੇ ਇਲਾਕੇ ਨੂੰ ਰਿਆਸਤੀ ਇਲਾਕਾ। ਰਿਆਸਤੀ ਇਲਾਕੇ ਵਿਚ ਸੱਤ-ਅੱਠ ਨਿੱਕੇ ਵੱਡੇ ਰਾਜਿਆਂ ਦਾ ਰਾਜ ਸੀ। ਹਰ ਕੋਈ ਆਪਣੇ ਆਪ ਨੂੰ ਮਹਾਰਾਜਾ ਕਹਾਉਂਦਾ। ਯਾਨੀ ਰਾਜਿਆਂ ਦਾ ਰਾਜਾ, ਮਹਾਰਾਜਾ। ਰਿਆਸਤੀ ਇਲਾਕੇ ਦੇ ਲੋਕ ਦੂਹਰੀ ਗੁਲਾਮੀ ਭੋਗਦੇ ਸਨ। ਇਕ ਅੰਗ੍ਰੇਜ਼ ਦੀ ਗੁਲਾਮੀ ਤੇ ਦੂਜੀ ਰਾਜੇ ਦੀ ਗੁਲਾਮੀ। ਜਿਸ ਰਿਆਸਤ ਵਿਚ ਸ਼ੰਮੂਣ ਵਾਲਾ ਪਿੰਡ ਸੀ, ਓਥੋਂ ਦਾ ਰਾਜਾ ਵਿਲਾਸੀ ਬਹੁਤ ਸੀ। ਚਾਰ ਰਾਣੀਆਂ ਤਾਂ ਉਹਨੇ ਵਿਆਹ ਕੇ ਲਿਆਂਦੀਆਂ ਸਨ। ਬਾਕੀ ਕੋਈ ਔਲਾਦ ਸੀ। ਪਰ ਕਈ ਔਰਤਾਂ ਉਹਦੀਆਂ ਰਖੇਲਾਂ ਸਨ।



ਉਹ ਕਦੇ ਕਦੇ ਆਪਣੀ ਰਿਆਸਤ ਦੇ ਪਿੰਡਾਂ ਵਿਚ ਚੱਕਰ ਮਾਰਦਾ। ਪਿੰਡ ਵਿਚ ਰਾਤ ਕੱਟਦਾ। ਚੋਰੀ ਛਿਪੇ ਉਹਨੂੰ ਕੁੜੀਆਂ ਪੇਸ਼ ਕੀਤੀਆਂ ਜਾਂਦੀਆਂ। ਐਵੇਂ ਉਹ ਕਿਸੇ ਕੁੜੀ ਨੂੰ ਕੁਝ ਨਹੀਂ ਆਖਦਾ ਸੀ। ਹੱਥ ਨਾਲ ਛੋਂਹਦਾ ਤੱਕ ਨਹੀਂ ਸੀ। ਜਿਹੜੀ ਕੁੜੀ ਉਹਨੂੰ ਪਸੰਦ ਆ ਜਾਂਦੀ, ਉਹਨੂੰ ਉਹਦੇ ਮਹਿਲਾਂ ਵਿਚ ਜਾਣ ਦਾ ਹੁਕਮ ਹੋ ਜਾਂਦਾ। ਇੱਨ ਉਸ ਘਰ ਨੂੰ ਜਗੀਰਾਂ ਲੱਗ ਜਾਂਦੀਆਂ। ਪਿੰਡ ਵਿਚ ਉਸ ਘਰ ਦੀ ਮਾਨਤਾ ਹੋਣ ਲਗਦੀ। ਅਹਿਲਕਾਰਾਂ ਦੇ ਸੁਝਾਵਾਂ ਅਨੁਸਾਰ ਉਸ ਕੰਨਿਆ ਦੀ ਪੂਰੀ ਪਰਵਰਿਸ਼ ਕੀਤੀ ਜਾਂਦੀ। ਉਹਨੂੰ ਪੌਸ਼ਟਿਕ ਪਦਾਰਥਾਂ ਵਾਲਾ ਭੋਜਨ ਦਿੱਤਾ ਜਾਂਦਾ। ਉਹਦੀ ਸਿਹਤ ਦਾ ਪੂਰਾ ਖਿਆਲ ਰੱਖਿਆ ਜਾਂਦਾ। ਉਹਦੇ ਪਿੰਡੇ ਉੱਤੇ ਦੇਸੀ ਘਿਓ ਦਾ ਕੜਾਹ ਥੱਪਦੇ। ਇਉਂ ਹਰ ਅੰਗ ਉੱਤੇ ਕੜਾਹ ਬੰਨ੍ਹਿਆ ਜਾਂਦਾ। ਕੰਨਿਆ ਦਾ ਪਿੰਡਾ ਐਨਾ ਮੁਲਾਇਮ ਹੋ ਜਾਂਦਾ, ਜਾਣੋ ਕਦੇ ਕਿਸੇ ਨੇ ਦੇਖਿਆ ਹੀ ਨਾ ਹੋਵੇ ਅਜਿਹਾ ਸਰੀਰ। ਨਿਸ਼ਚਤ ਸਮੇਂ ਉੱਤੇ ਫੇਰ ਰਾਜੇ ਦੇ ਬੰਦੇ ਉਹਨੂੰ ਲੈ ਜਾਂਦੇ। ਮਾਪੇ ਉਹਨੂੰ ਵੀ ਰਾਣੀ ਬਣੀ ਸਮਝਦੇ। ਪਰ ਹੁੰਦੀ ਉਹ ਰਾਜੇ ਦੀ ਰਖੇਲ ਹੀ। ਰਖੇਲ ਨੂੰ ਬੱਚਾ ਵੀ ਹੋ ਜਾਂਦਾ ਸੀ। ਉਸ ਬੱਚੇ ਦਾ ਪਾਲਣ-ਪੋਸ਼ਣ ਵੀ ਉੱਚ ਦਰਜੇ ਦਾ ਹੁੰਦਾ, ਜਿਵੇਂ ਰਾਜਿਆਂ ਦੇ ਘਰ ਹੁੰਦਾ ਹੈ। ਏਵਣਾਂ ਹੀ ਇਸ ਪਿੰਡ ਦਾ ਇਕ ਮੁਕੰਦ ਸਿੰਘ ਸੀ। ਉਹਦੀ ਬੇਟੀ ਨੂੰ ਮਹਾਰਾਜੇ ਨੇ ਸਵੀਕਾਰ ਕੀਤਾ ਸੀ।

ਉਹਨਾਂ ਦਿਨਾਂ ਵਿਚ ਰਾਜਾ ਬੁੱਢਾ ਹੋ ਚੁੱਕਿਆ ਸੀ, ਪਰ ਉਹਦੇ ਵਿਚ ਹਿਰਸ ਬਾਕੀ ਸੀ। ਕਹਿੰਦੇ ਸਨ, ਉਹ ਕੋਈ ਬਿਜਲੀ-ਯੰਤਰ ਲਾਕੇ ਔਰਤ ਦਾ ਸੰਗ ਕਰਦਾ। ਅਜਿਹੇ ਸਮੇਂ ਮੁਕੰਦ ਸਿੰਘ ਦੀ ਬੇਟੀ ਉਹਤੋਂ ਮਰ ਗਈ ਸੀ। ਵਿਰੋਧੀ ਲੋਕਾਂ ਨੇ ਰੌਲਾ ਪਾਇਆ ਕਿ ਉਹ ਮਲਕਾ ਵਿਕਟੋਰੀਆ ਕੋਲ ਜਾ ਕੇ ਰਾਜੇ ਦੇ ਇਸ ਅਪਰਾਧ ਦੀ ਸ਼ਿਕਾਇਤ ਕਰਨਗੇ। ਹੁਣ ਸ਼ਿਕਾਇਤ ਤਾਂ ਕੋਈ ਹੋ ਸਕਦੀ ਸੀ, ਜੇ ਮੁਕੰਦ ਸਿੰਘ ਆਪ ਅਰਜ਼ੀ ਦੇਵੇ। ਵਿਰੋਧੀ ਬੰਦੇ, ਮੁਕੰਦ ਸਿੰਘ ਕੋਲ ਆਏ ਵੀ ਸਨ। ਪਰ ਰਾਜੇ ਦੇ ਅਹਿਲਕਾਰਾਂ ਨੇ ਮੁਕੰਦ ਸਿੰਘ ਦਾ ਮੂੰਹ ਬੰਦ ਕਰਵਾ ਦਿੱਤਾ। ਉਹਨੂੰ ਐਨਾ ਧਨ ਦਿੱਤਾ ਗਿਆ ਤੇ ਜ਼ਮੀਨ ਦਿੱਤੀ ਗਈ ਕਿ ਮੁਕੰਦ ਸਿੰਘ ਨੂੰ ਆਪਣੀ ਧੀ ਵਿਸਰ ਗਈ।

ਇਹ ਹਵੇਲੀ ਉਹਨੂੰ ਰਾਜੇ ਨੇ ਹੀ ਬਣਵਾ ਕੇ ਦਿੱਤੀ ਸੀ। ਢਾਈ ਹਲ ਦੀ ਜ਼ਮੀਨ ਦਿੱਤੀ। ਐਨਾ ਪੈਸਾ ਦਿੱਤਾ ਕਿ ਸਾਰੀ ਉਮਰ ਉਹ ਵਿਹਲਾ ਬੈਠਾ ਖਾਵੇ। ਇਸ ਹਵੇਲੀ ਨੂੰ ਹੁਣ ਤੱਕ ਵੀ ਮੁਕੰਦ ਸੂੰ ਦੀ ਹਵੇਲੀ ਕਿਹਾ ਜਾਂਦਾ ਹੈ।

# ਵਿਦਿਆਰਥੀ ਦਿਵਸ 'ਤੇ ਵਿਸ਼ੇਸ਼

## ਸਰੋਂ ਗਈ ਤੇ ਧੋਤੀ ਵੀ

ਗੱਲ 1954 ਦੀ ਹੈ ਉਦੋਂ ਅਸੀਂ ਖਾਲਸਾ ਹਾਈ ਸਕੂਲ ਕੁਲੇਵਾਲੇ ਸੱਤਵੀਂ ਜਮਾਤ 'ਚ ਪੜਦੇ ਸੀ, ਜੋ ਸਾਡੇ ਪਿੰਡੋਂ ਦੋ ਮੀਲ ਸੀ। ਬੇਸ਼ਕ ਸ਼ੜਕ ਵੀ ਜਾਂਦੀ ਸੀ ਪਰ ਅਸੀਂ ਸ਼ਾਰਟ ਕੱਟ ਖੇਤਾਂ ਵਿਚ ਦੀ ਡੰਡੀ ਪਾ ਲਈ ਉਦੋਂ ਜੱਟ ਪਾੜਿਆਂ ਨੂੰ ਕੁਛ ਨਹੀਂ ਕੈਂਦੇ ਸਨ। ਕਦੇ ਕਦੇ ਕੋਈ ਟਰੱਕ ਵਾਲਾ ਸਾਨੂੰ ਤਰਸ ਕਰਕੇ ਚੜਾ ਵੀ ਲੈਂਦਾ। [illegible]

[illegible]

Sarwan Singh Patang

AUTOBAHN
FREIGHT LINES LTD
Now Hiring
Professional AZ Drivers
& Owner Operators
from
TO & WINDSOR, ON TO USA
We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
• Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commercial, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636
Emergency Contact: 416-910-5676
www.shergilllawfirm.ca
2565 Steeles Ave E. Unit #20, Brampton, ON L6T 4L6

# ਅੰਮ੍ਰਿਤਸਰ ਦੇ ਪਾਰਟੀਸ਼ਨ ਮਿਊਜ਼ੀਅਮ ਪੁੱਜੇ ਸੰਨੀ ਦਿਓਲ ਅਤੇ ਕਰਨ ਦਿਓਲ



ਫਿਲਮ 'ਬਟਵਾਰਾ 1947' ਦੇ ਪੰਜਾਬ ਪ੍ਰਮੋਸ਼ਨਲ ਟੂਰ ਦੌਰਾਨ ਸਨੀ ਦਿਓਲ ਅਤੇ ਕਰਨ ਦਿਓਲ ਨੇ ਅੰਮ੍ਰਿਤਸਰ ਦੇ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ ਕੀਤਾ। ਵੰਡ ਦੇ ਦਿਨਾਂ ਨੂੰ ਯਾਦ ਕਰਦਿਆਂ ਸਨੀ ਦਿਓਲ ਨੇ ਅੰਮ੍ਰਿਤਸਰ ਸਥਿਤ ਪਾਰਟੀਸ਼ਨ ਮਿਊਜ਼ੀਅਮ ਦੇ ਦੌਰੇ ਦੀ ਇੱਕ ਤਸਵੀਰ ਸਾਂਝੀ ਕੀਤੀ ਹੈ ਜਿਸ ਵਿੱਚੋਂ ਉਹ ਆਪਣੇ ਬੇਟੇ ਕਰਨ ਨਾਲ ਮਿਊਜ਼ੀਅਮ ਦੇ ਅੱਗੇ ਖੜ੍ਹੇ ਦਿਖਾਈ ਦੇ ਰਹੇ ਹਨ।

ਇਹ ਫਿਲਮ ਆਜ਼ਾਦੀ ਦਿਵਸ ਤੋਂ ਇੱਕ ਦਿਨ ਪਹਿਲਾਂ 14 ਅਗਸਤ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ। ਆਮਿਰ ਖਾਨ ਪ੍ਰੋਡਕਸ਼ਨਜ਼ ਦੀ ਫਿਲਮ 'ਬਟਵਾਰਾ 1947' ਵਿੱਚ ਸ਼ਬਾਨਾ ਆਜ਼ਮੀ, ਸਨੀ ਦਿਓਲ, ਪ੍ਰੀਟੀ ਜ਼ਿੰਟਾ, ਕਰਨ ਦਿਓਲ, ਅਲੀ ਫਜ਼ਲ ਅਤੇ ਅਭਿਮੰਨਿਊ ਸਿੰਘ ਸਮੇਤ ਹੋਰ ਕਲਾਕਾਰ ਸ਼ਾਮਲ ਹਨ। ਇਹ ਫਿਲਮ ਰਾਜਕੁਮਾਰ ਸੰਤੋਸ਼ੀ ਅਤੇ ਸਨੀ ਦਿਓਲ ਦੀ ਲਗਪਗ ਤਿੰਨ ਦਹਾਕਿਆਂ ਬਾਅਦ ਆ ਰਹੀ ਇੱਕ ਫਿਲਮ ਹੈ। ਇਹ ਰਾਜਕੁਮਾਰ ਸੰਤੋਸ਼ੀ ਦੇ ਨਿਰਦੇਸ਼ਨ ਹੇਠ ਵੰਡ ਦੇ ਦੌਰ ਦੀ ਕਹਾਣੀ 'ਤੇ ਆਧਾਰਿਤ ਹੈ।

ਫਿਲਮ ਦੇ ਪ੍ਰਮੋਸ਼ਨਲ ਟੂਰ ਦੌਰਾਨ ਸਨੀ ਦਿਓਲ ਅਤੇ ਕਰਨ ਦਿਓਲ ਨੇ ਅੰਮ੍ਰਿਤਸਰ ਦੇ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ ਕੀਤਾ। ਸਨੀ ਦਿਓਲ ਨੇ ਸੋਸ਼ਲ ਮੀਡੀਆ 'ਤੇ ਆਪਣੇ ਇਸ ਦੌਰੇ ਦੀ ਤਸਵੀਰ ਸਾਂਝੀ ਕੀਤੀ, ਜਿੱਥੇ ਉਹ ਵੰਡ ਦੇ ਦਿਨਾਂ ਨੂੰ ਦਰਸਾਉਂਦੀਆਂ ਤਸਵੀਰਾਂ ਨੂੰ ਧਿਆਨ ਨਾਲ ਦੇਖਦੇ ਨਜ਼ਰ ਆਏ।

ਵੰਡ ਦੇ ਦਰਦਨਾਕ ਦੌਰ ਦੀ ਕਹਾਣੀ 'ਤੇ ਆਧਾਰਿਤ 'ਬਟਵਾਰਾ 1947' ਇੱਕ ਦਿਲ ਨੂੰ ਛੂਹਣ ਵਾਲੀ ਕਹਾਣੀ ਹੈ, ਜੋ ਵੰਡ ਦੇ ਨਾਲ-ਨਾਲ ਉਮੀਦਾਂ ਨਾਲ ਜੁੜੀ ਇੱਕ ਕਹਾਣੀ ਹੈ।

ਫਿਲਮ ਦਾ ਸੰਗੀਤ ਏ. ਆਰ. ਰਹਿਮਾਨ ਨੇ ਦਿੱਤਾ ਹੈ, ਜਦਕਿ ਗੀਤਾਂ ਦੇ ਬੋਲ ਜਾਵੇਦ ਅਖ਼ਤਰ ਨੇ ਲਿਖੇ ਹਨ। ਇਸ ਸਬੰਧ ਵਿੱਚ ਸਨੀ ਦਿਓਲ ਵੱਲੋਂ ਅੱਜ ਮੀਡੀਆ ਨਾਲ ਵੀ ਪ੍ਰੈਸ ਕਾਨਫਰਸ ਰੱਖੀ ਗਈ ਸੀ ਪਰ ਅਚਨਚੇਤੀ ਇਹ ਪ੍ਰੋਗਰਾਮ ਬਦਲ ਦਿੱਤਾ ਗਿਆ ਹੈ। ਫਿਲਮ ਦੀ ਮਲਟੀ-ਸਿਟੀ ਪ੍ਰਮੋਸ਼ਨਲ ਮੁਹਿੰਮ ਦੇ ਹਿੱਸੇ ਵਜੋਂ ਟੀਮ ਜੈਪੁਰ, ਅਹਿਮਦਾਬਾਦ, ਪਟਨਾ ਅਤੇ ਲਖਨਊ ਦਾ ਦੌਰਾ ਕਰ ਚੁੱਕੀ ਹੈ । ਹੁਣ ਟੀਮ ਪੰਜਾਬ ਪਹੁੰਚੀ ਹੈ। ਫਿਲਮ ਦੀ ਕਹਾਣੀ ਅਤੇ ਪੰਜਾਬ ਨਾਲ ਸਬੰਧ ਨੂੰ ਦੇਖਦੇ ਹੋਏ, ਪੰਜਾਬ ਦਾ ਦੌਰਾ ਇਸ ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹੈ।

# ਲਿਬਰਲ ਲੀਡਰਸ਼ਿਪ ਦੌੜ ਦੀ ਪਹਿਲੀ ਬਹਿਸ 'ਚ ਭਾਰੂ ਰਹੇ ਨਵਦੀਪ ਬੈਂਸ

## ਹੈਲਥ ਕੇਅਰ, ਐਜੂਕੇਸ਼ਨ ਅਤੇ ਅਫ਼ੌਰਡੇਬੀਲਿਟੀ ਵਰਗੇ ਮੁੱਦਿਆਂ 'ਤੇ ਤਿੱਖੀ ਬਹਿਸ



ਟੋਰਾਂਟੋ : ਉਨਟਾਰੀਓ ਵਿਚ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੌੜ ਵਿਚ ਸ਼ਾਮਲ ਪੰਜ ਉਮੀਦਵਾਰਾਂ ਦਰਮਿਆਨ ਸੋਮਵਾਰ ਨੂੰ ਪਹਿਲੀ ਬਹਿਸ ਦੌਰਾਨ ਹੈਲਥ ਕੇਅਰ ਅਤੇ ਐਜੂਕੇਸ਼ਨ ਵਰਗੇ ਮੁੱਦੇ ਭਾਰੂ ਰਹੇ ਅਤੇ ਹਰ ਉਮੀਦਵਾਰ ਨੇ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਾਸਤੇ ਬਿਹਤਰੀਨ ਯੋਜਨਾ ਹੋਣ ਦਾ ਦਾਅਵਾ ਕੀਤਾ। ਤਕਰੀਬਨ ਡੇਢ ਘੰਟੇ ਤੱਕ ਚੱਲੀ ਬਹਿਸ ਦੌਰਾਨ ਸਾਬਕਾ ਫ਼ੈਡਰਲ ਮੰਤਰੀ ਨਵਦੀਪ ਬੈਂਸ ਨੇ ਕਿਹਾ ਕਿ ਸੂਬੇ ਦੇ ਲੋਕ ਡਗ ਫ਼ੋਰਡ ਸਰਕਾਰ ਤੋਂ ਅੱਕ ਚੁੱਕੇ ਹਨ ਅਤੇ ਭਰੋਸੇਯੋਗ ਬਦਲ ਦੀ ਭਾਲ ਵਿਚ ਹਨ। ਉਨਟਾਰੀਓ ਦੀ ਸਿਆਸੀ ਹਵਾ, ਤਬਦੀਲੀ ਵੱਲ ਵਗਦੀ ਮਹਿਸੂਸ ਹੋ ਰਹੀ ਹੈ। ਨਵਦੀਪ ਬੈਂਸ ਨੇ ਸਭਨਾਂ ਸਾਹਮਣੇ ਪ੍ਰਵਾਨ ਕੀਤਾ ਕਿ ਲੀਡਰਸ਼ਿਪ ਦੌੜ ਵਿਚ ਉਹ ਸਭ ਤੋਂ ਅੱਗੇ ਚੱਲ ਰਹੇ ਹਨ ਪਰ ਨਾਲ ਹੀ ਲੰਮਾ ਸਮਾਂ ਪਹਿਲਾਂ ਹਾਸਲ ਹੋਏ ਸਬਕ ਦਾ ਜ਼ਿਕਰ ਵੀ ਕੀਤਾ ਕਿ ਕਦੇ ਕਿਸੇ ਚੀਜ਼ ਨੂੰ ਯਕੀਨੀ ਨਾ ਮੰਨਦਿਆਂ ਸਖ਼ਤ ਮਿਹਨਤ ਕਰਨੀ ਲਾਜ਼ਮੀ ਹੈ।

ਜਸਟਿਨ ਟਰੂਡੋ ਦੀ ਸਰਕਾਰ ਵਿਚ ਵਿਗਿਆਨ ਅਤੇ ਉਦਯੋਗ ਮੰਤਰੀ ਰਹਿ ਚੁੱਕੇ ਨਵਦੀਪ ਬੈਂਸ ਨੇ 2021 ਵਿਚ ਸਿਆਸਤ ਛੱਡ ਦਿਤੀ ਪਰ ਬੌਨੀ ਕਰੌਂਬੀ ਦੇ ਅਸਤੀਫ਼ੇ ਮਗਰੋਂ ਸੂਬਾ ਪੱਧਰ 'ਤੇ ਲੀਡਰਸ਼ਿਪ ਦੌੜ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਲਿਆ। ਨਵਦੀਪ ਬੈਂਸ ਨੇ ਦਾਅਵਾ ਕੀਤਾ ਕਿ ਪੀ.ਸੀ. ਪਾਰਟੀ ਨੇ ਹੈਲਥ ਕੇਅਰ ਸਿਸਟਮ ਨੂੰ ਅਸਫ਼ਲ ਕਰ ਦਿਤਾ ਹੈ ਜਦਕਿ ਸਕੂਲਾਂ ਵਿਚ ਕਲਾਸਾਂ ਦਾ ਸਾਈਜ਼ ਹੱਦ ਤੋਂ ਜ਼ਿਆਦ ਵਧ ਗਿਆ ਹੈ। ਉਨਟਾਰੀਓ ਦਾ ਅਰਥਚਾਰਾ ਲੋਕਾਂ ਵਾਸਤੇ ਫ਼ਾਇਦੇਮੰਦ ਨਹੀਂ ਰਿਹਾ ਪਰ ਉਨ੍ਹਾਂ ਦੀ ਅਗਵਾਈ ਹੇਠ ਲਿਬਰਲ ਪਾਰਟੀ ਸੱਤਾ ਵਿਚ ਆਈ ਤਾਂ ਲੋਕਾਂ ਦੀ ਜ਼ਿੰਦਗੀ ਵਧੇਰੇ ਸੁਖਾਲੀ ਬਣਾਉਂਦਿਆ ਹੈਲਥ ਕੇਅਰ ਨੂੰ ਮਜ਼ਬੂਤ ਬਣਾਇਆ ਜਾਵੇਗਾ ਅਤੇ ਬਿਹਤਰ ਸਿੱਖਿਆ ਪ੍ਰਣਾਲੀ ਲਾਗੂ ਕਰਦਿਆਂ ਨਵੀਆਂ ਨੌਕਰੀਆਂ ਪੈਦਾ ਕਰਨ ਵਾਲੇ ਅਰਥਚਾਰੇ ਦੀ ਨੀਂਹ ਰੱਖੀ ਜਾਵੇਗੀ। ਨਵਦੀਪ ਬੈਂਸ ਨੇ ਉਨਟਾਰੀਓ ਨੂੰ ਮੁੜ ਸਭ ਤੋਂ ਅੱਗੇ ਲਿਜਾਣ ਦਾ ਅਹਿਦ ਕੀਤਾ। ਦੱਸ ਦੇਈਏ ਕਿ 21 ਨਵੰਬਰ ਨੂੰ ਲਿਬਰਲ ਪਾਰਟੀ ਆਪਣਾ ਆਗੂ ਚੁਣੇਗੀ ਅਤੇ 2018 ਵਿਚ ਪਾਰਟੀ ਦੇ ਸੱਤਾ ਵਿਚੋਂ ਬਾਹਰ ਹੋਣ ਮਗਰੋਂ ਚੌਥਾ ਆਗੂ ਵਾਗਡੋਰ ਸੰਭਾਲੇਗਾ।

### 'ਉਨਟਾਰੀਓ ਦੀ ਸਿਆਸਤ ਵਿਚ ਵਗਣ ਲੱਗੀ ਤਬਦੀਲੀ ਦੀ ਹਵਾ'

ਆਖਰੀ ਦੋ ਆਗੂ ਸਟੀਵਨ ਡੈਲ ਡੁਕਾ ਅਤੇ ਬੌਨੀ ਕਰੌਂਬੀ ਵਿਧਾਨ ਸਭਾ ਮੈਂਬਰ ਵੀ ਨਾ ਬਣ ਸਕੇ ਅਤੇ 2022 ਤੇ 2025 ਦੀਆਂ ਚੋਣਾਂ ਦੌਰਾਨ ਪਾਰਟੀ ਤੀਜੇ ਸਥਾਨ 'ਤੇ ਰਹੀ। ਨਵਦੀਪ ਬੈਂਸ ਤੋਂ ਇਲਾਵਾ ਲੀਡਰਸ਼ਿਪ ਦੌੜ ਦੀ ਬਹਿਸ ਵਿਚ ਡੌਨ ਵੈਲੀ ਵੈਸਟ ਤੋਂ ਵਿਧਾਇਕ ਸਟੈਫ਼ਨੀ ਬੋਅਮਨ, ਈਟੋਬੀਕੋ-ਲੇਕਸ਼ੋਰ ਤੋਂ ਵਿਧਾਇਕ ਲੀਅ ਫ਼ੇਅਰਕਲੱਫ਼, ਜਸਟਿਨ ਟਰੂਡੋ ਦੇ ਸਲਾਹਕਾਰ ਰਹਿ ਚੁੱਕੇ ਡਿਲਨ ਮਰਾਂਡੋ ਅਤੇ ਮੋਰ ਨੇਬਰਜ਼ ਟੋਰਾਂਟੋ ਦੇ ਬਾਨੀ ਐਰਿਕ ਲੌਂਬਾਰਡੀ ਸ਼ਾਮਲ ਹੋਏ। ਲੀਅ ਫ਼ੇਅਰਕਲੱਫ਼ ਦਾ ਕਹਿਣਾ ਸੀ ਕਿ ਅਤੀਤ ਵਿਚ ਦੁਹਰਾਈਆਂ ਗਲਤੀਆਂ ਤੋਂ ਸਬਕ ਲੈਣਾ ਹੋਵੇਗਾ। ਇਸੇ ਦੌਰਾਨ ਲੌਂਬਾਰਡੀ ਨੇ ਕਿਹਾ ਕਿ ਸਾਬਕਾ ਆਗੂਆਂ ਕੋਲ ਵਿਧਾਨ ਸਭਾ ਵਿਚ ਸੀਟ ਨਾ ਹੋਣ ਅਤੇ ਪ੍ਰਚਾਰ ਦੌਰਾਨ ਨਵੇਂ ਵਿਚਾਰਾਂ ਤੋਂ ਪਰਹੇਜ਼ ਕੀਤੇ ਜਾਣ ਕਰ ਕੇ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਲਿਬਰਲ ਪਾਰਟੀ ਵੱਲੋਂ ਜਾਰੀ ਬਿਆਨ ਮੁਤਾਬਕ ਨਵੇਂ ਲੀਡਰ ਦੀ ਚੋਣ ਲਈ ਆਨਲਾਈਨ ਵੋਟਿੰਗ ਦਾ ਸਿਲਸਿਲਾ 9 ਨਵੰਬਰ ਤੋਂ 20 ਨਵੰਬਰ ਤੱਕ ਜਾਰੀ ਰਹੇਗਾ ਅਤੇ 21 ਨਵੰਬਰ ਨੂੰ ਵੋਟਾਂ ਗਿਣਤੀ ਕਰਦਿਆਂ ਨਵੇਂ ਆਗੂ ਦਾ ਨਾਂ ਐਲਾਨ ਦਿਤਾ ਜਾਵੇਗਾ।

# ਹਰਪਾਲ ਚੀਮਾ ਅਤੇ ਹਰਭਜਨ ਸਿੰਘ ਵਿਚਕਾਰ ਸ਼ਬਦੀ ਜੰਗ ਤੇਜ਼!

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਜ ਸਭਾ ਮੈਂਬਰ ਅਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਵੱਲੋਂ ਸਾਂਝੀ ਕੀਤੀ ਗਈ ਦੋ ਨਸ਼ੇੜੀਆਂ ਦੀ ਵੀਡੀਓ ਪੰਜਾਬ ਵਿੱਚ ਨਹੀਂ, ਸਗੋਂ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲ੍ਹੇ ਵਿੱਚ ਬਣੀ ਹੋਈ ਪਾਈ ਗਈ ਹੈ। ਚੀਮਾ ਨੇ ਸੰਸਦ ਮੈਂਬਰ ਹਰਭਜਨ ਸਿੰਘ ਵੱਲੋਂ ਸਾਂਝੀ ਕੀਤੀ ਗਈ ਵੀਡੀਓ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ 'ਆਪ' ਹੀ ਸੀ ਜਿਸ ਨੇ ਸੂਬੇ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਪਛਾਣਿਆ ਅਤੇ ਸੋਚਿਆ ਕਿ ਉਹ ਪੰਜਾਬੀ ਨੌਜਵਾਨਾਂ ਲਈ ਇੱਕ ਰੋਲ ਮਾਡਲ ਬਣਨਗੇ। ਉਨ੍ਹਾਂ ਕਿਹਾ, "ਇਸ ਲਈ ਅਸੀਂ ਉਨ੍ਹਾਂ ਨੂੰ ਸੰਸਦ ਦੇ ਉੱਪਰਲੇ ਸਦਨ ਵਿੱਚ 'ਆਪ' ਅਤੇ ਇਸ ਦੀ ਸਿਆਸੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਨ ਲਈ ਭੇਜਿਆ ਸੀ। ਪਰ ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਹ ਬਿਲਕੁਲ ਇਸ ਦੇ ਉਲਟ ਕਰ ਰਹੇ ਹਨ।" ਜ਼ਿਕਰਯੋਗ ਹੈ ਕਿ ਹਰਭਜਨ ਸਿੰਘ ਨੇ ਬੀਤੀ ਦੇਰ ਰਾਤ ਆਪਣੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪੋਸਟ ਕੀਤੀ, ਜਿਸ ਵਿੱਚ ਦੋ ਪੱਗਾਂ ਬੰਨੇ ਨੌਜਵਾਨ ਅਜੀਬ ਹਾਲਤ ਵਿੱਚ ਖੜ੍ਹੇ ਦਿਖਾਈ ਦੇ ਰਹੇ ਹਨ। ਉਨ੍ਹਾਂ ਕਿਹਾ, "ਉਨ੍ਹਾਂ ਨੇ ਪੰਜਾਬ ਦਾ ਕੀ ਹਾਲ ਕਰ ਦਿੱਤਾ ਹੈ? ਜਾਪਦਾ ਹੈ ਕਿ ਮੇਰੇ ਪੰਜਾਬ ਨੂੰ ਕਿਸੇ ਦੀ ਬੁਰੀ ਨਜ਼ਰ ਲੱਗ ਗਈ ਹੈ।... ਸਰਕਾਰਾਂ ਨੇ ਪੰਜਾਬ ਅਤੇ ਪੰਜਾਬੀ ਜਵਾਨੀ ਨੂੰ ਬਰਬਾਦ ਕਰ ਦਿੱਤਾ ਹੈ...।" ਇਹ ਵੀਡੀਓ, ਜੋ ਕਿ ਵਾਇਰਲ ਹੋ ਚੁੱਕੀ ਹੈ, ਨੂੰ ਲੱਖਾਂ ਵਾਰ ਦੇਖਿਆ ਜਾ ਚੁੱਕਾ ਹੈ। ਕੁਝ ਆਨਲਾਈਨ ਪਲੇਟਫਾਰਮ ਦਾਅਵਾ ਕਰ ਰਹੇ ਹਨ ਕਿ ਵੀਡੀਓ ਵਿੱਚਲੇ ਨਸ਼ੇੜੀਆਂ ਨੇ "ਜ਼ੌਂਬੀ ਡਰੱਗ" ਯਾਨੀ ਜ਼ਾਇਲਾਜ਼ੀਨ ਨੂੰ ਓਪੀਔਡਜ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਮਿਲਾ ਕੇ ਖਾਧਾ ਜਾਪਦਾ ਹੈ। ਚੀਮਾ ਨੇ ਉਨ੍ਹਾਂ ਦੋਸ਼ ਲਾਇਆ, "ਅਜਿਹੀ ਵੀਡੀਓ ਪੋਸਟ ਕਰਨਾ, ਇਸ ਨੂੰ ਪੰਜਾਬ ਵਿੱਚ ਬਣੀ ਹੋਣ ਦਾ ਲੇਬਲ ਦੇਣਾ, ਪੰਜਾਬ ਨੂੰ ਬਦਨਾਮ ਕਰਨ ਅਤੇ ਨਸ਼ੇ ਦੇ ਮੁੱਦੇ 'ਤੇ ਪੰਜਾਬ ਵਿਰੋਧੀ ਅਤੇ ਪੰਜਾਬੀ ਵਿਰੋਧੀ ਬਿਰਤਾਂਤ ਸਥਾਪਤ ਕਰਨ ਲਈ ਭਾਜਪਾ ਦੀ ਇੱਕ ਸਾਜ਼ਿਸ਼ ਹੈ," ਅਤੇ ਕਿਹਾ ਕਿ ਭਾਜਪਾ ਦਾ ਘਿਣਾਉਣਾ ਮਨਸੂਬਾ ਸਾਫ਼ ਨਜ਼ਰ ਆ ਰਿਹਾ ਹੈ।

# ਬੀਸੀ ਦੀਆਂ ਜੰਗਲੀ ਅੱਗਾਂ ਵਿਚਾਲੇ ਪੰਜਾਬੀ ਭਾਈਚਾਰਾ ਬਣਿਆ ਲੋਕਾਂ ਦਾ ਸਹਾਰਾ, ਗੁਰਦੁਆਰੇ ਤੋਂ ਪੀੜਤਾਂ ਤੱਕ ਪਹੁੰਚ ਰਿਹਾ ਲੰਗਰ



ਬ੍ਰਿਟਿਸ਼ ਕੋਲੰਬੀਆ: ਜੰਗਲੀ ਅੱਗ ਕਾਰਨ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਭਾਰਤੀ ਭਾਈਚਾਰੇ ਵੱਲੋਂ ਰਾਹਤ ਕਾਰਜ ਸ਼ੁਰੂ ਕੀਤੇ ਗਏ ਹਨ। ਪੈਂਟਿਕਟਨ ਸ਼ਹਿਰ ਵਿੱਚ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਲੋੜਵੰਦਾਂ ਤੱਕ ਖਾਣ-ਪੀਣ ਦੀਆਂ ਵਸਤਾਂ ਪਹੁੰਚਾਉਣ ਦੇ ਨਾਲ-ਨਾਲ ਗੁਰਦੁਆਰੇ ਵਿੱਚ ਟਰੇਲਰ ਖੜ੍ਹੇ ਕਰਨ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ।

### ਗੁਰਦੁਆਰੇ ਤੋਂ ਪੀੜਤਾਂ ਲਈ ਲੰਗਰ

ਪੈਂਟਿਕਟਨ ਗੁਰਦੁਆਰੇ ਦੇ ਖ਼ਜ਼ਾਨਚੀ ਰਜਿੰਦਰ ਕਲੇਰ ਮੁਤਾਬਕ ਸੇਵਾਦਾਰ ਚੌਲ, ਦਾਲ ਅਤੇ ਸਲਾਦ ਆਦਿ ਤਿਆਰ ਕਰਕੇ ਪੈਕ ਕਰ ਰਹੇ ਹਨ ਅਤੇ ਇਹ ਭੋਜਨ ਲੋੜਵੰਦਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਮਰਲੈਂਡ ਸ਼ਹਿਰ ਦੇ ਆਸ-ਪਾਸ ਦਾ ਇਲਾਕਾ ਜੰਗਲੀ ਅੱਗ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕਈ ਲੋਕ ਆਪਣੇ ਘਰ ਛੱਡ ਕੇ ਪੈਂਟਿਕਟਨ ਜਾਂ ਹੋਰ ਸ਼ਹਿਰਾਂ ਵਿੱਚ ਪਾਰਕਾਂ ਆਦਿ ਵਿੱਚ ਟਰੇਲਰਾਂ ਵਿੱਚ ਰਹਿਣ ਲਈ ਮਜਬੂਰ ਹਨ। ਕਲੇਰ ਨੇ ਦੱਸਿਆ ਕਿ ਪੈਂਟਿਕਟਨ ਵਿੱਚ ਪੰਜਾਬੀ ਭਾਈਚਾਰੇ ਦੀ ਆਬਾਦੀ ਕਰੀਬ 1500 ਹੈ। ਜੰਗਲੀ ਅੱਗ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਭਾਈਚਾਰੇ ਨੇ ਮਦਦ ਦਾ ਫ਼ੈਸਲਾ ਕੀਤਾ। ਗੁਰਦੁਆਰੇ ਵਿੱਚ ਸੇਵਾਦਾਰ ਲੰਗਰ ਤਿਆਰ ਕਰਕੇ ਪੀੜਤਾਂ ਤੱਕ ਪਹੁੰਚਾ ਰਹੇ ਹਨ। ਇਸ ਕੰਮ ਲਈ ਲੋਕ ਈ-ਟ੍ਰਾਂਸਫਰ ਰਾਹੀਂ ਵੀ ਪੈਸੇ ਭੇਜ ਰਹੇ ਹਨ।

### ਹੋਰ ਵਸਤਾਂ ਦੀ ਵੀ ਲੋੜ

ਰਜਿੰਦਰ ਕਲੇਰ ਮੁਤਾਬਕ ਗੁਰਦੁਆਰਾ ਕਮੇਟੀ ਸ਼ਹਿਰ ਵਿੱਚ ਕੰਮ ਕਰ ਰਹੀ JCI ਸੰਸਥਾ ਨਾਲ ਮਿਲ ਕੇ ਰਾਹਤ ਕਾਰਜ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਗ੍ਰੋਸਰੀ ਦੀ ਕਾਫ਼ੀ ਮਾਤਰਾ ਮੌਜੂਦ ਹੈ, ਪਰ ਜਾਨਵਰਾਂ ਲਈ ਭੋਜਨ, ਟੂਥਪੇਸਟ ਅਤੇ ਤੌਲੀਏ ਵਰਗੀਆਂ ਵਸਤਾਂ ਦੀ ਲੋੜ ਹੈ।

### ਗੁਜਰਾਤੀ ਭਾਈਚਾਰਾ ਵੀ ਮਦਦ ਲਈ ਅੱਗੇ

ਬੀਸੀ ਦਾ ਗੁਜਰਾਤੀ ਭਾਈਚਾਰਾ ਵੀ ਪੀੜਤਾਂ ਦੀ ਮਦਦ ਕਰ ਰਿਹਾ ਹੈ। ਬੀਸੀ ਪਟੇਲ ਸਮਾਜ ਦੇ ਪ੍ਰਧਾਨ ਪਰਿੰਜਲ ਪਟੇਲ ਨੇ ਦੱਸਿਆ ਕਿ ਕਿਲੋਨਾ ਵਿੱਚ ਲੋੜਵੰਦਾਂ ਤੱਕ ਬਰੈੱਡ, ਬਿਸਕੁੱਟ ਅਤੇ ਚਿਪਸ ਸਮੇਤ ਪੈਕ ਕੀਤਾ ਭੋਜਨ ਪਹੁੰਚਾਇਆ ਗਿਆ ਹੈ। ਭਾਈਚਾਰੇ ਨੇ ਪੈਸੇ ਇਕੱਠੇ ਕਰਕੇ 2500 ਡਾਲਰ ਦਾ ਰਾਸ਼ਨ ਵੀ ਮੁਹੱਈਆ ਕਰਵਾਇਆ। ਹੁਣ ਗੱਦੇ, ਸਿਰਹਾਣੇ ਅਤੇ ਕੰਬਲ ਪਹੁੰਚਾਉਣ ਦੀ ਤਿਆਰੀ ਹੈ।

### ਹਜ਼ਾਰਾਂ ਲੋਕ ਪ੍ਰਭਾਵਿਤ

ਬੀਸੀ ਵਿੱਚ 100 ਤੋਂ ਵੱਧ ਜੰਗਲੀ ਅੱਗਾਂ ਦੇ ਵਿਚਕਾਰ ਐਮਰਜੈਂਸੀ ਲਾਗੂ ਹੈ। ਕਰੀਬ 22 ਹਜ਼ਾਰ ਲੋਕ ਘਰ ਖਾਲੀ ਕਰਨ ਦੇ ਹੁਕਮਾਂ ਹੇਠ ਹਨ, ਜਦਕਿ 10 ਹਜ਼ਾਰ ਤੋਂ ਵੱਧ ਲੋਕ ਐਮਰਜੈਂਸੀ ਅਲਰਟ 'ਤੇ ਹਨ। ਸਮਰਲੈਂਡ ਨੇੜੇ ਬਾਲਡ ਰੇਂਜ ਦੀ ਅੱਗ ਵਿੱਚ 80 ਸਾਲਾ ਔਰਤ ਦੀ ਮੌਤ ਹੋ ਚੁੱਕੀ ਹੈ। ਸੂਬੇ ਦੀ ਸਭ ਤੋਂ ਵੱਡੀ ਅੱਗ ਪੀਅਰ ਲੇਕ ਖੇਤਰ ਵਿੱਚ ਹੈ, ਜੋ ਕਰੀਬ 1,247 ਵਰਗ ਕਿਲੋਮੀਟਰ ਤੱਕ ਫੈਲ ਚੁੱਕੀ ਹੈ। ਬੀਸੀ ਵਾਈਲਡਫਾਇਰ ਸਰਵਿਸ ਨੇ ਤੇਜ਼ ਹਵਾਵਾਂ ਅਤੇ ਸੁੱਕੀ ਬਿਜਲੀ ਕਾਰਨ ਨਵੀਆਂ ਅੱਗਾਂ ਲੱਗਣ ਦੀ ਸੰਭਾਵਨਾ ਬਾਰੇ ਵੀ ਚੇਤਾਵਨੀ ਦਿੱਤੀ ਹੈ।

# ਕੈਨੇਡਾ ਦੇ ਵਾਲਮਾਰਟ 'ਚ ਪੰਜਾਬੀ ਨੌਜਵਾਨ ਨਸਲੀ ਹਮਲਾ

## ਮੁੱਕਾ ਲੱਗਣ ਨਾਲ ਫਰਸ਼ 'ਤੇ ਡਿੱਗਿਆ, ਦਸਤਾਰ ਵੀ ਉੱਤਰੀ



ਐਡਮੰਟਨ: ਕੈਨੇਡਾ ਦੇ ਐਡਮੰਟਨ ਸਥਿਤ ਇੱਕ ਵਾਲਮਾਰਟ ਸਟੋਰ ਵਿੱਚ ਸ਼ਾਪਿੰਗ ਕਰਨ ਪਹੁੰਚੇ ਇੱਕ ਪੰਜਾਬੀ ਨੌਜਵਾਨ ਨਾਲ ਕੁੱਟਮਾਰ ਦੀ ਵੀਡੀਓ ਸਾਹਮਣੇ ਆਈ ਹੈ। ਵੀਡੀਓ ਵਿੱਚ ਇੱਕ ਕੈਨੇਡੀਅਨ ਨੌਜਵਾਨ ਵੱਲੋਂ ਪੰਜਾਬੀ ਨੌਜਵਾਨ ਨੂੰ ਮੁੱਕਾ ਮਾਰਦੇ ਹੋਏ ਦਿਖਾਇਆ ਗਿਆ ਹੈ। ਮੁੱਕਾ ਲੱਗਣ ਤੋਂ ਬਾਅਦ ਪੰਜਾਬੀ ਨੌਜਵਾਨ ਫਰਸ਼ 'ਤੇ ਡਿੱਗ ਜਾਂਦਾ ਹੈ ਅਤੇ ਲਗਭਗ 20 ਮਿੰਟ ਉੱਥੇ ਹੀ ਪਿਆ ਰਹਿਣ ਦੀ ਗੱਲ ਕਹੀ ਜਾ ਰਹੀ ਹੈ। ਇਸ ਦੌਰਾਨ ਉਸ ਦੀ ਦਸਤਾਰ ਵੀ ਉਤਰ ਜਾਂਦੀ ਹੈ। ਇਹ ਵੀਡੀਓ ਯਾਦਵਿੰਦਰ ਸਿੰਘ ਨਾਮ ਦੇ ਵਿਅਕਤੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀ ਕੀਤੀ ਹੈ। ਹਾਲਾਂਕਿ ਹਮਲੇ ਦਾ ਸ਼ਿਕਾਰ ਹੋਏ ਨੌਜਵਾਨ ਦੀ ਪਛਾਣ ਅਜੇ ਸਾਹਮਣੇ ਨਹੀਂ ਆਈ। ਘਟਨਾ ਸਬੰਧੀ ਕੈਨੇਡਾ ਪੁਲਿਸ ਵੱਲੋਂ ਵੀ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ।

### ਪਹਿਲਾਂ ਹੋਈ ਧੱਕਾ-ਮੁੱਕੀ, ਫਿਰ ਮਾਰਿਆ ਮੁੱਕਾ

ਵੀਡੀਓ ਮੁਤਾਬਕ ਘਟਨਾ 9 ਅਗਸਤ ਦੀ ਦੱਸੀ ਜਾ ਰਹੀ ਹੈ। ਸਟੋਰ ਅੰਦਰ ਦੋਵਾਂ ਨੌਜਵਾਨਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੁੰਦੀ ਨਜ਼ਰ ਆ ਰਹੀ ਹੈ। ਇਸ ਦੌਰਾਨ ਕੈਨੇਡੀਅਨ ਨੌਜਵਾਨ ਪੰਜਾਬੀ ਨੌਜਵਾਨ ਨੂੰ ਧੱਕਾ ਮਾਰਦਾ ਹੈ, ਜਿਸ ਕਾਰਨ ਉਸ ਦੀ ਦਸਤਾਰ ਅਤੇ ਕੇਸ ਖੁੱਲ੍ਹ ਜਾਂਦੇ ਹਨ। ਪੰਜਾਬੀ ਨੌਜਵਾਨ ਆਪਣੀ ਦਸਤਾਰ ਸੰਭਾਲਣ ਤੋਂ ਬਾਅਦ ਧੱਕਾ ਦੇਣ ਦਾ ਕਾਰਨ ਪੁੱਛਦਾ ਹੈ। ਇਸ ਤੋਂ ਬਾਅਦ ਦੂਜਾ ਨੌਜਵਾਨ ਮੁੜ ਉਸ 'ਤੇ ਹਮਲਾ ਕਰਦਾ ਹੈ। ਵੀਡੀਓ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੁੱਕਾ ਉਸ ਦੀ ਨੱਕ 'ਤੇ ਲੱਗਿਆ ਅਤੇ ਉਹ ਫਰਸ਼ 'ਤੇ ਡਿੱਗ ਗਿਆ।

### ਮੌਕੇ 'ਤੇ ਨਹੀਂ ਪਹੁੰਚੀ ਪੁਲਿਸ

ਘਟਨਾ ਤੋਂ ਬਾਅਦ ਸਟੋਰ ਵਿੱਚ ਮੌਜੂਦ ਲੋਕਾਂ ਨੇ ਜ਼ਖਮੀ ਨੌਜਵਾਨ ਦੀ ਮਦਦ ਕੀਤੀ। ਵੀਡੀਓ ਵਿੱਚ ਕੁਝ ਲੋਕ ਪੁਲਿਸ ਨੂੰ ਫੋਨ ਕਰਦੇ ਵੀ ਨਜ਼ਰ ਆ ਰਹੇ ਹਨ। ਵੀਡੀਓ ਨਾਲ ਜੁੜੇ ਦਾਅਵਿਆਂ ਮੁਤਾਬਕ ਪੁਲਿਸ ਨੂੰ ਕਈ ਵਾਰ ਫੋਨ ਕੀਤਾ ਗਿਆ ਅਤੇ ਲੰਬੇ ਸਮੇਂ ਤੱਕ ਉਡੀਕ ਕੀਤੀ ਗਈ, ਪਰ ਪੁਲਿਸ ਦੇ ਮੌਕੇ 'ਤੇ ਨਾ ਪਹੁੰਚਣ ਦੀ ਗੱਲ ਕਹੀ ਗਈ ਹੈ।

### ਪੁਲਿਸ ਦਾ ਅਧਿਕਾਰਤ ਬਿਆਨ ਨਹੀਂ

ਸੋਸ਼ਲ ਮੀਡੀਆ 'ਤੇ ਘਟਨਾ ਨੂੰ ਲੈ ਕੇ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ। ਕੁਝ ਲੋਕਾਂ ਨੇ ਸਿੱਖ ਨੌਜਵਾਨ ਵੱਲੋਂ ਕਿਰਪਾਨ ਦੀ ਵਰਤੋਂ ਨਾ ਕਰਨ ਨੂੰ ਲੈ ਕੇ ਟਿੱਪਣੀਆਂ ਕੀਤੀਆਂ, ਜਦਕਿ ਕੁਝ ਨੇ ਇਸ ਗੱਲ ਦੀ ਹਮਾਇਤ ਕੀਤੀ ਕਿ ਉਸ ਨੇ ਹਾਲਾਤ ਨੂੰ ਹੋਰ ਨਾ ਵਿਗੜਨ ਦਿੱਤਾ। ਕੁਝ ਸੋਸ਼ਲ ਮੀਡੀਆ ਯੂਜ਼ਰਾਂ ਵੱਲੋਂ ਜ਼ਖਮੀ ਨੌਜਵਾਨ ਨੂੰ ਪੰਜਾਬੀ ਟਰੱਕ ਡਰਾਈਵਰ ਵੀ ਦੱਸਿਆ ਗਿਆ ਹੈ, ਪਰ ਇਸ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ। ਐਡਮੰਟਨ ਪੁਲਿਸ ਵੱਲੋਂ ਫਿਲਹਾਲ ਨਾ ਤਾਂ ਜ਼ਖਮੀ ਨੌਜਵਾਨ ਦੀ ਪਛਾਣ, ਨਾ ਉਸ ਦੀ ਸਿਹਤ ਦੀ ਸਥਿਤੀ ਅਤੇ ਨਾ ਹੀ ਕਿਸੇ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਜਾਰੀ ਕੀਤੀ ਗਈ ਹੈ।


LEGAL & BUSINESS SOLUTIONS FOR NRI'S

Property ▪ Family ▪ Business ▪ Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ

- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ

- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ

- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD
BUSINESS SOLUTIONS INC.

Contact:
Indoworld Business Solutions
Phone: 416-840-4365
Email: info@indoworldbusinesssolutions.com



ACCESS PERSONNEL RESOURCES INC.
TEMPORARY STAFFING AGENCY

WE ARE HIRING

Join Our Team



OPEN POSITION

- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:

The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available

Morning
Afternoon
Night

# ਧੀ ਰੇਸ਼ਮ ਦਾ ਧਾਗਾ ਅਤੇ ਨੂੰਹ ਸੂਤੀ ਧਾਗਾ...

ਉਸ ਦਿਨ ਮਨਪ੍ਰੀਤ ਨੇ ਚਾਹ ਦੀ ਟਰੇ ਜਿਵੇਂ-ਕਿਵੇਂ ਮੇਜ਼ 'ਤੇ ਰੱਖੀ ਅਤੇ ਬਿਨਾਂ ਕੁਝ ਕਹੇ ਉੱਥੋਂ ਆਪਣੇ ਕਮਰੇ ਵਿੱਚ ਚਲੀ ਗਈ। ਉਸਦੇ ਦਿਲ ਵਿੱਚ ਇੱਕ ਅਜੀਬ ਜਿਹੀ ਖਟਾਸ ਪੈਦਾ ਹੋ ਗਈ ਸੀ।

ਜਿਸ ਸੱਸ ਨਾਲ ਉਹ ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰਦੀ ਸੀ, ਅਚਾਨਕ ਉਹ ਉਸਨੂੰ ਇੱਕ ਅਜਨਬੀ ਅਤੇ ਸੁਆਰਥੀ ਔਰਤ ਲੱਗਣ ਲੱਗੀ। ਉਸ ਇੱਕ ਵਾਕ ਨੇ ਮਨਪ੍ਰੀਤ ਦੇ ਸੋਚਣ ਦਾ ਨਜ਼ਰੀਆ ਹੀ ਬਦਲ ਦਿੱਤਾ ਸੀ।

ਮਨਪ੍ਰੀਤ ਦਾ ਵਿਆਹ ਜਦੋਂ ਅਮਨਦੀਪ ਨਾਲ ਹੋਇਆ, ਤਾਂ ਉਸਦੇ ਮਨ ਵਿੱਚ ਸਹੁਰੇ ਘਰ ਨੂੰ ਲੈ ਕੇ ਉਹੀ ਸ਼ੰਕੇ ਸਨ ਜੋ ਆਮ ਤੌਰ 'ਤੇ ਹਰ ਨਵੀਂ ਵਿਆਹੀ ਲਾੜੀ ਦੇ ਮਨ ਵਿੱਚ ਹੁੰਦੇ ਹਨ। ਉਸਨੇ ਆਪਣੀਆਂ ਸਹੇਲੀਆਂ ਤੋਂ ਸੱਸ-ਨੂੰਹ ਦੇ ਝਗੜਿਆਂ ਅਤੇ ਤਾਨ੍ਹਿਆਂ ਦੀਆਂ ਅਣਗਿਣਤ ਕਹਾਣੀਆਂ ਸੁਣੀਆਂ ਹੋਈਆਂ ਸਨ।

ਪਰ ਜਦੋਂ ਉਸਨੇ ਆਪਣੇ ਸਹੁਰੇ ਘਰ ਦੀ ਦਹਿਲੀਜ਼ 'ਤੇ ਕਦਮ ਰੱਖਿਆ, ਤਾਂ ਉਸਦੀ ਸੱਸ, ਸੁਰਿੰਦਰ ਕੌਰ ਨੇ ਉਸਨੂੰ ਇੱਕ ਨੂੰਹ ਵਾਂਗ ਨਹੀਂ, ਸਗੋਂ ਇੱਕ ਦੋਸਤ ਵਾਂਗ ਗਲੇ ਲਗਾਇਆ।

ਸੁਰਿੰਦਰ ਕੌਰ ਇੱਕ ਬਹੁਤ ਹੀ ਸੁਲਝੀ ਹੋਈ, ਸ਼ਾਂਤ ਅਤੇ ਆਧੁਨਿਕ ਵਿਚਾਰਾਂ ਵਾਲੀ ਔਰਤ ਸੀ। ਉਸਨੇ ਘਰ ਦਾ ਮਾਹੌਲ ਇੰਨਾ ਸੁਖਾਵਾਂ ਬਣਾ ਦਿੱਤਾ ਸੀ ਕਿ ਮਨਪ੍ਰੀਤ ਨੂੰ ਕਦੇ ਲੱਗਿਆ ਹੀ ਨਹੀਂ ਕਿ ਉਹ ਆਪਣਾ ਪੇਕਾ ਛੱਡ ਕੇ ਕਿਸੇ ਪਰਾਏ ਘਰ ਆਈ ਹੈ।

ਘਰ ਵਿੱਚ ਦੋਵਾਂ ਵਿਚਕਾਰ ਅਜਿਹਾ ਰਿਸ਼ਤਾ ਸੀ ਜਿਸਨੂੰ ਦੇਖ ਕੇ ਆਂਢ-ਗੁਆਂਢ ਦੀਆਂ ਔਰਤਾਂ ਵੀ ਰਸ਼ਕ ਕਰਦੀਆਂ ਸਨ। ਸਵੇਰ ਦੀ ਚਾਹ ਤੋਂ ਲੈ ਕੇ ਰਾਤ ਦੇ ਖਾਣੇ ਤੱਕ, ਦੋਵੇਂ ਸੱਸ-ਨੂੰਹ ਇਕੱਠੀਆਂ ਨਜ਼ਰ ਆਉਂਦੀਆਂ। ਸੁਰਿੰਦਰ ਕੌਰ ਜਾਣਦੀ ਸੀ ਕਿ ਮਨਪ੍ਰੀਤ ਨੂੰ ਪੇਂਟਿੰਗ ਦਾ ਸ਼ੌਂਕ ਹੈ, ਇਸ ਲਈ ਉਸਨੇ ਘਰ ਦੇ ਇੱਕ ਛੋਟੇ ਜਿਹੇ ਕਮਰੇ ਨੂੰ ਮਨਪ੍ਰੀਤ ਦੇ ਸਟੂਡੀਓ ਵਿੱਚ ਬਦਲਵਾ ਦਿੱਤਾ ਸੀ।

ਘਰ ਦਾ ਹਰ ਕੋਨਾ ਉਨ੍ਹਾਂ ਦੀ ਹਾਸੇ-ਠੱਠੇ ਨਾਲ ਗੂੰਜਦਾ ਰਹਿੰਦਾ। ਅਮਨਦੀਪ ਵੀ ਆਪਣੀ ਮਾਂ ਅਤੇ ਪਤਨੀ ਵਿਚਕਾਰ ਇਸ ਸ਼ਾਨਦਾਰ ਤਾਲਮੇਲ ਨੂੰ ਦੇਖ ਕੇ ਰੱਬ ਦਾ ਸ਼ੁਕਰ ਕਰਦਾ ਸੀ। ਸਭ ਕੁਝ ਕਿਸੇ ਖੂਬਸੂਰਤ ਸੁਪਨੇ ਵਾਂਗ ਚੱਲ ਰਿਹਾ ਸੀ। ਪਰ ਕਹਿੰਦੇ ਹਨ ਨਾ ਕਿ ਜਦੋਂ ਹਵਾ ਬਹੁਤ ਸ਼ਾਂਤ ਹੋਵੇ, ਤਾਂ ਅਕਸਰ ਕਿਸੇ ਵੱਡੇ ਤੂਫ਼ਾਨ ਦੇ ਆਉਣ ਦਾ ਅੰਦੇਸ਼ਾ ਹੁੰਦਾ ਹੈ।

ਇਹ ਤੂਫ਼ਾਨ ਉਦੋਂ ਆਇਆ ਜਦੋਂ ਇੱਕ ਦਿਨ ਸੁਰਿੰਦਰ ਕੌਰ ਦੀ ਵੱਡੀ ਭੈਣ, ਯਾਨੀ ਅਮਨਦੀਪ ਦੀ ਮਾਸੀ, ਸਵਰਨ ਕੌਰ ਕੁਝ ਦਿਨਾਂ ਲਈ ਉਨ੍ਹਾਂ ਦੇ ਘਰ ਰਹਿਣ ਆਈ। ਸਵਰਨ ਕੌਰ ਸੁਭਾਅ ਤੋਂ ਥੋੜ੍ਹੀ ਪੁਰਾਣੀ ਸੋਚ ਦੀ ਸੀ। ਦੁਪਹਿਰ ਦਾ ਸਮਾਂ ਸੀ।



ਮਨਪ੍ਰੀਤ ਰਸੋਈ ਵਿੱਚ ਮਾਸੀ ਜੀ ਲਈ ਉਨ੍ਹਾਂ ਦੀ ਪਸੰਦ ਦੀ ਇਲਾਇਚੀ ਵਾਲੀ ਚਾਹ ਅਤੇ ਵੇਸਣ ਦੇ ਲੱਡੂ ਤਿਆਰ ਕਰ ਰਹੀ ਸੀ। ਬਾਹਰ ਡਰਾਇੰਗ ਰੂਮ ਵਿੱਚ ਸੁਰਿੰਦਰ ਕੌਰ ਅਤੇ ਸਵਰਨ ਕੌਰ ਆਪਣੇ ਪੁਰਾਣੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਰਹੀਆਂ ਸਨ।

ਚਾਹ ਦੀ ਟਰੇ ਤਿਆਰ ਕਰਨ ਤੋਂ ਬਾਅਦ, ਮਨਪ੍ਰੀਤ ਜਿਵੇਂ ਹੀ ਬਾਹਰ ਵੱਲ ਵਧੀ, ਅਚਾਨਕ ਰੁਕ ਗਈ। ਸਵਰਨ ਕੌਰ ਦੀ ਆਵਾਜ਼ ਆ ਰਹੀ ਸੀ— "ਸੁਰਿੰਦਰ, ਤੇਰੀ ਨੂੰਹ ਤਾਂ ਬਹੁਤ ਗੁਣਵਾਨ ਹੈ। ਅੱਜ-ਕੱਲ੍ਹ ਦੀਆਂ ਕੁੜੀਆਂ ਕਿੱਥੇ ਇੰਨਾ ਘਰ ਸਾਂਭਦੀਆਂ ਨੇ। ਪਰ ਫਿਰ ਵੀ... ਜੋ ਗੱਲ ਆਪਣੀ ਧੀ ਵਿੱਚ ਹੁੰਦੀ ਹੈ, ਉਹ ਨੂੰਹ ਵਿੱਚ ਕਿੱਥੇ? ਧੀ ਤਾਂ ਆਖਿਰ ਧੀ ਹੀ ਹੁੰਦੀ ਹੈ।"

ਮਨਪ੍ਰੀਤ ਉੱਥੇ ਹੀ ਦਰਵਾਜ਼ੇ ਦੇ ਪਿੱਛੇ ਰੁਕ ਗਈ। ਉਸਨੂੰ ਪੂਰੀ ਉਮੀਦ ਸੀ ਕਿ ਉਸਦੀ ਸੱਸ ਉਸਦਾ ਪੱਖ ਲਵੇਗੀ। ਪਰ ਤਦ ਹੀ ਸੁਰਿੰਦਰ ਕੌਰ ਦੀ ਆਵਾਜ਼ ਨੇ ਮਨਪ੍ਰੀਤ ਦੇ ਕੰਨਾਂ ਵਿੱਚ ਪਿਘਲਿਆ ਹੋਇਆ ਸਿੱਕਾ ਪਾ ਦਿੱਤਾ।

ਸੁਰਿੰਦਰ ਕੌਰ ਹੱਸਦੇ ਹੋਏ ਕਹਿ ਰਹੀ ਸੀ, "ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ ਭੈਣ ਜੀ। ਸੱਚ ਕਹਾਂ ਤਾਂ ਧੀਆਂ ਰੇਸ਼ਮ ਦੇ ਧਾਗੇ ਵਾਂਗ ਹੁੰਦੀਆਂ ਹਨ, ਅਤੇ ਨੂੰਹਾਂ ਸੂਤੀ ਧਾਗੇ ਵਾਂਗ। ਮੈਂ ਵੀ ਮਨਪ੍ਰੀਤ ਦੇ ਇਸ ਘਰ ਵਿੱਚ ਆਉਣ ਤੋਂ ਬਾਅਦ ਹੀ ਇਸ ਗੱਲ ਨੂੰ ਡੂੰਘਾਈ ਨਾਲ ਮਹਿਸੂਸ ਕੀਤਾ ਹੈ।" ਮਨਪ੍ਰੀਤ ਦੇ ਹੱਥ ਵਿੱਚ ਫੜੀ ਚਾਹ ਦੀ ਟਰੇ ਕੰਬਣ ਲੱਗੀ।

ਰੇਸ਼ਮ ਦਾ ਧਾਗਾ ਅਤੇ ਸੂਤੀ ਧਾਗਾ?' ਕੀ ਉਸਦੀ ਸੱਸ, ਜਿਸਨੂੰ ਉਹ ਆਪਣੀ ਮਾਂ ਤੋਂ ਵੀ ਵੱਧ ਮੰਨਦੀ ਸੀ, ਉਸਦੇ ਬਾਰੇ ਅਜਿਹੀ ਸੋਚ ਰੱਖਦੀ ਹੈ? ਕੀ ਉਸਦਾ ਪਿਆਰ, ਉਸਦਾ ਸਮਰਪਣ ਸਭ ਕੁਝ ਸੁਰਿੰਦਰ ਕੌਰ ਦੀਆਂ ਨਜ਼ਰਾਂ ਵਿੱਚ ਸਿਰਫ਼ ਇੱਕ 'ਸਸਤੇ ਸੂਤੀ ਧਾਗੇ' ਜਿੰਨਾ ਹੀ ਸੀ?

ਅਗਲੇ ਦਿਨ ਤੋਂ ਘਰ ਦਾ ਮਾਹੌਲ ਬਦਲਣ ਲੱਗਾ। ਮਨਪ੍ਰੀਤ ਮਸ਼ੀਨ ਵਾਂਗ ਕੰਮ ਕਰਨ ਲੱਗੀ। ਡਾਇਨਿੰਗ ਟੇਬਲ 'ਤੇ ਜਿੱਥੇ ਪਹਿਲਾਂ ਸੱਸ-ਨੂੰਹ ਦਾ ਹਾਸਾ ਗੂੰਜਦਾ ਸੀ, ਉੱਥੇ ਹੁਣ ਇੱਕ ਅਜੀਬ ਜਿਹਾ ਸੰਨਾਟਾ ਪਸਰਿਆ ਰਹਿੰਦਾ।

ਇੱਕ ਹਫ਼ਤੇ ਬਾਅਦ ਜਦੋਂ ਸਵਰਨ ਕੌਰ ਵਾਪਸ ਆਪਣੇ ਸ਼ਹਿਰ ਪਰਤ ਗਈ, ਤਾਂ ਸੁਰਿੰਦਰ ਕੌਰ ਨੇ ਤੈਅ ਕੀਤਾ ਕਿ ਉਹ ਇਸ ਚੁੱਪੀ ਨੂੰ ਤੋੜ ਕੇ ਰਹੇਗੀ। ਸ਼ਾਮ ਦਾ ਵਕਤ ਸੀ। ਮਨਪ੍ਰੀਤ ਰਸੋਈ ਵਿੱਚ ਸਬਜ਼ੀ ਕੱਟ ਰਹੀ ਸੀ।

ਸੁਰਿੰਦਰ ਕੌਰ ਚੁੱਪ-ਚਾਪ ਉੱਥੇ ਆਈ ਅਤੇ ਮਨਪ੍ਰੀਤ ਦੇ ਹੱਥੋਂ ਚਾਕੂ ਲੈ ਲਿਆ। "ਕੀ ਗੱਲ ਹੈ ਮਨਪ੍ਰੀਤ? ਜੇ ਮੈਂ ਕੁਝ ਗਲਤ ਕਹਿ ਦਿੱਤਾ ਹੈ ਤਾਂ ਮੈਨੂੰ ਸਾਫ਼-ਸਾਫ਼ ਦੱਸ।" ਮਨਪ੍ਰੀਤ ਦਾ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਫੁੱਟ-ਫੁੱਟ ਕੇ ਰੋ ਪਈ ਅਤੇ ਬੋਲੀ, "ਮੰਮੀ ਜੀ, ਜਦੋਂ ਮਾਸੀ ਜੀ ਆਏ ਸਨ, ਤਾਂ ਮੈਂ ਦਰਵਾਜ਼ੇ ਦੇ ਬਾਹਰੋਂ ਤੁਹਾਡੀਆਂ ਗੱਲਾਂ ਸੁਣ ਲਈਆਂ ਸਨ।

ਤੁਸੀਂ ਕਹਿ ਰਹੇ ਸੀ ਕਿ ਧੀਆਂ ਰੇਸ਼ਮ ਦੇ ਧਾਗੇ ਵਾਂਗ ਹੁੰਦੀਆਂ ਹਨ ਅਤੇ ਨੂੰਹਾਂ ਸੂਤੀ ਧਾਗੇ ਵਾਂਗ। ਮੈਂ ਤੁਹਾਨੂੰ ਆਪਣੀ ਸਕੀ ਮਾਂ ਤੋਂ ਵੱਧ ਮੰਨਦੀ ਹਾਂ, ਪਰ ਤੁਹਾਡੀ ਨਜ਼ਰ ਵਿੱਚ ਮੇਰਾ ਮੁੱਲ ਸਿਰਫ਼ ਇੱਕ ਸਸਤੇ ਸੂਤੀ ਧਾਗੇ ਜਿੰਨਾ ਹੈ?" ਇਹ ਸੁਣ ਕੇ ਸੁਰਿੰਦਰ ਕੌਰ ਹੈਰਾਨ ਰਹਿ ਗਈ।

ਕੁਝ ਪਲਾਂ ਲਈ ਰਸੋਈ ਵਿੱਚ ਬਿਲਕੁਲ ਸੰਨਾਟਾ ਛਾ ਗਿਆ। ਫਿਰ ਅਚਾਨਕ, ਸੁਰਿੰਦਰ ਕੌਰ ਦੇ ਚਿਹਰੇ 'ਤੇ ਇੱਕ ਹਲਕੀ ਜਿਹੀ ਮੁਸਕਰਾਹਟ ਆ ਗਈ ਜੋ ਹੌਲੀ-ਹੌਲੀ ਇੱਕ ਪਿਆਰ ਭਰੀ ਹੱਸੀ ਵਿੱਚ ਬਦਲ ਗਈ।

ਮਨਪ੍ਰੀਤ ਹੈਰਾਨੀ ਨਾਲ ਉਸਨੂੰ ਦੇਖਣ ਲੱਗੀ। ਉਸਨੂੰ ਲੱਗਿਆ ਕਿ ਸ਼ਾਇਦ ਉਸਦੀ ਸੱਸ ਹੁਣ ਉਸਦਾ ਮਜ਼ਾਕ ਉਡਾ ਰਹੀ ਹੈ। "ਅੜੀਏ ਝੱਲੀਏ!" ਸੁਰਿੰਦਰ ਕੌਰ ਨੇ ਮਨਪ੍ਰੀਤ ਦੀਆਂ ਗੱਲ੍ਹਾਂ ਨੂੰ ਪਲੋਸਦਿਆਂ ਕਿਹਾ, "ਤੂੰ ਮੇਰੀ ਇੰਨੀ ਸਮਝਦਾਰ ਨੂੰਹ ਹੋ ਕੇ ਵੀ ਇੰਨੀ ਜਿਹੀ ਗੱਲ ਦਾ ਗਲਤ ਮਤਲਬ ਕੱਢ ਬੈਠੀ?

ਜੇ ਤੈਨੂੰ ਬੁਰਾ ਲੱਗਿਆ ਸੀ ਤਾਂ ਤੂੰ ਉਸੇ ਵਕਤ ਆ ਕੇ ਮੇਰੇ ਨਾਲ ਝਗੜਾ ਕਿਉਂ ਨਹੀਂ ਕੀਤਾ?" ਮਨਪ੍ਰੀਤ ਆਪਣੀਆਂ ਨਜ਼ਰਾਂ ਝੁਕਾਈ ਖੜ੍ਹੀ ਰਹੀ। ਸੁਰਿੰਦਰ ਕੌਰ ਨੇ ਮਨਪ੍ਰੀਤ ਦਾ ਹੱਥ ਫੜਿਆ ਅਤੇ ਉਸਨੂੰ ਡਾਇਨਿੰਗ ਟੇਬਲ ਦੀ ਕੁਰਸੀ 'ਤੇ ਬਿਠਾਇਆ।

ਫਿਰ ਉਹ ਖੁਦ ਵੀ ਉਸਦੇ ਸਾਹਮਣੇ ਬੈਠ ਗਈ। ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਅਜੀਬ ਜਿਹੀ ਚਮਕ ਅਤੇ ਡੂੰਘਾਈ ਸੀ। "ਮਨਪ੍ਰੀਤ... ਮੈਂ ਉਸ ਦਿਨ ਭੈਣ ਜੀ ਨੂੰ ਜੋ ਕਿਹਾ ਸੀ, ਮੈਂ ਅੱਜ ਵੀ ਉਸ ਗੱਲ 'ਤੇ ਪੂਰੀ ਤਰ੍ਹਾਂ ਕਾਇਮ ਹਾਂ। ਹਾਂ, ਧੀਆਂ ਰੇਸ਼ਮ ਦੇ ਧਾਗੇ ਵਾਂਗ ਹੀ ਹੁੰਦੀਆਂ ਹਨ ਅਤੇ ਨੂੰਹਾਂ ਸੂਤੀ ਧਾਗੇ ਵਾਂਗ।

ਪਰ ਤੂੰ ਇਸ ਗੱਲ ਦਾ ਸਿਰਫ਼ ਉਹ ਮਤਲਬ ਕੱਢਿਆ ਜੋ ਦੁਨੀਆ ਕੱਢਦੀ ਹੈ। ਤੂੰ ਉਹ ਨਹੀਂ ਸਮਝਿਆ ਜੋ ਇੱਕ ਮਾਂ ਦਾ ਦਿਲ ਸਮਝਦਾ ਹੈ।" ਮਨਪ੍ਰੀਤ ਹੁਣ ਧਿਆਨ ਨਾਲ ਆਪਣੀ ਸੱਸ ਵੱਲ ਵੇਖ ਰਹੀ ਸੀ।

ਸੁਰਿੰਦਰ ਕੌਰ ਨੇ ਸਮਝਾਉਣਾ ਸ਼ੁਰੂ ਕੀਤਾ, "ਦੇਖ ਪੁੱਤਰ, ਰੇਸ਼ਮ ਦਾ ਧਾਗਾ ਬਹੁਤ ਖੂਬਸੂਰਤ ਹੁੰਦਾ ਹੈ, ਚਮਕਦਾਰ ਹੁੰਦਾ ਹੈ, ਕੀਮਤੀ ਹੁੰਦਾ ਹੈ। ਉਸਨੂੰ ਖਾਸ ਮੌਕਿਆਂ 'ਤੇ ਪਾਇਆ ਜਾਂਦਾ ਹੈ, ਅਤੇ ਫਿਰ ਬਹੁਤ ਹਿਫ਼ਾਜ਼ਤ ਨਾਲ ਅਲਮਾਰੀ ਵਿੱਚ ਸਜਾ ਕੇ ਰੱਖ ਦਿੱਤਾ ਜਾਂਦਾ ਹੈ।

ਧੀਆਂ ਵੀ ਬਿਲਕੁਲ ਉਸੇ ਤਰ੍ਹਾਂ ਦੀਆਂ ਹੁੰਦੀਆਂ ਹਨ। ਉਹ ਘਰ ਦੀ ਰੌਣਕ ਹੁੰਦੀਆਂ ਹਨ, ਉਨ੍ਹਾਂ ਨੂੰ ਲਾਡ-ਪਿਆਰ ਨਾਲ ਪਾਲਿਆ ਜਾਂਦਾ ਹੈ, ਪਰ ਇੱਕ ਦਿਨ ਉਹ ਕਿਸੇ ਹੋਰ ਦੇ ਘਰ ਦੀ ਅਮਾਨਤ ਬਣ ਜਾਂਦੀਆਂ ਹਨ।

ਰੇਸ਼ਮ ਦਾ ਧਾਗਾ ਬਹੁਤ ਮੁਲਾਇਮ ਹੁੰਦਾ ਹੈ, ਪਰ ਸੱਚ ਇਹ ਹੈ ਕਿ ਉਸ ਵਿੱਚ ਗੰਢ ਨਹੀਂ ਟਿਕਦੀ। ਉਹ ਬਹੁਤ ਜਲਦੀ ਤਿਲਕ ਜਾਂਦਾ ਹੈ।" ਸੁਰਿੰਦਰ ਕੌਰ ਨੇ ਇੱਕ ਡੂੰਘਾ ਸਾਹ ਲਿਆ ਅਤੇ ਅੱਗੇ ਬੋਲੀ, "ਹੁਣ ਗੱਲ ਕਰਦੇ ਹਾਂ ਸੂਤੀ ਧਾਗੇ ਦੀ।

ਸੂਤੀ ਧਾਗਾ ਦੇਖਣ ਵਿੱਚ ਭਾਵੇਂ ਸਾਧਾਰਨ ਲੱਗੇ, ਪਰ ਉਹ ਹਰ ਮੌਸਮ ਵਿੱਚ, ਹਰ ਤਕਲੀਫ਼ ਵਿੱਚ ਕੰਮ ਆਉਂਦਾ ਹੈ। ਜਦੋਂ ਵੀ ਕੋਈ ਕੀਮਤੀ ਰੇਸ਼ਮੀ ਕੱਪੜਾ ਪਾਟਦਾ ਹੈ, ਤਾਂ ਉਸਨੂੰ ਰਫੂ ਕਰਨ ਲਈ ਸੂਤੀ ਧਾਗੇ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ।

ਸੂਤੀ ਧਾਗਾ ਖੁਦ ਨੂੰ ਹਰ ਰੰਗ ਵਿੱਚ ਰੰਗ ਲੈਂਦਾ ਹੈ, ਉਹ ਜਿਸ ਕੱਪੜੇ ਨਾਲ ਜੁੜਦਾ ਹੈ, ਉਸੇ ਦਾ ਰੰਗ ਆਪਣਾ ਲੈਂਦਾ ਹੈ। ਘਰ ਦੀ ਹਰ ਛੋਟੀ-ਵੱਡੀ ਚੀਜ਼, ਹਰ ਰਿਸ਼ਤੇ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਣ ਦੀ ਤਾਕਤ ਸਿਰਫ਼ ਸੂਤੀ ਧਾਗੇ ਵਿੱਚ ਹੁੰਦੀ ਹੈ।"

ਮਨਪ੍ਰੀਤ ਦੀਆਂ ਅੱਖਾਂ ਵਿੱਚੋਂ ਲਗਾਤਾਰ ਹੰਝੂ ਵਹਿ ਰਹੇ ਸਨ, ਪਰ ਹੁਣ ਇਹ ਹੰਝੂ ਦੁੱਖ ਦੇ ਨਹੀਂ ਸਨ।

ਸੁਰਿੰਦਰ ਕੌਰ ਨੇ ਮਨਪ੍ਰੀਤ ਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਕਿਹਾ, "ਮੇਰੀ ਬੱਚੀ, ਤੂੰ ਉਹ ਸੂਤੀ ਧਾਗਾ ਹੈਂ ਜਿਸਨੇ ਮੇਰੇ ਇਸ ਘਰ ਦੇ ਹਰ ਰਿਸ਼ਤੇ ਨੂੰ, ਹਰ ਇਨਸਾਨ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਿਆ ਹੈ।

ਤੂੰ ਆਪਣਾ ਪੇਕਾ ਛੱਡ ਕੇ ਸਾਡੇ ਪਰਿਵਾਰ ਦਾ ਰੰਗ ਐਵੇਂ ਓੜ ਲਿਆ ਹੈ ਜਿਵੇਂ ਤੂੰ ਹਮੇਸ਼ਾ ਤੋਂ ਇੱਥੇ ਦੀ ਹੀ ਸੀ। ਰੇਸ਼ਮ ਵਰਗੀਆਂ ਧੀਆਂ ਤਾਂ ਵਿਆਹ ਤੋਂ ਬਾਅਦ ਮਹਿਮਾਨ ਬਣ ਕੇ ਆਉਂਦੀਆਂ ਹਨ, ਪਰ ਸੂਤੀ ਧਾਗੇ ਵਰਗੀਆਂ ਨੂੰਹਾਂ ਘਰ ਦੀ ਨੀਂਹ ਬਣ ਜਾਂਦੀਆਂ ਹਨ, ਜੋ ਕਦੇ ਤਿਲਕਦੀਆਂ ਨਹੀਂ, ਕਦੇ ਸਾਥ ਨਹੀਂ ਛੱਡਦੀਆਂ। ਅਤੇ ਸਭ ਤੋਂ ਵੱਡੀ ਗੱਲ... ਸੂਤੀ ਧਾਗੇ ਵਿੱਚ ਪਈ ਗੰਢ ਕਦੇ ਨਹੀਂ ਖੁੱਲ੍ਹਦੀ।

ਇਸ ਲਈ ਮੈਂ ਕਿਹਾ ਸੀ ਕਿ ਤੂੰ ਮੇਰੇ ਲਈ ਸੂਤੀ ਧਾਗੇ ਵਰਗੀ ਹੈਂ, ਕਿਉਂਕਿ ਤੇਰੇ ਬਿਨਾਂ ਮੇਰੇ ਇਸ ਪਰਿਵਾਰ ਦਾ ਤਾਣਾ-ਬਾਣਾ ਬਿਖਰ ਜਾਵੇਗਾ।" ਇਹ ਸੁਣਦਿਆਂ ਹੀ ਮਨਪ੍ਰੀਤ ਦੇ ਅੰਦਰ ਜਿਵੇਂ ਕੋਈ ਬਰਫ਼ ਪਿਘਲ ਗਈ। ਉਸਨੂੰ ਆਪਣੀ ਨਾਸਮਝੀ 'ਤੇ ਬਹੁਤ ਪਛਤਾਵਾ ਹੋ ਰਿਹਾ ਸੀ। ਉਸਨੇ ਅੱਗੇ ਵੱਧ ਕੇ ਆਪਣੀ ਸੱਸ ਦੇ ਪੈਰ ਛੂਹੇ ਅਤੇ ਫਿਰ ਉਨ੍ਹਾਂ ਦੇ ਗਲ ਲੱਗ ਕੇ ਫੁੱਟ-ਫੁੱਟ ਕੇ ਰੋਣ ਲੱਗੀ।

"ਮੈਨੂੰ ਮੁਆਫ਼ ਕਰ ਦਿਓ ਮੰਮੀ ਜੀ, ਮੈਂ ਕਿੰਨੀ ਮੂਰਖ ਹਾਂ। ਮੈਂ ਤੁਹਾਡੇ ਇੰਨੇ ਡੂੰਘੇ ਅਤੇ ਪਵਿੱਤਰ ਸ਼ਬਦਾਂ ਦਾ ਕਿੰਨਾ ਛੋਟਾ ਮਤਲਬ ਕੱਢ ਲਿਆ। ਮੇਰੇ ਮਨ ਵਿੱਚ ਜੋ ਵੀ ਮੈਲ ਸੀ, ਉਹ ਅੱਜ ਤੁਹਾਡੇ ਇਨ੍ਹਾਂ ਹੰਝੂਆਂ ਨਾਲ ਪੂਰੀ ਤਰ੍ਹਾਂ ਧੋਤੀ ਗਈ ਹੈ। ਸੁਰਿੰਦਰ ਕੌਰ ਨੇ ਮਨਪ੍ਰੀਤ ਦੀ ਪਿੱਠ ਪਲੋਸਦਿਆਂ ਉਸਦੇ ਮੱਥੇ ਨੂੰ ਚੁੰਮ ਲਿਆ।

"ਭੁੱਲ ਜਾ ਜੋ ਹੋਇਆ। ਬਸ ਇੱਕ ਗੱਲ ਹਮੇਸ਼ਾ ਯਾਦ ਰੱਖੀਂ, ਸਾਡੇ ਵਿਚਕਾਰ ਕਦੇ ਵੀ ਕੋਈ ਸੂਤੀ ਜਾਂ ਰੇਸ਼ਮੀ ਧਾਗਾ ਨਹੀਂ, ਸਾਡਾ ਰਿਸ਼ਤਾ ਤਾਂ ਪਿਆਰ ਦੀ ਡੋਰ ਨਾਲ ਬੱਝਾ ਹੈ। ਉਸ ਦਿਨ ਤੋਂ ਬਾਅਦ ਮਨਪ੍ਰੀਤ ਅਤੇ ਸੁਰਿੰਦਰ ਕੌਰ ਦਾ ਰਿਸ਼ਤਾ ਪਹਿਲਾਂ ਨਾਲੋਂ ਵੀ ਕਿਤੇ ਵੱਧ ਮਜ਼ਬੂਤ ਅਤੇ ਡੂੰਘਾ ਹੋ ਗਿਆ। ਹੁਣ ਮਨਪ੍ਰੀਤ ਜਾਣ ਗਈ ਸੀ ਕਿ ਉਹ ਸਿਰਫ਼ ਇੱਕ ਸਾਧਾਰਨ ਧਾਗਾ ਨਹੀਂ, ਸਗੋਂ ਉਸ ਘਰ ਦੀ ਸਭ ਤੋਂ ਮਜ਼ਬੂਤ ਕੜੀ ਹੈ।

# ਆਪਸੀ ਕਲਾ ਕਲੇਸ਼



ਮੇਰੇ ਨਾਲਦੇ ਦੀ ਆਪਣੇ ਬਾਪ ਯਾਨੀ ਕੇ ਮੇਰੇ ਸਹੁਰਾ ਸਾਬ ਨਾਲ ਕਦੇ ਨਹੀਂ ਸੀ ਬਣੀ ਤੇ ਨਾ ਹੀ ਮਗਰੋਂ ਮੇਰੇ ਵੱਡੇ ਪੁੱਤ ਦੀ ਆਪਣੇ ਬਾਪ ਨਾਲ..ਦੋਹਾਂ ਨੂੰ ਆਪਸੀ ਕਲਾ ਕਲੇਸ਼ ਸ਼ਾਇਦ ਵਿਰਾਸਤ ਵਿਚ ਹੀ ਮਿਲਿਆ ਸੀ..!

ਨਿੱਕੀ ਜਿਹੀ ਬਹਿਸ ਤੋਂ ਸ਼ੁਰੂ ਹੁੰਦਾ ਫੇਰ ਦੂਰ ਤੀਕਰ ਖਿੱਲਰ ਜਾਂਦਾ ਤੇ ਮੁੜਕੇ ਸੰਭਾਲਣਾ ਬੜਾ ਔਖਾ ਹੁੰਦਾ..ਮੈਨੂੰ ਅਣਗਿਣਤ ਹੰਝੂ ਵਗਾਉਣੇ ਪੈਂਦੇ..ਵਾਸਤੇ ਪੌਣੇ ਪੈਂਦੇ..ਖੂਨ ਸਾੜਨਾ ਪੈਂਦਾ..ਫੇਰ ਜਾ ਕੇ ਸੁਲਹ ਹੁੰਦੀ..ਮੈਨੂੰ ਹਮੇਸ਼ਾਂ ਵਿਚਕਾਰਲੀ ਕੜੀ ਵੱਜੋਂ ਕੰਮ ਕਰਨਾ ਪੈਂਦਾ..ਜਿਸਨੂੰ ਵੀ ਸਮਝਾਉਂਦੀ ਉਹ ਆਖਦਾ ਦੂਜੇ ਦਾ ਹੀ ਕਸੂਰ ਏ..!

ਕਈ ਵੇਰ ਧੀ ਦੀ ਕਮੀ ਬਹੁਤ ਖਲਕਦੀ..ਜੇ ਕੋਲ ਹੁੰਦੀ ਤਾਂ ਦਿਲ ਫਰੋਲ ਲਿਆ ਕਰਦੀ..ਮਾਂ ਅਤੇ ਔਰਤ ਦੀ ਮਾਨਸਿਕਤਾ ਸਮਝਣੀ ਸ਼ਾਇਦ ਕਿਸੇ ਹੋਰ ਦੇ ਵੱਸ ਵਿਚ ਨਹੀਂ ਏ..ਰੋਟੀ ਟੁੱਕ ਖਾਣ ਪੀਣ ਸੁਖ ਸਹੂਲਤਾਂ ਐਸ਼ੋ ਅਰਾਮ ਤੋਂ ਉੱਪਰ ਉੱਠ ਇੱਕ ਵੱਖਰੀ ਤਰਾਂ ਦਾ ਆਪਣਾ ਪਣ..ਸੁਕੂਨ..ਨੇੜਤਾ..ਹਮਦਰਦੀ ਅਤੇ ਲੈਣ ਦੇਣ..ਇੱਕ ਧੀ ਹੀ ਕਰ ਸਕਦੀ ਏ!

ਲੋਕ ਆਖਦੇ ਸੁਖੀਂ ਏਂ..ਰੱਬ ਨੇ ਦੋ-ਦੋ ਪੁੱਤ ਦਿੱਤੇ..ਧੀ ਕਰਕੇ ਉਪਜੇ ਅੰਦਰੂਨੀ ਖਾਲੀਪਣ ਬਾਰੇ ਦੱਸਦੀ ਤਾਂ ਅੱਗਿਓਂ ਦਲੀਲ ਦਿੰਦੇ..ਦੋ ਧੀਆਂ ਮਗਰੋਂ ਮਹਿਸੂਸ ਹੁੰਦੀ ਪੁੱਤ ਦੀ ਕਮੀਂ ਦੇ ਮੁਕਾਬਲੇ ਇਹ ਧੀ ਨਾ ਹੋਣ ਦਾ ਝੋਰਾ ਤੇ ਕੁਝ ਵੀ ਨਹੀਂ..ਨਾਲੇ ਅੱਜ ਭਲਕੇ ਨੂੰਹਾਂ ਆ ਹੀ ਜਾਣੀਆਂ..!

ਖੈਰ ਲੰਮੀ ਕਹਾਣੀ ਨਹੀਂ ਪਾਵਾਂਗੀ ਤੇ ਨਾ ਹੀ ਕਿਸੇ ਦਾ ਕਸੂਰ ਈ ਕੱਢਾਂਗੀ..ਸਿੱਧਾ ਵਰਤਮਾਨ ਤੇ ਆਉਂਦੀ ਹਾਂ..ਅੱਜ ਪੂਰੇ ਪੰਝੀ ਵਰੇ ਲੰਘ ਗਏ..ਨਾਲਦਾ ਆਪੇ ਸਹੇੜੇ ਰੋਗ ਦਾ ਸ਼ਿਕਾਰ ਬਣ ਰਵਾਨਗੀ ਪਾ ਗਿਆ..ਨੂੰਹ ਆਈ ਤਾਂ ਜਰੂਰ ਪਰ ਨਵਾਂ ਜਮਾਨੇ ਦੇ ਵਗ ਤੁਰੇ ਪ੍ਰਾਈਵੇਸੀ ਅਤੇ ਇਕੱਲੇ ਰਹਿਣ ਦੇ ਵਾਵਰੋਲੇ ਦੀ ਆੜ ਹੇਠ ਛੇਤੀ ਦੂਰ ਚਲੀ ਗਈ..ਨਾਲ ਹੀ ਚਲਾ ਗਿਆ ਵੱਡਾ ਪੁੱਤ..ਨਿੱਕਾ ਆਖਦਾ ਮੈਂ ਵਿਆਹ ਹੀ ਨਹੀਂ ਕਰਵਾਉਣਾ..ਲੋਕ ਦੱਸਦੇ ਉਸ ਨੇ ਜਿੰਦਗੀ ਜਿਉਣ ਦਾ ਇੱਕ ਬੜਾ ਅਜੀਬ ਅਤੇ ਗੈਰ-ਕੁਦਰਤੀ ਢੰਗ ਆਪਣਾ ਲਿਆ..ਕਦੇ ਕਦੇ ਬਹੁਤ ਜ਼ੋਰ ਪਾਉਂਦੀ ਤਾਂ ਅੱਗਿਓਂ ਗਲ਼ ਪੈ ਕਿੰਨੇ ਕਿੰਨੇ ਦਿਨ ਘਰੇ ਹੀ ਨਹੀਂ ਵੜਦਾ..!

ਅੱਜ ਮੈਂ ਦੁਨੀਆਂ ਦੀ ਨਜਰ ਵਿਚ ਬਹੁਤ ਸੁਖੀ ਹਾਂ..ਪਰ ਅੰਦਰੋਂ ਪੂਰੀ ਤਰਾਂ ਖਾਲੀ ਅਤੇ ਕੱਲਮ ਕਲੀ..ਹੁਣ ਤੇ ਦੋ ਧਿਰਾਂ ਵਿਚਕਾਰ ਕੜੀ ਵੀ ਨਹੀਂ ਬਣ ਸਕਦੀ ਕਿਓਂਕੇ ਹੁਣ ਧਿਰ ਹੀ ਇੱਕ ਰਹਿ ਗਈ ਏ..ਬੱਸ ਇਹੋ ਅਰਦਾਸ ਕਰਦੀ ਹਾਂ ਜਵਾਨੀ ਵਿਚ ਕੜੀ ਬਣ ਕੇ ਵਿਚਰਨ ਦਾ ਕੋਈ ਥੋੜਾ ਬਹੁਤ ਮੁੱਲ ਹੀ ਮੋੜ ਦੇਵੇ..ਜਾਂਦੀ ਬਹਾਰ ਦਾ ਮੇਲਾ ਸਹੀ ਸਲਾਮਤ ਨਿੱਕਲ ਜਾਵੇ..ਖੈਰ ਡਰ ਨਾ ਜਾਇਓ..ਨਾ ਹੀ ਲਿਖਣ ਦਾ ਮਕਸਦ ਕੋਈ ਦਹਿਸ਼ਤ ਪੈਦਾ ਕਰਨਾ ਹੀ ਹੈ..ਬੱਸ ਸਲਾਹ ਹੀ ਦੇਣੀ ਏ ਕੇ ਸਮੇਂ ਦੇ ਹਿੱਸਾਬ ਨਾਲ ਆਪਣੇ ਆਪ ਵਿਚ ਬਦਲਾ ਜਰੂਰ ਲਿਆਉਂਦੇ ਰਹਿਓ..ਸ਼ਾਇਦ ਆਖਰੀ ਮੰਜਿਲ ਤੀਕਰ ਦੀ ਜੀਵਨ ਜਾਚ ਥੋੜੀ ਸੁਖਾਲੀ ਹੋ ਜਾਵੇ..ਕਿਓਂਕੇ ਦੋ ਧਿਰਾਂ ਵਿਚਕਾਰ ਕੜੀ ਬਣਨਾ ਬਹੁਤ ਹੀ ਔਖਾ ਤੇ ਡਾਹਢਾ..ਮੁੜਕੇ ਇਸਦੇ ਬਦਲੇ ਵਿਚ ਕਿਸੀ ਸ਼ੈ ਦੀ ਝਾਕ ਰੱਖਣੀ ਓਦੂੰ ਵੀ ਵੱਧ ਤਕਲੀਫ ਦੇਹ..ਕਿਓਂਕੇ ਨਿੱਕੇ ਜਿਹੇ ਸ਼ਿਕਰੇ ਨੂੰ ਦਿਲ ਦਾ ਮਾਸ ਖਵਾ ਜਵਾਨ ਕਰਨਾ ਪੈਂਦਾ ਤੇ ਫੇਰ ਜਦੋਂ ਸਦੀਵੀਂ ਉਡਾਰੀ ਮਾਰ ਜਾਂਦਾ ਏ ਤਾਂ ਮੁੜ ਇੱਕ ਵੇਰ ਭਓਂ ਕੇ ਵੀ ਨਹੀਂ ਵੇਖਦਾ!

ਅੰਦਰੋਂ ਅੰਦਰੀ ਜਰੂਰ ਹੱਸਦੇ ਹੋਵੋਗੇ..ਕਮਲੀ ਬੁੜੀ ਪਤਾ ਨਹੀਂ ਅਖੀਰ ਆਖਣਾ ਕੀ ਚਾਹ ਰਹੀ ਏ..!

ਹਰਪ੍ਰੀਤ ਸਿੰਘ ਜਵੰਦਾ

# ਅਜੀਬ ਜਿਹੀ ਖਟਾਸ...!

ਉਸ ਦਿਨ ਮਨਪ੍ਰੀਤ ਨੇ ਚਾਹ ਦੀ ਟਰੇ ਜਿਵੇਂ-ਕਿਵੇਂ ਮੇਜ਼ 'ਤੇ ਰੱਖੀ ਅਤੇ ਬਿਨਾਂ ਕੁਝ ਕਹੇ ਉੱਥੋਂ ਆਪਣੇ ਕਮਰੇ ਵਿੱਚ ਚਲੀ ਗਈ। ਉਸਦੇ ਦਿਲ ਵਿੱਚ ਇੱਕ ਅਜੀਬ ਜਿਹੀ ਖਟਾਸ ਪੈਦਾ ਹੋ ਗਈ ਸੀ। ਜਿਸ ਸੱਸ ਨਾਲ ਉਹ ਆਪਣੇ ਦਿਲ ਦੀ ਹਰ ਗੱਲ ਸਾਂਝੀ ਕਰਦੀ ਸੀ, ਅਚਾਨਕ ਉਹ ਉਸਨੂੰ ਇੱਕ ਅਜਨਬੀ ਅਤੇ ਸੁਆਰਥੀ ਔਰਤ ਲੱਗਣ ਲੱਗੀ। ਉਸ ਇੱਕ ਵਾਕ ਨੇ ਮਨਪ੍ਰੀਤ ਦੇ ਸੋਚਣ ਦਾ ਨਜ਼ਰੀਆ ਹੀ ਬਦਲ ਦਿੱਤਾ ਸੀ।

ਮਨਪ੍ਰੀਤ ਦਾ ਵਿਆਹ ਜਦੋਂ ਅਮਨਦੀਪ ਨਾਲ ਹੋਇਆ, ਤਾਂ ਉਸਦੇ ਮਨ ਵਿੱਚ ਸਹੁਰੇ ਘਰ ਨੂੰ ਲੈ ਕੇ ਉਹੀ ਸ਼ੰਕੇ ਸਨ ਜੋ ਆਮ ਤੌਰ 'ਤੇ ਹਰ ਨਵੀਂ ਵਿਆਹੀ ਲਾੜੀ ਦੇ ਮਨ ਵਿੱਚ ਹੁੰਦੇ ਹਨ। ਉਸਨੇ ਆਪਣੀਆਂ ਸਹੇਲੀਆਂ ਤੋਂ ਸੱਸ-ਨੂੰਹ ਦੇ ਝਗੜਿਆਂ ਅਤੇ ਤਾਨ੍ਹਿਆਂ ਦੀਆਂ ਅਣਗਿਣਤ ਕਹਾਣੀਆਂ ਸੁਣੀਆਂ ਹੋਈਆਂ ਸਨ। ਪਰ ਜਦੋਂ ਉਸਨੇ ਆਪਣੇ ਸਹੁਰੇ ਘਰ ਦੀ ਦਹਿਲੀਜ਼ 'ਤੇ ਕਦਮ ਰੱਖਿਆ, ਤਾਂ ਉਸਦੀ ਸੱਸ, ਸੁਰਿੰਦਰ ਕੌਰ ਨੇ ਉਸਨੂੰ ਇੱਕ ਨੂੰਹ ਵਾਂਗ ਨਹੀਂ, ਸਗੋਂ ਇੱਕ ਦੋਸਤ ਵਾਂਗ ਗਲੇ ਲਗਾਇਆ। ਸੁਰਿੰਦਰ ਕੌਰ ਇੱਕ ਬਹੁਤ ਹੀ ਸੁਲਝੀ ਹੋਈ, ਸ਼ਾਂਤ ਅਤੇ ਆਧੁਨਿਕ ਵਿਚਾਰਾਂ ਵਾਲੀ ਔਰਤ ਸੀ। ਉਸਨੇ ਘਰ ਦਾ ਮਾਹੌਲ ਇੰਨਾ ਸੁਖਾਵਾਂ ਬਣਾ ਦਿੱਤਾ ਸੀ ਕਿ ਮਨਪ੍ਰੀਤ ਨੂੰ ਕਦੇ ਲੱਗਿਆ ਹੀ ਨਹੀਂ ਕਿ ਉਹ ਆਪਣਾ ਪੇਕਾ ਛੱਡ ਕੇ ਕਿਸੇ ਪਰਾਏ ਘਰ ਆਈ ਹੈ। ਘਰ ਵਿੱਚ ਦੋਵਾਂ ਵਿਚਕਾਰ ਅਜਿਹਾ ਰਿਸ਼ਤਾ ਸੀ ਜਿਸਨੂੰ ਦੇਖ ਕੇ ਆਂਢ-ਗੁਆਂਢ ਦੀਆਂ ਔਰਤਾਂ ਵੀ ਰਸ਼ਕ ਕਰਦੀਆਂ ਸਨ। ਸਵੇਰ ਦੀ ਚਾਹ ਤੋਂ ਲੈ ਕੇ ਰਾਤ ਦੇ ਖਾਣੇ ਤੱਕ, ਦੋਵੇਂ ਸੱਸ-ਨੂੰਹ ਇਕੱਠੀਆਂ ਨਜ਼ਰ ਆਉਂਦੀਆਂ। ਸੁਰਿੰਦਰ ਕੌਰ ਜਾਣਦੀ ਸੀ ਕਿ ਮਨਪ੍ਰੀਤ ਨੂੰ ਪੇਂਟਿੰਗ ਦਾ ਸ਼ੌਂਕ ਹੈ, ਇਸ ਲਈ ਉਸਨੇ ਘਰ ਦੇ ਇੱਕ ਛੋਟੇ ਜਿਹੇ ਕਮਰੇ ਨੂੰ ਮਨਪ੍ਰੀਤ ਦੇ ਸਟੂਡੀਓ ਵਿੱਚ ਬਦਲਵਾ ਦਿੱਤਾ ਸੀ। ਘਰ ਦਾ ਹਰ ਕੋਨਾ ਉਨ੍ਹਾਂ ਦੀ ਹਾਸੇ-ਠੱਠੇ ਨਾਲ ਗੂੰਜਦਾ ਰਹਿੰਦਾ। ਅਮਨਦੀਪ ਵੀ ਆਪਣੀ ਮਾਂ ਅਤੇ ਪਤਨੀ ਵਿਚਕਾਰ ਇਸ ਸ਼ਾਨਦਾਰ ਤਾਲਮੇਲ ਨੂੰ ਦੇਖ ਕੇ ਰੱਬ ਦਾ ਸ਼ੁਕਰ ਕਰਦਾ ਸੀ। ਸਭ ਕੁਝ ਕਿਸੇ ਖੂਬਸੂਰਤ ਸੁਪਨੇ ਵਾਂਗ ਚੱਲ ਰਿਹਾ ਸੀ। ਪਰ ਕਹਿੰਦੇ ਹਨ ਨਾ ਕਿ ਜਦੋਂ ਹਵਾ ਬਹੁਤ ਸ਼ਾਂਤ ਹੋਵੇ, ਤਾਂ ਅਕਸਰ ਕਿਸੇ ਵੱਡੇ ਤੂਫ਼ਾਨ ਦੇ ਆਉਣ ਦਾ ਅੰਦੇਸ਼ਾ ਹੁੰਦਾ ਹੈ। ਇਹ ਤੂਫ਼ਾਨ ਉਦੋਂ ਆਇਆ ਜਦੋਂ ਇੱਕ ਦਿਨ ਸੁਰਿੰਦਰ ਕੌਰ ਦੀ ਵੱਡੀ ਭੈਣ, ਯਾਨੀ ਅਮਨਦੀਪ ਦੀ ਮਾਸੀ, ਸਵਰਨ ਕੌਰ ਕੁਝ ਦਿਨਾਂ ਲਈ ਉਨ੍ਹਾਂ ਦੇ ਘਰ ਰਹਿਣ ਆਈ। ਸਵਰਨ ਕੌਰ ਸੁਭਾਅ ਤੋਂ ਥੋੜ੍ਹੀ ਪੁਰਾਣੀ ਸੋਚ ਦੀ ਸੀ।



ਦੁਪਹਿਰ ਦਾ ਸਮਾਂ ਸੀ। ਮਨਪ੍ਰੀਤ ਰਸੋਈ ਵਿੱਚ ਮਾਸੀ ਜੀ ਲਈ ਉਨ੍ਹਾਂ ਦੀ ਪਸੰਦ ਦੀ ਇਲਾਇਚੀ ਵਾਲੀ ਚਾਹ ਅਤੇ ਵੇਸਣ ਦੇ ਲੱਡੂ ਤਿਆਰ ਕਰ ਰਹੀ ਸੀ। ਬਾਹਰ ਡਰਾਇੰਗ ਰੂਮ ਵਿੱਚ ਸੁਰਿੰਦਰ ਕੌਰ ਅਤੇ ਸਵਰਨ ਕੌਰ ਆਪਣੇ ਪੁਰਾਣੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਰਹੀਆਂ ਸਨ। ਚਾਹ ਦੀ ਟਰੇ ਤਿਆਰ ਕਰਨ ਤੋਂ ਬਾਅਦ, ਮਨਪ੍ਰੀਤ ਜਿਵੇਂ ਹੀ ਬਾਹਰ ਵੱਲ ਵਧੀ, ਅਚਾਨਕ ਰੁਕ ਗਈ। ਸਵਰਨ ਕੌਰ ਦੀ ਆਵਾਜ਼ ਆ ਰਹੀ ਸੀ— "ਸੁਰਿੰਦਰ, ਤੇਰੀ ਨੂੰਹ ਤਾਂ ਬਹੁਤ ਗੁਣਵਾਨ ਹੈ। ਅੱਜ-ਕੱਲ੍ਹ ਦੀਆਂ ਕੁੜੀਆਂ ਕਿੱਥੇ ਇੰਨਾ ਘਰ ਸਾਂਭਦੀਆਂ ਨੇ। ਪਰ ਫਿਰ ਵੀ... ਜੋ ਗੱਲ ਆਪਣੀ ਧੀ ਵਿੱਚ ਹੁੰਦੀ ਹੈ, ਉਹ ਨੂੰਹ ਵਿੱਚ ਕਿੱਥੇ? ਧੀ ਤਾਂ ਆਖਿਰ ਧੀ ਹੀ ਹੁੰਦੀ ਹੈ।"

ਮਨਪ੍ਰੀਤ ਉੱਥੇ ਹੀ ਦਰਵਾਜ਼ੇ ਦੇ ਪਿੱਛੇ ਰੁਕ ਗਈ। ਉਸਨੂੰ ਪੂਰੀ ਉਮੀਦ ਸੀ ਕਿ ਉਸਦੀ ਸੱਸ ਉਸਦਾ ਪੱਖ ਲਵੇਗੀ। ਪਰ ਤਦ ਹੀ ਸੁਰਿੰਦਰ ਕੌਰ ਦੀ ਆਵਾਜ਼ ਨੇ ਮਨਪ੍ਰੀਤ ਦੇ ਕੰਨਾਂ ਵਿੱਚ ਪਿਘਲਿਆ ਹੋਇਆ ਸਿੱਕਾ ਪਾ ਦਿੱਤਾ। ਸੁਰਿੰਦਰ ਕੌਰ ਹੱਸਦੇ ਹੋਏ ਕਹਿ ਰਹੀ ਸੀ, "ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ ਭੈਣ ਜੀ। ਸੱਚ ਕਹਾਂ ਤਾਂ ਧੀਆਂ ਰੇਸ਼ਮ ਦੇ ਧਾਗੇ ਵਾਂਗ ਹੁੰਦੀਆਂ ਹਨ, ਅਤੇ ਨੂੰਹਾਂ ਸੂਤੀ ਧਾਗੇ ਵਾਂਗ। ਮੈਂ ਵੀ ਮਨਪ੍ਰੀਤ ਦੇ ਇਸ ਘਰ ਵਿੱਚ ਆਉਣ ਤੋਂ ਬਾਅਦ ਹੀ ਇਸ ਗੱਲ ਨੂੰ ਡੂੰਘਾਈ ਨਾਲ ਮਹਿਸੂਸ ਕੀਤਾ ਹੈ।"

ਮਨਪ੍ਰੀਤ ਦੇ ਹੱਥ ਵਿੱਚ ਫੜੀ ਚਾਹ ਦੀ ਟਰੇ ਕੰਬਣ ਲੱਗੀ। 'ਰੇਸ਼ਮ ਦਾ ਧਾਗਾ ਅਤੇ ਸੂਤੀ ਧਾਗਾ?' ਕੀ ਉਸਦੀ ਸੱਸ, ਜਿਸਨੂੰ ਉਹ ਆਪਣੀ ਮਾਂ ਤੋਂ ਵੀ ਵੱਧ ਮੰਨਦੀ ਸੀ, ਉਸਦੇ ਬਾਰੇ ਅਜਿਹੀ ਸੋਚ ਰੱਖਦੀ ਹੈ? ਕੀ ਉਸਦਾ ਪਿਆਰ, ਉਸਦਾ ਸਮਰਪਣ ਸਭ ਕੁਝ ਸੁਰਿੰਦਰ ਕੌਰ ਦੀਆਂ ਨਜ਼ਰਾਂ ਵਿੱਚ ਸਿਰਫ਼ ਇੱਕ 'ਸਸਤੇ ਸੂਤੀ ਧਾਗੇ' ਜਿੰਨਾ ਹੀ ਸੀ?

ਅਗਲੇ ਦਿਨ ਤੋਂ ਘਰ ਦਾ ਮਾਹੌਲ ਬਦਲਣ ਲੱਗਾ। ਮਨਪ੍ਰੀਤ ਮਸ਼ੀਨ ਵਾਂਗ ਕੰਮ ਕਰਨ ਲੱਗੀ। ਡਾਇਨਿੰਗ ਟੇਬਲ 'ਤੇ ਜਿੱਥੇ ਪਹਿਲਾਂ ਸੱਸ-ਨੂੰਹ ਦਾ ਹਾਸਾ ਗੂੰਜਦਾ ਸੀ, ਉੱਥੇ ਹੁਣ ਇੱਕ ਅਜੀਬ ਜਿਹਾ ਸੰਨਾਟਾ ਪਸਰਿਆ ਰਹਿੰਦਾ। ਇੱਕ ਹਫ਼ਤੇ ਬਾਅਦ ਜਦੋਂ ਸਵਰਨ ਕੌਰ ਵਾਪਸ ਆਪਣੇ ਸ਼ਹਿਰ ਪਰਤ ਗਈ, ਤਾਂ ਸੁਰਿੰਦਰ ਕੌਰ ਨੇ ਤੈਅ ਕੀਤਾ ਕਿ ਉਹ ਇਸ ਚੁੱਪੀ ਨੂੰ ਤੋੜ ਕੇ ਰਹੇਗੀ। ਸ਼ਾਮ ਦਾ ਵਕਤ ਸੀ। ਮਨਪ੍ਰੀਤ ਰਸੋਈ ਵਿੱਚ ਸਬਜ਼ੀ ਕੱਟ ਰਹੀ ਸੀ। ਸੁਰਿੰਦਰ ਕੌਰ ਚੁੱਪ-ਚਾਪ ਉੱਥੇ ਆਈ ਅਤੇ ਮਨਪ੍ਰੀਤ ਦੇ ਹੱਥੋਂ ਚਾਕੂ ਲੈ ਲਿਆ। "ਕੀ ਗੱਲ ਹੈ ਮਨਪ੍ਰੀਤ? ਜੇ ਮੈਂ ਕੁਝ ਗਲਤ ਕਹਿ ਦਿੱਤਾ ਹੈ ਤਾਂ ਮੈਨੂੰ ਸਾਫ਼-ਸਾਫ਼ ਦੱਸ।"

ਮਨਪ੍ਰੀਤ ਦਾ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਫੁੱਟ-ਫੁੱਟ ਕੇ ਰੋ ਪਈ ਅਤੇ ਬੋਲੀ, "ਮੰਮੀ ਜੀ, ਜਦੋਂ ਮਾਸੀ ਜੀ ਆਏ ਸਨ, ਤਾਂ ਮੈਂ ਦਰਵਾਜ਼ੇ ਦੇ ਬਾਹਰੋਂ ਤੁਹਾਡੀਆਂ ਗੱਲਾਂ ਸੁਣ ਲਈਆਂ ਸਨ। ਤੁਸੀਂ ਕਹਿ ਰਹੇ ਸੀ ਕਿ ਧੀਆਂ ਰੇਸ਼ਮ ਦੇ ਧਾਗੇ ਵਾਂਗ ਹੁੰਦੀਆਂ ਹਨ ਅਤੇ ਨੂੰਹਾਂ ਸੂਤੀ ਧਾਗੇ ਵਾਂਗ। ਮੈਂ ਤੁਹਾਨੂੰ ਆਪਣੀ ਸਕੀ ਮਾਂ ਤੋਂ ਵੱਧ ਮੰਨਦੀ ਹਾਂ, ਪਰ ਤੁਹਾਡੀ ਨਜ਼ਰ ਵਿੱਚ ਮੇਰਾ ਮੁੱਲ ਸਿਰਫ਼ ਇੱਕ ਸਸਤੇ ਸੂਤੀ ਧਾਗੇ ਜਿੰਨਾ ਹੈ?"

ਇਹ ਸੁਣ ਕੇ ਸੁਰਿੰਦਰ ਕੌਰ ਹੈਰਾਨ ਰਹਿ ਗਈ। ਕੁਝ ਪਲਾਂ ਲਈ ਰਸੋਈ ਵਿੱਚ ਬਿਲਕੁਲ ਸੰਨਾਟਾ ਛਾ ਗਿਆ...।

ਕੀ ਸੱਸ ਦੀ ਇਸ ਗੱਲ ਨੇ ਮਨਪ੍ਰੀਤ ਦਾ ਘਰ ਹਮੇਸ਼ਾ ਲਈ ਖਿੰਡਾ ਦਿੱਤਾ? ਜਾਂ ਫਿਰ ਇਸ 'ਸੂਤੀ ਧਾਗੇ' ਦੇ ਪਿੱਛੇ ਮਾਂ ਦੇ ਦਿਲ ਦਾ ਕੋਈ ਅਜਿਹਾ ਡੂੰਘਾ ਰਾਜ਼ ਛੁਪਿਆ ਸੀ ਜਿਸਨੇ ਮਨਪ੍ਰੀਤ ਦੀ ਜ਼ਿੰਦਗੀ ਬਦਲ ਦਿੱਤੀ?

# ਮਾਂ ਤੋਂ ਬਿਨਾਂ ਧੀ ਦਾ ਪੇਕਾ...

ਮਾਂ ਤੋਂ ਮਗਰੋਂ ਕੋਈ ਕਹਿਣ ਵਾਲਾ ਨਹੀਂ ਸੀ ਕਿ ਆ ਜਾ, ਕਦੋਂ ਆਵੇਗੀ, ਸ਼ਨੀ ਐਤ ਦੀ ਛੁਟੀ ਨੂੰ ਗੇੜਾ ਮਾਰ ਜੀ, ਰੱਖੜੀ ਤੇ ਰਾਤ ਰਹੇਗੀ ਨਾ, ਬਿਸਕੁਟ ਕਢਾ ਦੇਈਦੇ ਕਿ ਮਿੱਠਾਈ ਦੇ ਜਾਈ ਏ...।




ਮੁੜ ਮੁੜ ਮਾਂ ਦੀਆਂ ਗੱਲਾਂ ਚੇਤੇ ਕਰਦੀ ਗਗਨੀ ਮਾਂ ਦੀਆਂ ਵੀਡਿਉ ਫੋਨ ਚ ਦੇਖ ਰਹੀ ਸੀ ਕਿ ਅਚਾਨਕ ਫੋਨ ਤੇ ਭਾਬੀ ਦਾ ਫ਼ੋਨ ਆਇਆ। ਗਗਨੀ ਨੇ ਛੇਤੀ ਦੇਣੇ ਫ਼ੋਨ ਚੁੱਕਿਆ ਤਾਂ ਅੱਗੋਂ ਅਵਾਜ਼ ਆਈ ਕਿ ਕਿਵੇਂ ਆ ਭੈਣੇ...ਮਾਰਿਆ ਨੀ ਗੇੜਾ ਐਤਕੀਂ ਛੁੱਟੀਆਂ ਚ। ਅਸੀਂ ਉਡੀਕੀ ਗਏ...।

ਗਗਨੀ ਨੇ ਇੱਕੋ ਗੱਲ ਚ ਗੱਲ ਨਬੇੜ ਦਿੱਤੀ ਕਿ ਭਾਬੀ ਕੰਮ ਧੰਦਿਆਂ ਚ ਕਿੱਥੇ ਨਿਕਲਿਆ ਜਾਂਦਾ। ਭਾਬੀ ਨੇ ਅੱਗੋਂ ਕਿਹਾ ਕਿ ਹਾਂ ਇਹ ਤਾਂ ਹੈ...। ਰਸਮੀ ਗੱਲਬਾਤ ਕਰਕੇ ਫੋਨ ਕੱਟ ਦਿੱਤਾ।

ਉਸ ਦਿਨ ਤੋਂ ਬਾਅਦ ਗਗਨੀ ਨੂੰ ਹਫ਼ਤੇ ਚ ਦੋ ਤਿੰਨ ਵਾਰ ਭਰਜਾਈ ਦਾ ਫੋਨ ਆਉਂਦਾ। ਸਮਝ ਨਾ ਆਉਂਦੀ ਕਿ ਮਾਜਰਾ ਕੀ ਸੀ। ਇੱਕ ਦਿਨ ਭਰਾ ਦਾ ਫੋਨ ਆਇਆ ਕਿ ਅਸੀਂ ਮਿਲਣ ਆਵਾਂਗੇ।

ਭਰਾ ਭਾਬੀ ਦੋਨੋਂ ਮਿਲਣ ਆਏ ਤੇ ਕਿੰਨੇ ਸਾਰੇ ਫ਼ਲ ਫਰੂਟ ਤੇ ਬੱਚਿਆਂ ਦੇ ਖਾਣ ਨੂੰ ਸਮਾਨ ਲੈ ਕੇ ਆਏ। ਜਾਣ ਲੱਗੇ ਭਰਾ ਨੇ ਕਿਹਾ ਕਿ ਬੀਬੀ ਦੀ ਇੱਕ ਐਫ਼ ਡੀ ਪਈ ਏ.. ਦਸ ਕੁ ਲੱਖ ਦੀ। ਨੌਮੀਨੇਸ਼ਨ ਤੇਰਾ ਬੋਲਦਾ ਉੱਥੇ... ਆ ਜੀ ਪਿੰਡ ਪੈਸੇ ਕਢਾ ਲਵਾਂਗੇ...।

ਸਾਰੀ ਕਹਾਣੀ ਗਗਨੀ ਨੂੰ ਉਦੋਂ ਸਮਝ ਚ ਪਈ। ਗਗਨੀ ਦੀ ਥੋੜ੍ਹੇ ਪਲਾਂ ਲਈ ਸੋਚ ਬਦਲੀ ਕਿ ਭਰਾ ਭਾਬੀ ਚੱਲ ਕੇ ਆਏ .. ਕੀ ਪਤਾ ਮੋਹ ਮਾਰਿਆ ਹੋਵੇ ਮੇਰਾ...ਪਰ ਇੱਥੇ ਤਾਂ ਲਾਲਚ ਸਭ ਕਰਾ ਰਿਹਾ ਸੀ।

ਜਿਹੜੇ ਭਰਾ ਨੇ ਮਰੀ ਮਾਂ ਤੋਂ ਗਲ਼ ਨਾਲ ਨਾ ਲਾਇਆ... ਉਹ ਅੱਜ ਮਿਲ ਕੇ ਜਾਣ ਲੱਗਾ ਵਾਰ ਵਾਰ ਗਲ਼ ਲੱਗ ਰਿਹਾ ਸੀ। ਗਲ਼ਾ ਭਰ ਗਿਆ ਪਰ ਲੋਕ ਲੱਜੋਂ ਚੁੱਪ ਰਹੀ।

ਮਾਂ ਮਰੀ ਤੋਂ ਭੋਗ ਦੇ ਦੋ ਦਿਨ ਮਗਰੋਂ ਹੀ ਗਗਨੀ ਦੀ ਭਾਬੀ ਨੇ ਕਹਿਤਾ ਸੀ ਕਿ ਰੋਣ ਧੋਣ ਆਵਦੇ ਘਰ ਜਾ ਕੇ ਕਰੋ ਜੀਹਨੇ ਕਰਨਾ... ਇੱਥੇ ਨਹੀਂ ਸਿਆਪੇ ਕਰਨੇ... ਸੁੱਖ ਨਾਲ ਮੇਰੇ ਪੁੱਤ ਧੀ ਜਿਉਂਦੇ ਆ ...।

ਗਗਨੀ ਦੀ ਭੂਆ ਤੇ ਗਗਨੀ ਨੇ ਉੱਦਣ ਹੀ ਆਵਦਾ ਸਮਾਨ ਇਕੱਠਾ ਕੀਤਾ ਤੇ ਆਪੋ ਆਪਣੇ ਪਿੰਡ ਚਲੇ ਗਈਆਂ। ਉਦੋਂ ਗਗਨੀ ਨੂੰ ਮਹਿਸੂਸ ਹੋਇਆ ਕਿ ਸੱਚੀ ਨਹੀਂ ਘਰ ਹੁੰਦੇ ਕੁੜੀਆਂ ਦੇ। ਭਰਾ ਦੀ ਹਿੰਮਤ ਹੀ ਨਾ ਪਈ ਕਿ ਆਵਦੀ ਘਰਵਾਲੀ ਨੂੰ ਵਰਜ ਦੇਵੇ।

ਉਸ ਦਿਨ ਦੀ ਪੇਕਿਉਂ ਆਈ ਗਗਨੀ ਨੇ ਕਦੇ ਪੇਕਿਆਂ ਵੱਲ ਮੂੰਹ ਨਾ ਕੀਤਾ .. ਕਰਦੀ ਵੀ ਕਿਵੇਂ ਸਭ ਦੇ ਮੂੰਹ ਵਿੰਗੇ ਹੋ ਜਾਂਦੇ ਸੀ ਗਗਨੀ ਨੂੰ ਵੇਖ ਕੇ। ਭਰਾ ਜੋ ਫ਼ਲ ਲੈ ਕੇ ਆਇਆ ਸੀ ਗਗਨੀ ਨੂੰ ਉਹ ਮਿੱਠਾ ਜ਼ਹਿਰ ਲੱਗ ਰਹੇ ਸੀ।

ਗਗਨੀ ਦੇ ਕੰਨਾਂ ਚ ਮਾਂ ਦੇ ਆਖੀਰਲੇ ਬੋਲ ਵੀ ਗੂੰਜ ਰਹੇ ਸੀ ਮਿਲ ਕੇ ਰਹਿਉ। ਗਗਨੀ ਨੇ ਉਸੇ ਵਕ਼ਤ ਭਰਾ ਨੂੰ ਫ਼ੋਨ ਕੀਤਾ ਕਿ ਕਿੱਥੇ ਕੁ ਪੁੱਜਾ, ਮੈਨੂੰ ਵੀ ਨਾਲ ਲੈ ਜਾ...।

ਭਰਾ ਭਾਬੀ ਮੁੜ ਕੇ ਆਏ ਤੇ ਗਗਨੀ ਪਿਛਲੀ ਰੱਖੜੀ ਤੇ ਮਾਂ ਵੱਲੋਂ ਦਿੱਤਾ ਟਮਾਟਰੀ ਰੰਗ ਦਾ ਸੂਟ ਪਾ ਕੇ ਤਿਆਰ ਹੋ ਗਈ। ਮਾਂ ਅਕਸਰ ਆਖਦੀ ਸੀ ਕਿ ਗੂੜੇ ਰੰਗ ਪਾਇਆ ਕਰ, ਫੱਬਦੀ ਏ।

ਅੱਜ ਉਹ ਸੱਚੀ ਫੱਬ ਰਹੀ ਸੀ। ਭਰਾ ਭਾਬੀ ਨਾਲ ਜਦ ਪੇਕੇ ਪਿੰਡ ਪੁੱਜੀ ਤਾਂ ਉਹਦੀ ਖੂਬ ਸੇਵਾ ਹੋ ਰਹੀ ਸੀ। ਭਾਬੀ ਪੈਰਾਂ ਥੱਲੇ ਤਲੀਆਂ ਰੱਖ ਰਹੀ ਸੀ। ਸੰਦੂਕ ਦੀ ਚਾਬੀ ਗਗਨੀ ਨੂੰ ਫੜ੍ਹਾ ਕੇ ਕਿਹਾ ਕਿ ਲੈ ਜੋ ਭੈਣ ਜੀ ਜੋ ਲੈ ਕੇ ਜਾਣਾ... ਮਾਵਾਂ ਦੀਆਂ ਇਹੀ ਨਿਸ਼ਾਨੀਆਂ ਹੁੰਦੀਆਂ।

ਗਗਨੀ ਨੇ ਮਾਂ ਦੇ ਸੂਟਾਂ ਬਾਰੇ ਪੁੱਛਿਆ ਤਾਂ ਭਾਬੀ ਨੇ ਕਿਹਾ ਕਿ ਉਹ ਤਾਂ ਦਾਨ ਕਰਤੇ ਪਰ ਗਗਨੀ ਨੇ ਉੱਡਦੀ ਉੱਡਦੀ ਗੱਲ ਸੁਣੀ ਸੀ ਕਿ ਭਾਬੀ ਨੇ ਮਾਂ ਦੇ ਸਾਰੇ ਸੂਟ, ਜੁੱਤੀਆਂ ਸਣੇ ਬਿਸਤਰਾ ਬਾਹਰਲੇ ਵਾੜ੍ਹੇ ਅੱਗ ਲਾ ਦਿੱਤਾ ਸੀ।

ਮਾਂ ਦਾ ਦੂਜੀ ਵਾਰ ਸਿਵਾ ਉਹਨੇ ਬਾਹਰਲੇ ਵਾੜੇ ਬਾਲ ਦਿੱਤਾ ਸੀ। ਕੀ ਕਹਿੰਦੀ ਗਗਨੀ .. ਅਗਲੀ ਦਾ ਘਰ ਦੀ ਅਗਲੀ ਨੇ ਆਵਦੀ ਮਰਜ਼ੀ ਕਰਨੀ ਹੀ ਸੀ। ਗਗਨੀ ਨੇ ਚਾਂਦੀ ਦੀਆਂ ਸੁਰਮੇਦਾਨੀਆਂ ਨੂੰ ਗਹੁ ਨਾਲ ਦੇਖਿਆ ਤੇ ਫਿਰ ਰੱਖ ਦਿੱਤੀਆਂ।

ਨਿੱਕੀ ਹੁੰਦੀ ਉਹ ਅਕਸਰ ਮਾਂ ਨੂੰ ਕਹਿੰਦੀ ਹੁੰਦੀ ਸੀ ਕਿ ਇਹ ਫੋਟੋ ਤੇ ਘੜੀ ਵਾਲੀ ਸੁਰਮੇਦਾਨੀ ਮੈਂ ਲੈ ਕੇ ਜਾਊ। ਮਾਂ ਨੇ ਵੀ ਕਹਿ ਦੇਣਾ ਕਿ ਹਾਂ ਤੇਰੇ ਵਾਸਤੇ ਹੀ ਰੱਖੀਆਂ। ਫਿਰ ਇੱਕ ਦਮ ਉਹਦੇ ਹੱਥ ਮਾਂ ਦੀ ਐਫ਼ ਡੀ ਵੀ ਲੱਗੀ ਤੇ ਨੌਮੀਨੇਸ਼ਨ ਗਗਨੀ ਦਾ ਸੀ।

ਲੀੜ੍ਹੇ ਸਾੜ੍ਹ ਤੇ... ਭਲਾ ਇਹ ਐਫ਼ ਡੀ ਕਾਹਤੋਂ ਨਹੀਂ ਸਾੜ੍ਹੀ .. ਗਗਨੀ ਦੇ ਮਨ ਹੀ ਮਨ ਗੁੱਸੇ 'ਚ ਕਿਹਾ। ਅੱਖਾਂ ਭਰ ਕੇ ਗਗਨੀ ਨੇ ਸੰਦੂਕ ਬੰਦ ਕਰ ਦਿੱਤਾ। ਨਿਸ਼ਾਨੀ ਕੀ ਕੁਛ ਵੀ ਤਾਂ ਨਹੀਂ ਚਾਹੀਦਾ ਮੈਨੂੰ .. ਉਹਨੇ ਚੌਲ ਛੰਡਦੀ ਭਾਬੀ ਵੱਲ ਚਾਬੀ ਕਰਦੇ ਕਿਹਾ .. ।

ਭਾਬੀ ਕਹਿਣ ਲੱਗੀ ਕਿ ਐਫ਼ ਡੀ ਦਾ ਕੱਲ੍ਹ ਜਾ ਆਈ .. ਭਰਾ ਨਾਲ। ਗਗਨੀ ਨੇ ਹਾਂ ਚ ਸਿਰ ਹਿਲਾਇਆ।

ਅਗਲੇ ਦਿਨ ਬੈਂਕ ਗਏ ਤੇ ਫਿਰ ਉਸ ਦਿਨ ਤੋਂ ਬਾਅਦ ਕਿੰਨੇ ਗੇੜੇ ਬੈਂਕ ਚ ਲੱਗੇ। ਫਿਰ ਕਿਤੇ ਜਾ ਕੇ ਬੈਂਕ ਚੋ ਪੈਸੇ ਨਿਕਲੇ। ਗਗਨੀ ਨੇ ਸਾਰੇ ਪੈਸੇ ਭਰਾ ਨੂੰ ਦੇ ਦਿੱਤੇ ਤੇ ਕਿਹਾ ਕਿ ਮੈਨੂੰ ਨਹੀਂ ਚਾਹੀਦੇ।

ਬੱਸ ਤੂੰ ਵਰਤਦਾ ਰਹਿ ਜਾਈ। ਮੈਨੂੰ ਮਾਂ ਦੇ ਬੋਲ ਪੁਗਾਉਣੇ ਪੈਣੇ .. ਔਖੇ ਸੌਖੇ। ਭਰਾ ਨੇ ਸ਼ਰਮਿੰਦਾ ਜਿਹਾ ਕੇ ਗਗਨੀ ਨੂੰ ਗਲ਼ ਲਾ ਲਿਆ। ਗਗਨੀ ਮੁੜ ਸਹੁਰੇ ਚਲੇ ਗਏ। ਹੁਣ ਗਗਨੀ ਦੇ ਫ਼ੋਨ ਤੇ ਭਾਬੀ ਦਾ ਫ਼ੋਨ ਨਹੀਂ ਆਉਂਦਾ।

ਸਟੇਟਸ ਆਉਂਦੇ ਨੇ ਵਟਸ ਐਪ ਤੇ .. ਇੱਕ ਦਿਨ ਸਟੇਟਸ ਲੱਗਾ ਹੋਇਆ ਸੀ ਏਜੰਸੀ ਚ ਨਵੀਂ ਕਾਰ ਨਾਲ ਖੜ੍ਹ ਭਰਾ, ਭਾਬੀ ਤੇ ਜੁਆਕਾਂ ਦੀ ਫੋਟੋ ਸੀ। ਥੱਲੇ ਲਿਖਿਆ ਹੋਇਆ ਸੀ ਮਿਹਨਤਾਂ ਦਾ ਦੌਰ ਜਾਰੀ ਹੈ।

ਗਗਨੀ ਨੂੰ ਖੁਸ਼ੀ ਤਾਂ ਹੋਈ ਪਰ ਉਹਨੂੰ ਦੁੱਖ ਵੀ ਹੋਇਆ ਕਿ ਕੋਈ ਕਦੇ ਫ਼ੋਨ ਨਹੀਂ ਕਰਦਾ। ਮਾਂ ਦੀ ਗੱਲ ਯਾਦ ਕਰਦੀ ਨੇ ਉਹਨੇ ਭਾਬੀ ਨੂੰ ਫੋਨ ਲਾ ਕੇ ਵਧਾਈਆਂ ਦਿੱਤੀਆਂ। ਭਾਬੀ ਨੇ ਥੋੜ੍ਹੀ ਕੁ ਗੱਲ ਕਰਨ ਤੋਂ ਬਾਅਦ ਕਿਹਾ ਕਿ ਚੰਗਾ ਭੈਣ ਮੈਂ ਸਰਾਵੀਂ ਆਈ ਹੋਈ ਸੀ ..

ਫੇਰ ਕਰਦੇ ਗੱਲ। ਗਗਨੀ ਨੂੰ ਯਾਦ ਆਇਆ ਕਿ ਜਦ ਬਾਪੂ ਨੇ ਪਹਿਲੀ ਕਾਰ ਮਾਰੂਤੀ ਲਿਆਂਦੀ ਸੀ ਤਾਂ ਭਰਾ ਤੇ ਉਸਨੂੰ ਦੋਹਾਂ ਨੂੰ ਗੁਰੂ ਘਰ ਮੱਥਾ ਟਕਾਉਣ ਲੈ ਕੇ ਗਏ ਸੀ... ਕਿੰਨਾ ਚਾਅ ਕੀਤਾ ਸੀ।

ਤੇਲ ਵੀ ਉਦੋਂ ਗਗਨੀ ਨੇ ਹੀ ਤਾਂ ਚੋਇਆ ਸੀ। ਗਗਨੀ ਦੇ ਮਨ ਚ ਵੱਜਾ ਕਿ ਮਾਂ ਦੀ ਐਫ਼ ਡੀ ਵਾਲੇ ਪੈਸਿਆਂ ਦੀ ਗੱਡੀ ਲਈ ਹੋਣੀ ਤੇ ਫਿਰ ਉਹਦੇ ਮਨ ਨੇ ਕਿਹਾ ਕਿ ਛੱਡ ਪਰ੍ਹਾ ਸੋਚਣਾ ਤੂੰ ਕੀ ਲੈਣਾ .. ਜਦੋਂ ਮਾਂ ਹੀ ਮੁੱਕ ਗਈ .. ਜੋ ਮਰਜ਼ੀ ਕਰਨ ...

ਪਰ ਗਗਨੀ ਸਾਰਾ ਦਿਨ ਉਡੀਕਦੀ ਰਹੀ ਕਿਧਰੇ ਭਰਾ ਦਾ ਫ਼ੋਨ ਨਾ ਆਵੇ .. ਉਸ ਉਡੀਕ ਤੋਂ ਬਾਅਦ ਉਹ ਕਿੰਨੇ ਦਿਨ ਇਹ ਉਡੀਕਦੀ ਰਹੀ ਕਿ ਮੇਰੇ ਕੋਲ ਵੀ ਨਵੀਂ ਕਾਰ ਲੈ ਕੇ ਆਉਣਗੇ.. ਕੰਬਲ ਦੇਊਗੀ .. ਪੈਸੇ ਦੇਊਗੀ .. ਪਰ ਗਗਨੀ ਕੋਲ ਕੋਈ ਵੀ ਨਾ ਆਇਆ।

ਗਗਨੀ ਬੇਸ਼ੱਕ ਘਰ ਖੁਸ਼ ਸੀ ਪਰ ਉਹ ਪੇਕਿਆਂ ਵੱਲੋਂ ਔਖ ਮਹਿਸੂਸ ਕਰਦੀ ਸੀ ਕਿ ਪੇਕੇ ਮਾਵਾਂ ਨਾਲ ਹੁੰਦੇ .. ਭਰਾ ਵਰਤਦੇ ਕਿਉਂ ਨਹੀਂ। ਗਗਨੀ ਆਵਦੀ ਨਣਾਨ ਨਾਲ ਪੇਕਿਆਂ ਦਾ ਦੁੱਖ ਸੁੱਖ ਕਰਨ ਬਹਿ ਜਾਂਦੀ ਤੇ ਰੋਣ ਲੱਗ ਜਾਂਦੀ।

## ਰਿਸ਼ਤੇਦਾਰੀ 'ਚੋਂ ਦੂਰ ਦੀ ਮਾਸੀ..
# ਚੰਗੇ ਤਕੜੇ ਘਰ ਵਿਆਹੀ ਹੋਈ ਸੀ



ਮਾਸੜ ਕੋਲ ਕਰੀਬ ਡੇਢ ਦੋ ਮੁਰੱਬੇ ਜਮੀਨ ਅਤੇ ਹੋਰ ਵੀ ਬੇਸ਼ੁਮਾਰ ਦੌਲਤ ਸੀ..ਪੈਦਲ ਵਾਲੇ ਜ਼ਮਾਨਿਆਂ ਵਿਚ ਕੋਲ ਵਧੀਆ ਨਸਲ ਦੀਆਂ ਘੋੜੀਆਂ ਹੋਇਆ ਕਰਦੀਆਂ ਸਨ!

ਫੇਰ ਸਾਈਕਲਾਂ ਵਾਲੇ ਦੌਰ ਵਿਚ ਥੱਲੇ ਬੰਬੂ-ਕਾਟ ਆ ਗਏ..ਮਗਰੋਂ ਕਾਰਾਂ ਆਮ ਹੋ ਗਈਆਂ ਤਾਂ ਦਿਮਾਗਾਂ ਵਿਚ ਕੀਮਤਾਂ ਵਾਲੀ ਦੌੜ ਲੱਗ ਗਈ...।

ਬਾਕੀ ਹਮਾਤੜ ਮਸੀਂ ਡੂਢ ਲੱਖ ਵਾਲੀ ਵਿਚ ਆਇਆ ਕਰਦੇ ਤੇ ਇਹਨਾਂ ਥੱਲੇ ਵਰਦੀ ਵਾਲੇ ਡਰਾਈਵਰ ਵਾਲੀ ਹੁੰਦੀ...।

ਆਮ ਲੋਕ ਰੋਜੀ ਰੋਟੀ ਦੇ ਚੱਕਰ ਵਿਚ ਕਮਲੇ ਹੋਏ ਫਿਰਦੇ ਤੇ ਇਹ ਸੋਨੇ ਦੀਆਂ ਪੰਡ ਨਾਲ ਲੱਦੇ ਹੋਏ ਲੋਕਾਂ ਦੇ ਚੇਹਰੇ ਪੜਨ ਵਿਚ ਮਗ਼ਨ ਹੁੰਦੇ..ਦੌਲਤਾਂ ਦੇ ਅੰਬਾਰ ਦੇਖ ਕਿਹੜਾ ਕਿੰਨਾ ਪ੍ਰਭਾਵਿਤ ਹੋ ਰਿਹਾ..ਕਿਸਨੇ ਸਲਾਹੁਤ ਵਿਚ ਕਿੰਨੇ ਕਸੀਦੇ ਪੜੇ..ਕਿੰਨੇ ਕਿੰਨੀਆਂ ਵਧਾਈਆਂ ਦਿੱਤੀਆਂ..ਚੋਵੀ ਘੰਟੇ ਬੱਸ ਏਹੀ ਗਿਣਤੀਆਂ ਮਿਣਤੀਆਂ..ਵਿਆਹਵਾਂ ਸ਼ਗਨ ਸਵਾਰਥਾਂ ਤੇ ਜੇ ਕਿਤੇ ਉਚੇਚ ਨਾ ਹੁੰਦੀ ਤਾਂ ਵੱਡਾ ਮਸਲਾ ਖੜਾ ਕਰ ਦਿਆ ਕਰਦੇ..ਟਰੇਆਂ ਫੜ ਆਸ ਪਾਸ ਫਿਰਦੇ ਬਹਿਰੇ ਅਤੇ ਸਿਫਤਾਂ ਕਰਦੀ ਰਿਸ਼ਤੇਦਾਰੀ ਇਹਨਾਂ ਨੂੰ ਬੜਾ ਹੀ ਅਨੰਦ ਦਿਆ ਕਰਦੀ..ਹਰ ਭੋਗ-ਇਕੱਠ ਤੇ ਧਾਰਮਿਕ ਸਮਾਗਮ ਵਿਚ ਬੱਸ ਹਰ ਪਾਸੇ ਮੁਰੱਬਿਆਂ ਵਾਲੇ ਮਾਸੀ ਮਾਸੜ ਦਾ ਹੀ ਜਿਕਰ ਹੋਣਾ ਜਰੂਰੀ ਹੋਇਆ ਕਰਦਾ ਸੀ!

ਬੱਲੇ-ਬੱਲੇ ਨਾਲ ਦਿਨ ਚੜ੍ਹਦਾ ਤੇ ਵਾਹ ਭਾਈ ਵਾਹ ਨਾਲ ਰਾਤ ਪੈ ਜਾਂਦੀ..!

ਬਹੁਤੇ ਪਰਵਾਰਿਕ ਮਸਲਿਆਂ ਵਿਚ ਓਹਨਾ ਦੀ ਸੁਪੋਰਟ ਜਿਸ ਧਿਰ ਵੱਲ ਹੋ ਜਾਂਦੀ ਸਮਝੋ ਉਸਨੂੰ ਕਚਹਿਰੀ ਵਿਚ ਮੁਕੱਦਮਾਂ ਜਿੱਤਣ ਤੋਂ ਵੀ ਵੱਧ ਦਾ ਚਾਅ ਚੜ ਜਾਇਆ ਕਰਦਾ!

ਕਈ ਜਾਗਦੀ ਜਮੀਰ ਵਾਲੇ ਮੂੰਹ ਤੇ ਗੱਲ ਕਰਨ ਦੀ ਜੁੱਰਤ ਵੀ ਰਖਿਆ ਕਰਦੇ ਪਰ ਪਰਿਵਾਰਿਕ ਪਾਲੀਟਿਕਸ ਦਾ ਮਾਹਿਰ ਮਾਸੜ ਹਮੇਸ਼ਾਂ ਇਸ ਤਰਾਂ ਦੇ ਵਿਰੋਧੀਆਂ ਨੂੰ ਦੂਜਿਆਂ ਨਾਲੋਂ ਤੋੜ-ਵਿਛੋੜ ਕੇ ਕੱਲਾ ਕਾਰਾ ਪਾ ਦਿਆ ਕਰਦਾ..ਗੱਲ ਕੀ ਬੀ ਹਰ ਪਾਸੇ ਚੰਮ ਦੀਆਂ ਹੀ ਚੱਲਿਆ ਕਰਦੀਆਂ!

ਫੇਰ ਓਹੀ ਗੱਲ ਹੋ ਗਈ..ਸਦਾ ਨਾ ਬਾਗੀਂ ਬੁਲਬੁਲ ਬੋਲੇ ਸਦਾ ਨਾ ਮੌਜ ਬਹਾਰਾਂ..ਬੱਲੇ-ਬੱਲੇ ਵਾਲੀ ਦੁਪਹਿਰ ਢਲਣ ਤੇ ਆ ਗਈ..ਫਿਕਰਾਂ ਵਾਲੇ ਪਰਛਾਵੇਂ ਲੰਮੇ ਹੋਣੇ ਸ਼ੁਰੂ ਹੋ ਗਏ ਤੇ ਮੁਰੱਬਿਆਂ ਵਾਲਾ ਮਾਸੜ ਉਦਾਸ ਰਹਿਣ ਲੱਗ ਪਿਆ! ਡਿਪ੍ਰੈਸ਼ਨ ਦੀ ਮਾਰ ਹੇਠ ਆਇਆ ਵਕਤ ਨੂੰ ਧੱਕੇ ਦੇਣ ਲੱਗਾ ਕਿਓਂਕੇ ਨਾਲਦੀ ਕੈਂਸਰ ਨਾਲ ਤੁਰ ਗਈ..ਨੂਹਾਂ ਗੱਲ ਸੁਣਨੋਂ ਹਟ ਗਈਆਂ..ਰੱਸੀ ਸੜ ਗਈ ਪਰ ਵੱਟ ਅਜੇ ਵੀ ਪੂਰਾਣੇ...।

ਮੁੰਡਿਆਂ ਦਾ ਆਪਸ ਵਿਚ ਬੋਲਚਾਲ ਬੰਦ ਹੈ..ਅਕਸਰ ਇਸ ਗੱਲੋਂ ਲੜਾਈ ਰਹਿੰਦੀ ਕੇ ਜਾਇਦਾਤ ਦੀ ਵੰਡ ਨਹੀਂ ਕਰਦਾ..ਆਖ ਦਿੰਦੇ ਨੇ ਕੇ ਡੈਡ ਜੇ ਸਾਡੇ ਕੋਲ ਬਾਹਰ ਆਉਣਾ ਏ ਤਾਂ ਮੁੱਰਬੇ ਵੇਚ ਕੇ ਵੰਡ ਵਡਾਈ ਕਰ ਆ ਪਹਿਲਾਂ..ਅਗਲਾ ਇਸ ਗਲੋਂ ਡਰਦਾ ਬੀ ਵੰਡ ਵੰਡਾਈ ਦੇ ਚੱਕਰ ਵਿਚ ਮਾੜੀ ਮੋਟੀ ਹੁੰਦੀ ਪੁੱਛਗਿੱਛ ਤੋਂ ਵੀ ਨਾ ਜਾਂਦਾ ਰਹਾਂ!

ਹੁਣ ਦੱਸਦੇ ਨੇ ਕੇ ਕਿੰਨੀਆਂ ਸਾਰੀਆਂ ਬਿਮਾਰੀਆਂ ਦੇ ਮੱਕੜ ਜਾਲ ਵਿਚ ਫਸਿਆ ਡੰਗੋਰੀ ਫੜ ਕੇ ਤੁਰਦਾ ਏ...। ਮੁਰੱਬਿਆਂ ਦਾ ਗੇੜਾ ਮਾਰਨ ਗਿਆ ਜਦੋਂ ਰੁੱਖ ਹੇਠ ਬੈਠ ਜਾਂਦਾ ਏ ਤਾਂ ਓਹੀ ਮੁਰੱਬੇ ਹੱਸਦੇ ਹੋਏ ਆਖ ਦਿੰਦੇ ਨੇ ਕੇ ਬਾਬਿਓ ਸਾਨੂੰ ਕਬਜੇ ਹੇਠ ਕਰਦੇ ਤੇ ਕਈ ਸਿਕੰਦਰ ਇਥੋਂ ਖਾਲੀ ਹੱਥ ਚਲੇ ਗਏ ਤੁਸੀਂ ਕਾਹਦੇ ਪਾਣੀ ਹਾਰ ਹੋ..ਫੇਰ ਅੱਗੋਂ ਕੋਈ ਜੁਆਬ ਨਹੀਂ ਅਹੁੜਦਾ..ਜਿਸਨੂੰ ਸਾਰਾ ਕੁਝ ਸਮਝ ਲਿਆ ਸੀ ਉਹ ਤੇ ਨਿੱਰੀ ਪੂਰੀ ਮਿੱਟੀ ਨਿੱਕਲੀ..!

ਕਿਸੇ ਵੇਲੇ ਵੰਡ ਵੰਡਾਈ ਦੇ ਡਰੋਂ ਘਰੇ ਜੰਮਦੀਆਂ ਹੀ ਫੀਮ ਚਟਾ ਕੇ ਮੁਕਾ ਦਿੱਤੀਆਂ ਹੁਣ ਬੜੀਆਂ ਹੀ ਚੇਤੇ ਆਉਂਦੀਆਂ..ਅੱਖਾਂ ਵਿਚ ਗਲੇਡੂ ਭਰ ਅਕਸਰ ਹੀ ਸੋਚਦਾ ਏ ਕੇ ਜੇ ਇੱਕ ਹੀ ਬਚਾ ਕੇ ਰੱਖ ਲਈ ਹੁੰਦੀ ਤਾਂ ਸ਼ਾਇਦ ਓਦੇ ਨਾਲ ਹੀ ਦੁੱਖ ਸੁਖ ਫਰੋਲ ਦਿਲ ਹੌਲਾ ਕਰ ਲਿਆ ਕਰਦਾ..ਪਰ ਸੋ ਦੋਸਤੋ ਸਾਡੀ ਨਾਨੀ ਨਿੱਕੇ ਹੁੰਦਿਆਂ ਸਾਨੂੰ ਅਕਸਰ ਹੀ ਵਰਜਦੀ ਹੁੰਦੀ ਸੀ ਕੇ ਪੁੱਤ ਭੋਏਂ ਤੇ ਹੀ ਖੇਡਿਓ..ਬਿਨ ਬਨੇਰੇ ਵਾਲੇ ਚੁਬਾਰਿਆਂ ਤੇ ਨਾ ਚੜਿਓ..ਜੇ ਹੇਠਾਂ ਆਣ ਪਏ ਸੱਟ-ਪੇਟ ਬੜੀ ਭੈੜੀ ਲੱਗੂ..ਹੁਣ ਅਮਝ ਆਈ ਕੇ ਬਿਲਕੁਲ ਹੀ ਸਹੀ ਆਖਿਆ ਕਰਦੀ ਸੀ ਮੇਰੀ ਨਾਨੀ..ਉਚਾਈ ਤੋਂ ਡਿੱਗਿਆਂ ਵਾਕਿਆ ਹੀ ਸੱਟ ਬੜੀ ਭੈੜੀ ਲੱਗਦੀ ਏ...।

ਬੇਸ਼ੱਕ ਜਹਾਨੋ ਗਈ ਨੂੰ ਤਕਰੀਬਨ ਬੱਤੀ ਵਰੇ ਹੋ ਗਏ ਨੇ ਪਰ ਅਜੇ ਵੀ ਕਈ ਵਾਰ ਮੈਨੂੰ ਗੋਡਿਆਂ ਤੇ ਬਿਠਾ ਚੁੱਲ੍ਹੇ ਵਿਚ ਬਾਲਣ ਡਾਹੁੰਦੀ ਹੋਈ ਅਕਸਰ ਹੀ ਸੁਫਨਿਆਂ ਵਿਚ ਦਿਸ ਹੀ ਜਾਇਆ ਕਰਦੀ ਏ!

ਹਰਪ੍ਰੀਤ ਸਿੰਘ ਜਵੰਦਾ

## ਮਿੰਨੀ ਕਹਾਣੀ
# ਰਿਸ਼ਤਾ



ਗੁਰਤੇਜ ਸਿੰਘ ਦੇ ਮੁੰਡੇ ਅਮ੍ਰਿਤ ਨੂੰ ਰਿਸ਼ਤਾ ਕਰਨ ਆਏ ਕਰਤਾਰ ਸਿੰਘ ਹੋਰਾਂ ਨੇ ਕਿਹਾ "ਸਰਦਾਰ ਜੀ ਸਾਡੇ ਘਰ ਪਸੰਦ ਹੈ, ਕਾਕੇ ਨੂੰ ਬੁਲਾਉ"।

" ਬੇਟਾ ਅੰਮ੍ਰਿਤ ਜਰਾ ਬਾਹਰ ਆਉ" ਗੁਰਤੇਜ ਸਿੰਘ ਨੇ ਮੁੰਡੇ ਨੂੰ ਅਵਾਜ਼ ਮਾਰੀ। ਅਮ੍ਰਿਤ ਕੰਨਾਂ 'ਚ ਮੁੰਦਰਾਂ, ਰੰਗ ਬਰੰਗੇ ਸਿਰ ਤੇ ਪਟੇ, ਜ਼ੀਨ ਦੀ ਗੋਡਿਆਂ ਕੋਲੋਂ ਪਾਟੀ ਪੈਂਟ, ਕੰਨ ਨਾਲ ਮੋਬਾਇਲ ਲੜਖੜਾਉਂਦਾ ਜਿਹਾ ਆ ਕੇ ਕੁਰਸੀ ਤੇ ਬਹਿਣ ਲੱਗਾ ਡਿੱਗਣੋਂ ਮਸਾਂ ਬਚਿਆ। ਬੁੱਲ ਬੀੜੀ ਨਾਲ ਧੁਆਂਖੇ ਹੋਏ, ਦੰਦਾਂ ਨੂੰ ਭਿਣਖੀ ਲੱਗੀ ਹੋਈ, ਅੱਖਾਂ ਵਿੱਚ ਚਿੱਟੇ ਦੀ ਲੋਰ, ਫਤਿਹ ਬੁਲਾ ਕੇ ਕੁਰਸੀ ਤੇ ਬਹਿ ਗਿਆ।

ਮੁੰਡੇ ਦੀ ਚੜ੍ਹਤ ਵੇਖ ਕੇ ਕਰਤਾਰ ਸਿੰਘ ਨੇ ਨਾਲ ਆਏ ਆਪਣੇ ਸਾਲੇ ਦਲਬੀਰ ਨੂੰ ਅੱਖ ਦੱਬ ਕੇ ਇਸ਼ਾਰੇ ਨਾਲ ਕੁੱਝ ਸਮਝਾਇਆ। ਦਲਵੀਰ ਨੇ ਵੀ ਸਿਰ ਹਿਲਾ ਕੇ ਜਵਾਬ ਮੋੜਿਆ। ਉਨਾਂ ਨੇ ਸੋਚਿਆ ਕਿ ਦੱਸ ਪਾਉਣ ਵਾਲੇ ਵਿਚੋਲੇ ਨੇ ਕੋਈ ਦਾਅ ਖੇਡਿਆ ਹੈ। ਬੀਏ ਪਾਸ ਨਸੀਬ ਕੋਈ ਗਾਂ ਮੱਝ ਨਹੀਂ।

ਗੁਰਤੇਜ ਸਿੰਘ ਅੰਦਰੋਂ ਚਾਹ ਪਾਣੀ ਲੈਣ ਗਿਆ, ਚਾਹ ਮੇਜ ਤੇ ਰੱਖ ਕੇ ਬੋਲਿਆ, " ਸਰਦਾਰ ਜੀ ਕਾਕਾ ਕਿਸੇ ਦੇ ਵਿਆਹ ਤੇ ਗਿਆ ਸੀ ਪੈਲੇਸ ਚੋਂ ਆਇਆ ਹੈ, ਡਾਂਸ ਭੰਗੜਾ ਪਾ ਕੇ ਥੱਕਿਆ ਲੱਗਦਾ ਹੈ"।

" ਤੁਹਾਡੀ ਮੰਗ ਕੀ ਐ ਜੀ" ਦਲਵੀਰ ਸਿੰਘ ਨੇ ਪੁੱਛਿਆ।

"ਬਾਈ ਜੀ ਸਾਡੇ ਕੋਲ ਪੰਦਰਾਂ ਕਿੱਲੇ ਜਮੀਨ ਹੈ, ਇਹ ਕੋਠੀ ਤੁਸੀਂ ਵੇਖ ਰਹੇ ਹੋ, ਇਸ ਹਿਸਾਬ ਨਾਲ ਸੋਚ ਕੇ ਜੋ ਸਰਦਾ ਹੋਇਆ ਦੇ ਦਿਉ"। ਗੁਰਤੇਜ ਸਿੰਘ ਇਹ ਆਖ ਕੇ ਅੰਦਰੋਂ ਦਾਰੂ ਦੀ ਬੋਤਲ ਤੇ ਗਲਾਸ ਆਦਿ ਲੈਣ ਚਲਾ ਗਿਆ।

ਦਲਵੀਰ ਸਿੰਘ ਨੇ ਕਰਤਾਰ ਸਿੰਘ ਨੂੰ ਇਸ਼ਾਰਾ ਕੀਤਾ ਛੇਤੀ ਕਰੋ ਆਪਾਂ ਏਥੋਂ ਨਿਕਲ ਚੱਲੀਏ। ਅਚਾਨਕ ਪਿੱਛਲੇ ਦਰਵਾਜੇ ਚੋਂ ਮੁੰਡੇ ਦੀ ਦਾਦੀ ਟੌਹਰ ਕੱਢ ਕੇ ਆਈ ਤੇ ਕਹਿੰਦੀ, ਵੇ ਪੁੱਤ ਮੇਰਾ ਪੋਤਰਾ ਤਾਂ ਨਿਰਾ ਸਿਉਨਾ ਹੈ, ਇਸ ਨੂੰ ਤਾਂ ਚਾਹ ਪੀਣ ਦਾ ਵੀ ਨਸ਼ਾ ਨਹੀਂ, ਇਹ ਤਾਂ ਕੁੱਛ ਵੀ ਨਹੀਂ ਖਾਂਦਾ, ਕਿਸੇ ਹੋਰ ਚੀਜ਼ ਨੂੰ ਤਾਂ ਕੀ ਮੂੰਹ ਲਾਉਣਾ ਹੈ"।

" ਚੰਗਾ ਮਾਤਾ ਜੀ ਤੁਸੀਂ ਇਸ ਨੂੰ ਕਿਸੇ ਚੰਗੇ ਡਾਕਟਰ ਨੂੰ ਵਿਖਾਉ, ਤਾਂ ਕਿ ਇਹ ਕੁੱਛ ਖਾਣ ਪੀਣ ਲੱਗ ਜਾਵੇ, ਖਾਧੇ ਪੀਤੇ ਬਿਨਾਂ ਬੰਦਾ ਕਰੂ ਵੀ ਕੀ" ਆਖ ਕੇ ਪਿੱਛਲੇ ਦਰਵਾਜੇ ਥਾਣੀ ਨਿਕਲ ਕੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਇੱਕ ਦੂਜੇ ਨੂੰ ਹੱਸਦੇ ਕਹਿਣ ਲੱਗੇ, " ਬੱਚ ਗਏ ਮਿੱਤਰਾ ਕਰਮ ਚੰਗੇ ਸੀ ਆਪਣੀ ਨਸੀਬ ਦੇ, ਚੱਲ ਦੱਬੀ ਚੱਲ ਮੋਟਰ ਸਾਈਕਲ "।

" ਬਾਈ ਤੁਸੀਂ ਚਾਹ ਵੀ ਨਹੀਂ ਪੀਤੀ, ਮੈਂ ਸੋਚਿਆ ਦਿਨ ਛਿੱਪ ਗਿਆ ਹੈ, ਮੈਂ ਤਾਂ ਹੰਡਰਡ ਪਾਈਪਰ ਦੀ ਬੋਤਲ ਤੇ ਫਰਾਈ ਮੀਟ ਲਿਆਇਆ ਸੀ, ਛਿੱਟ ਛਿੱਟ ਲਾ ਲੈਂਦੇ" ਗੁਰਤੇਜ ਸਿੰਘ ਦੇ ਬੋਲ ਹਵਾ ਵਿੱਚ ਹੀ ਗੁਆਚ ਗਏ।

# Indian Fencing ਟੀਮ ਨੇ 17 ਤਗ਼ਮੇ ਜਿੱਤੇ



ਭਾਰਤੀ ਅੰਡਰ–23 ਤਲਵਾਰਬਾਜ਼ੀ ਟੀਮ ਨੇ ਰਾਸ਼ਟਰਮੰਡਲ ਤਲਵਾਰਬਾਜ਼ੀ ਚੈਂਪੀਅਨਸ਼ਿਪ ਵਿੱਚ ਇਤਿਹਾਸ ਰਚਦਿਆਂ ਪੁਰਸ਼ ਅਤੇ ਮਹਿਲਾ ਵਿਅਕਤੀਗਤ ਮੁਕਾਬਲਿਆਂ ਵਿੱਚ 4 ਸੋਨੇ, 4 ਚਾਂਦੀ ਅਤੇ 9 ਕਾਂਸੇ ਦੇ ਤਗ਼ਮਿਆਂ ਸਮੇਤ ਕੁੱਲ 17 ਤਗ਼ਮੇ ਜਿੱਤੇ ਹਨ। ਭਾਰਤੀ ਟੀਮ ਨੇ ਸਾਬਰੇ, ਫੌਇਲ ਅਤੇ ਏਪੀ ਵਰਗਾਂ ਦੇ ਸਾਰੇ 6 ਵਿਅਕਤੀਗਤ ਮੁਕਾਬਲਿਆਂ ਵਿੱਚ ਤਗ਼ਮੇ ਜਿੱਤ ਕੇ ਦਬਦਬਾ ਕਾਇਮ ਕੀਤਾ। ਪੁਰਸ਼ਾਂ ਦੇ ਸਾਬਰ ਮੁਕਾਬਲੇ ਵਿੱਚ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਾਰੇ ਤਗ਼ਮੇ ਆਪਣੇ ਨਾਂ ਕੀਤੇ। ਇਸੇ ਤਰ੍ਹਾਂ ਨਿਖਿਲ ਵਾਘ ਨੇ ਸੋਨੇ, ਲਕਸ਼ੈ ਨੇ ਚਾਂਦੀ, ਜਦਕਿ ਅਸ਼ਵਨੀ ਆਰਿਆ ਅਤੇ ਲੈਸ਼ਰਾਮ ਮੋਰਾਂਬਾ ਨੇ ਸਾਂਝੇ ਤੌਰ ’ਤੇ ਕਾਂਸੇ ਦੇ ਤਗ਼ਮੇ ਜਿੱਤੇ। ਪੁਰਸ਼ ਫੌਇਲ ਵਿੱਚ ਤੇਜਸ ਪਾਟਿਲ ਨੇ ਚਾਂਦੀ ਅਤੇ ਹੇਮਾਸ਼ ਸਨਾਸਮ ਨੇ ਕਾਂਸੇ ਦਾ ਤਗ਼ਮਾ ਆਪਣੇ ਨਾਂ ਕੀਤਾ। ਪੁਰਸ਼ ਏਪੀ ਵਿੱਚ ਲੋਕੇਸ਼ ਵੇਮਾਨੀ ਨੇ ਚਾਂਦੀ, ਸ਼ੌਰਿਆ ਅਸ਼ਵਨੀ ਅਤੇ ਗੌਡਵਿਨ ਅੰਬਕੇਸ ਨੇ ਕਾਂਸੇ ਦੇ ਤਗ਼ਮੇ ਜਿੱਤੇ। ਮਹਿਲਾ ਫੌਇਲ ਵਿੱਚ ਜੋਇਸ ਆਸ਼ਿਤਾ ਨੇ ਸੋਨੇ ਅਤੇ ਕਨਗਲਕਸ਼ਮੀ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਇਸੇ ਤਰ੍ਹਾਂ ਮਹਿਲਾ ਏਪੀ ਮੁਕਾਬਲੇ ਵਿੱਚ ਪ੍ਰਾਚੀ ਲੋਹਾਨ ਨੇ ਸੋਨੇ ਜਦਕਿ ਨਿਵੇਦਿਆ ਨਾਇਰ ਅਤੇ ਅਨੁਪ੍ਰੀਆ ਨੇ ਕਾਂਸੀ ਦੇ ਤਗ਼ਮੇ ਜਿੱਤੇ। ਇਸ ਤੋਂ ਇਲਾਵਾ ਮਹਿਲਾ ਸਾਬਰੇ ਵਿੱਚ ਜੈਫਰਲਿਨ ਨੇ ਸੋਨੇ, ਆਖਰੀ ਨੇ ਚਾਂਦੀ ਅਤੇ ਸ਼੍ਰੇਆ ਗੁਪਤਾ ਨੇ ਕਾਂਸੇ ਦਾ ਤਗ਼ਮਾ ਆਪਣੇ ਨਾਂ ਕੀਤਾ। ਫੈਂਸਿੰਗ ਐਸੋਸੀਏਸ਼ਨ ਆਫ ਇੰਡੀਆ ਦੇ ਸਕੱਤਰ ਜਨਰਲ ਰਾਜੀਵ ਮਹਿਤਾ ਨੇ ਕਿਹਾ ਕਿ ਖਿਡਾਰੀਆਂ ਨੂੰ ਮੁਕਾਬਲਾ ਕਰਨ ਲਈ ਹੋਰ ਮੌਕੇ ਦਿੱਤੇ ਜਾਣਗੇ ਤਾਂ ਜੋ ਉਹ ਸੀਨੀਅਰ ਮੁਕਾਬਲਿਆਂ ਲਈ ਤਿਆਰ ਹੋ ਸਕਣ।

# ਸੌਰਵ ਗਾਂਗੁਲੀ ਅਤੇ ਪਤਨੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ



ਕੋਲਕਾਤਾ : ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਤੇ ਬੰਗਾਲ ਕ੍ਰਿਕਟ ਐਸੋਸੀਏਸ਼ਨ (CAB) ਦੇ ਪ੍ਰਧਾਨ ਸੌਰਵ ਗਾਂਗੁਲੀ ਨੇ ਪੁਲੀਸ ਕੋਲ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਧਮਕੀ ਭਰੇ ਪੱਤਰ ਮਿਲੇ ਹਨ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਪੱਤਰ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਤਨੀ ਡੋਨਾ ਗਾਂਗੁਲੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।

ਸੌਰਵ ਗਾਂਗੁਲੀ ਦੇ ਦਫ਼ਤਰ ਨੂੰ ਇਕ ਹੋਰ ਧਮਕੀ ਭਰਿਆ ਨਵਾਂ ਪੱਤਰ ਮਿਲਣ ਤੋਂ ਬਾਅਦ, ਉਨ੍ਹਾਂ ਨੇ ਦੱਖਣੀ ਕੋਲਕਾਤਾ ਦੇ ਠਾਕੁਰਪੁਕੁਰ ਪੁਲੀਸ ਸਟੇਸ਼ਨ ਵਿੱਚ ਇੱਕ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਪੁਲੀਸ ਸ਼ਿਕਾਇਤ ਮੁਤਾਬਕ, ਬੀ.ਸੀ.ਸੀ.ਆਈ. (BCCI) ਦੇ ਸਾਬਕਾ ਪ੍ਰਧਾਨ ਦੇ ਨਾਮ ਉੱਤੇ ਪਿਛਲੇ ਛੇ ਮਹੀਨਿਆਂ ਤੋਂ ਪੱਤਰ ਆ ਰਹੇ ਸਨ ਪਰ ਸ਼ੁਰੂ ਵਿੱਚ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਉਨ੍ਹਾਂ ਦੇ ਦਫ਼ਤਰ ਨੂੰ ਦੋ ਨਵੇਂ ਪੱਤਰ ਮਿਲੇ, ਜਿਨ੍ਹਾਂ ਵਿੱਚ ਸੌਰਵ ਗਾਂਗੁਲੀ ਅਤੇ ਉਨ੍ਹਾਂ ਦੀ ਪਤਨੀ ਨੂੰ ਜਾਨੋਂ ਮਾਰਨ ਅਤੇ ਉਨ੍ਹਾਂ ਦੇ ਕਰੀਬੀਆਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਸਪੱਸ਼ਟ ਧਮਕੀਆਂ ਦਿੱਤੀਆਂ ਗਈਆਂ ਸਨ। ਪੁਲੀਸ ਅਧਿਕਾਰੀ ਨੇ ਕਿਹਾ ਕਿ ਜਾਂਚਕਰਤਾ ਪੱਤਰਾਂ ਦੀ ਸਮੱਗਰੀ ਦੀ ਜਾਂਚ ਕਰ ਰਹੇ ਹਨ ਅਤੇ ਭੇਜਣ ਵਾਲੇ ਦੀ ਪਛਾਣ ਅਤੇ ਮਕਸਦ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਪੱਤਰ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਬੇਲਘੀਆ ਦੇ ਇੱਕ ਵਿਅਕਤੀ ਵੱਲੋਂ ਕੁਰੀਅਰ ਸੇਵਾ ਰਾਹੀਂ ਭੇਜੇ ਗਏ ਹੋ ਸਕਦੇ ਹਨ। ਪੁਲੀਸ ਨੇ ਮੁਲਜ਼ਮ ਵੱਲੋਂ ਵਰਤੇ ਗਏ ਸਿਮ ਕਾਰਡ ਦੀ ਗਤੀਵਿਧੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਖੇਪ (ਕਨਸਾਈਨਮੈਂਟ) ਦਾ ਵੇਰਵਾ ਇਕੱਠਾ ਕਰਨ ਲਈ ਸਬੰਧਤ ਕੁਰੀਅਰ ਏਜੰਸੀ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਕਿਹਾ, "ਅਸੀਂ ਕੁਰੀਅਰ ਵਾਲਿਆਂ ਨਾਲ ਗੱਲ ਕੀਤੀ ਹੈ ਅਤੇ ਇੱਕ ਮੋਬਾਈਲ ਨੰਬਰ ਦਾ ਪਤਾ ਲਗਾਇਆ ਹੈ। ਅਸੀਂ ਇਸ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ।" ਕੋਲਕਾਤਾ ਪੁਲੀਸ ਦੇ ਅਧਿਕਾਰੀ ਇਸ ਗੱਲ ਦੀ ਵੀ ਜਾਂਚ ਕਰ ਰਹੇ ਹਨ ਕਿ ਕੀ ਸਾਰੇ ਪੱਤਰ ਇੱਕ ਹੀ ਵਿਅਕਤੀ ਨੇ ਭੇਜੇ ਸਨ ਅਤੇ ਇਨ੍ਹਾਂ ਕਥਿਤ ਧਮਕੀਆਂ ਦੇ ਪਿੱਛੇ ਅਸਲ ਕਾਰਨ ਕੀ ਹੈ।

# ਜੁਗਰਾਜ ਸਿੰਘ ਨੇ ਹਰਮਨਪ੍ਰੀਤ ਸਿੰਘ ਨੂੰ ਦੱਸਿਆ ਟੀਮ ਇੰਡੀਆ ਦਾ 'ਟਰੰਪ ਕਾਰਡ'



ਹਰਮਨਪ੍ਰੀਤ ਸਿੰਘ ਜੁਗਰਾਜ ਸਿੰਘ

ਭਾਰਤ ਦੇ ਉੱਘੇ ਸਾਬਕਾ ਡਰੈਗ ਫਲਿੱਕਰ ਜੁਗਰਾਜ ਸਿੰਘ ਨੇ ਕਿਹਾ ਕਿ ਉਸ ਨੂੰ ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ ਵਿੱਚ ਆਪਣਾ ਅਕਸ ਦਿਖਾਈ ਦਿੰਦਾ ਹੈ ਅਤੇ ਉਸ ਦਾ ਮੰਨਣਾ ਹੈ ਕਿ ਭਾਰਤੀ ਕਪਤਾਨ ਇਸ ਹਫ਼ਤੇ ਸ਼ੁਰੂ ਹੋ ਰਹੇ ਹਾਕੀ ਵਿਸ਼ਵ ਕੱਪ ’ਚ ਟੀਮ ਦਾ ‘ਤੁਰਪ ਦਾ ਪੱਤਾ’ ਸਾਬਤ ਹੋਵੇਗਾ। ਹਾਕੀ ਖਿਡਾਰੀ ਜੁਗਰਾਜ ਸਿੰਘ ਦਾ 2003 ’ਚ ਐਕਸੀਡੈਂਟ ਮਗਰੋਂ ਕਰੀਅਰ ਖ਼ਤਮ ਹੋ ਗਿਆ ਸੀ। ਜੁਗਰਾਜ ਸਿੰਘ ਨੇ ਆਖਿਆ, ‘‘ਮੌਜੂਦਾ ਸਮੇਂ ਵਿਸ਼ਵ ਹਾਕੀ ’ਚ ਤਿੰਨ ਡਰੈਗ ਫਲਿੱਕਰਾਂ ਵਿੱਚੋਂ ਇੱਕ ਹਰਮਨਪ੍ਰੀਤ ਹੈ। ਉਹ ਟੋਕੀਓ ਓਲੰਪਿਕ ਦੇ ਸਮੇਂ ਹੀ ਵਧੀਆ ਖੇਡ ਰਿਹਾ ਹੈ। ਟੀਮ ਦੀ ਲੋੜ ਵੇਲੇ ਲਗਾਤਾਰ ਵਧੀਆ ਪ੍ਰਦਰਸ਼ਨ ਕਰਨ ਵਾਲਾ ਖਿਡਾਰੀ ਹੀ ‘ਟਰੰਪ ਕਾਰਡ’ ਹੁੰਦਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਉਹ ਹਰਮਨਪ੍ਰੀਤ ਹੋਵੇਗਾ। ਉਸ ਦੀ ਫਿਟਨੈੱਸ ਵਧੀਆ ਹੈ।’’ ਹਰਮਨਪ੍ਰੀਤ ਵਾਂਗ ਹੀ ਸੁਰਜੀਤ ਹਾਕੀ ਅਕੈਡਮੀ ਵਿੱਚੋਂ ਨਿਕਲੇ ਜੁਗਰਾਜ ਨੇ ਕਿਹਾ, ‘‘ਉਸ (ਹਰਮਨਪ੍ਰੀਤ) ਦੀ ਸ਼ੈਲੀ ਬਿਲਕੁਲ ਮੇਰੇ ਵਰਗੀ ਹੈ। ਉਸ ਦੇ ਖੇਡਣ ਦਾ ਤਰੀਕਾ ਤੇ ਹਮਲਾਵਰ ਰੁਖ਼ ਮੈਨੂੰ ਆਪਣੀ ਯਾਦ ਦਿਵਾਉਂਦਾ ਹੈ। ਉਸ ਵਿੱਚ ਮੈਨੂੰ, ਆਪਣੀ ਝਲਕ ਦਿਖਾਈ ਦਿੰਦੀ ਹੈ। ਮੈਂ (ਉਸ ਨੂੰ) ਕਹਿੰਦਾ ਵੀ ਹਾਂ ਕਿ ਖੇਡ ਤੂੰ ਰਿਹਾ ਹੁੰਦਾ ਹੈ ਅਤੇ ਲੱਗਦਾ ਹੈ ਕਿ ਮੈਦਾਨ ’ਤੇ ਮੈਂ ਹਾਂ।’’ ਸਾਬਕਾ ਹਾਕੀ ਖਿਡਾਰੀ ਨੇ ਦੱਸਿਆ ਕਿ ਹਰ ਟੂਰਨਾਮੈਂਟ ਜਾਂ ਕੈਂਪ ਮਗਰੋਂ ਹਰਮਨਪ੍ਰੀਤ ਨਾਲ ਉਸ ਦੀ ਗੱਲ ਜਾਂ ਮੁਲਾਕਾਤ ਹੁੰਦੀ ਹੈ ਅਤੇ ਉਸ ਦੀ ਖੇਡ ਦੀ ਬਾਰੀਕੀ ਨੂੰ ਦੇਖ ਕੇ ਸਲਾਹ ਵੀ ਦਿੰਦਾ ਹੈ।

# ਬੁਮਰਾਹ ਦੀ ਗ਼ੈਰ-ਮੌਜੂਦਗੀ 'ਚ ਗੁਰਨੂਰ ਬਰਾੜ ਬਣ ਸਕਦਾ ਹੈ ਟੀਮ ਦਾ ‘ਐਕਸ ਫੈਕਟਰ’: ਫਰਵੀਜ਼ ਮਾਹਰੂਫ਼



ਭਾਰਤ ਅਤੇ ਸ੍ਰੀਲੰਕਾ ਵਿਚਾਲੇ 15 ਅਗਸਤ ਤੋਂ ਗਾਲੇ ’ਚ ਸ਼ੁਰੂ ਹੋਣ ਵਾਲੀ ਦੋ ਟੈਸਟ ਮੈਚਾਂ ਦੀ ਲੜੀ ਤੋਂ ਪਹਿਲਾਂ ਸ੍ਰੀਲੰਕਾ ਦੇ ਸਾਬਕਾ ਹਰਫ਼ਨਮੌਲਾ ਕ੍ਰਿਕਟਰ ਫਰਵੀਜ਼ ਮਾਹਰੂਫ਼ ਨੇ ਨੌਜਵਾਨ ਤੇਜ਼ ਗੇਂਦਬਾਜ਼ ਗੁਰਨੂਰ ਬਰਾੜ ਨੂੰ ਭਾਰਤੀ ਟੀਮ ਦਾ ਸੰਭਾਵੀ ‘ਐਕਸ ਫੈਕਟਰ’ ਕਰਾਰ ਦਿੰਦਿਆਂ ਆਖਿਆ ਕਿ ਜਸਪ੍ਰੀਤ ਬੁਮਰਾਹ ਦੀ ਗ਼ੈਰ–ਮੌਜੂਦਗੀ ਵਿੱਚ 26 ਸਾਲਾਂ ਦੇ ਇਸ ਤੇਜ਼ ਗੇਂਦਬਾਜ਼ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਦੱਖਣੀ ਅਫਰੀਕਾ ਵਿਰੁੱਧ ਘਰੇਲੂ ਲੜੀ 0–2 ਹਾਰਨ ਮਗਰੋਂ ਭਾਰਤ ਡਬਲਿਊ ਟੀ ਸੀ ਅੰਕ ਸੂਚੀ ਵਿੱਚ ਪੰਜਵੇਂ ਸਥਾਨ ’ਤੇ ਹੈ। ਭਾਰਤੀ ਟੀਮ ਜ਼ਖ਼ਮੀ ਬੁਮਰਾਹ ਤੋਂ ਬਿਨਾਂ ਹੀ ਸ੍ਰੀਲੰਕਾ ਵਿਰੁੱਧ ਇਸ ਅਹਿਮ ਲੜੀ ’ਚ ਉੱਤਰੇਗੀ। ਮੁਹੰਮਦ ਸਿਰਾਜ ਤੇਜ਼ ਗੇਂਦਬਾਜ਼ੀ ਮੁਹਾਜ਼ ਦੀ ਅਗਵਾਈ ਕਰ ਸਕਦਾ ਹੈ ਤੇ ਆਖ਼ਰੀ ਗਿਆਰਾਂ ਵਿੱਚ ਪ੍ਰਸਿੱਧ ਕ੍ਰਿਸ਼ਨਾ ਦੀ ਜਗ੍ਹਾ ਗੁਰਨੂਰ ਬਰਾੜ ਨੂੰ ਮੌਕਾ ਮਿਲਣ ਦੀ ਚਰਚਾ ਤੇਜ਼ ਹੈ। ਫਰਵੀਜ਼ ਮਾਹਰੂਫ਼ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, ‘‘ਜਸਪ੍ਰੀਤ ਬੁਮਰਾਹ ’ਚ ਪੁਰਾਣੀ ਗੇਂਦ ਨਾਲ ਰਿਵਰਸ ਸਵਿੰਗ ਕਰਵਾਉਣ ਦੀ ਸਮਰੱਥਾ ਹੈ ਤੇ ਉਸ ਦੀ ਗ਼ੈਰ–ਹਾਜ਼ਰੀ ’ਚ ਯਕੀਨੀ ਤੌਰ ’ਤੇ ਭਾਰਤ ਨੂੰ ਇਸ ਦੀ ਘਾਟ ਰੜਕੇਗੀ।

# ਜੂਨੀਅਰ ਮਹਿਲਾ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿੱਚ 30 ਟੀਮਾਂ ਹਿੱਸਾ ਲੈਣਗੀਆਂ



ਨਵੀਂ ਦਿੱਲੀ: ਪੁਣੇ ਵਿੱਚ ਬੁੱਧਵਾਰ ਤੋਂ ਸ਼ੁਰੂ ਹੋ ਰਹੀ 16ਵੀਂ ਹਾਕੀ ਇੰਡੀਆ ਜੂਨੀਅਰ ਮਹਿਲਾ ਰਾਸ਼ਟਰੀ ਚੈਂਪੀਅਨਸ਼ਿਪ 2026 ਵਿੱਚ ਕੁੱਲ 30 ਟੀਮਾਂ ਤਿੰਨ ਸ਼੍ਰੇਣੀਆਂ ਵਿੱਚ ਹਿੱਸਾ ਲੈਣਗੀਆਂ।

ਇਹ ਟੂਰਨਾਮੈਂਟ 23 ਅਗਸਤ ਤੱਕ ਚੱਲੇਗਾ, ਜਿਸ ਵਿੱਚ ਟੀਮਾਂ ਨੂੰ ਡਿਵੀਜ਼ਨ ਏ, ਡਿਵੀਜ਼ਨ ਬੀ ਅਤੇ ਡਿਵੀਜ਼ਨ ਸੀ ਵਿੱਚ ਵੰਡਿਆ ਗਿਆ ਹੈ। ਟੀਮਾਂ ਨਾ ਸਿਰਫ਼ ਖਿਤਾਬ ਲਈ, ਸਗੋਂ ਆਪਣੇ ਤੋਂ ਉੱਪਰ ਵਾਲੇ ਡਿਵੀਜ਼ਨ ਵਿੱਚ ਅੱਗੇ ਵਧਣ ਲਈ ਵੀ ਯਤਨ ਕਰਨਗੀਆਂ।

ਡਿਵੀਜ਼ਨ ਏ ਵਿੱਚ 12 ਟੀਮਾਂ ਨੂੰ ਚਾਰ ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਏ ਵਿੱਚ ਝਾਰਖੰਡ, ਪੰਜਾਬ ਅਤੇ ਚੰਡੀਗੜ੍ਹ ਸ਼ਾਮਲ ਹਨ; ਪੂਲ ਬੀ ਵਿੱਚ ਹਰਿਆਣਾ, ਓਡੀਸ਼ਾ ਅਤੇ ਬੰਗਾਲ ਸ਼ਾਮਲ ਹਨ; ਪੂਲ ਸੀ ਵਿੱਚ ਉੱਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਮਨੀਪੁਰ ਸ਼ਾਮਲ ਹਨ; ਅਤੇ ਪੂਲ ਡੀ ਵਿੱਚ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਹਨ।

ਡਿਵੀਜ਼ਨ ਏ ਵਿੱਚ 12 ਟੀਮਾਂ ਰਾਸ਼ਟਰੀ ਚੈਂਪੀਅਨਸ਼ਿਪ ਖਿਤਾਬ ਲਈ ਮੁਕਾਬਲਾ ਕਰਨਗੀਆਂ। ਇਸ ਡਿਵੀਜ਼ਨ ਵਿੱਚ 11ਵੇਂ ਅਤੇ 12ਵੇਂ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਅਗਲੇ ਮੁਕਾਬਲੇ ਲਈ ਡਿਵੀਜ਼ਨ ਬੀ ਵਿੱਚ ਉਤਾਰ ਦਿੱਤਾ ਜਾਵੇਗਾ।

ਡਿਵੀਜ਼ਨ ਬੀ ਵਿੱਚ 10 ਟੀਮਾਂ ਨੂੰ ਦੋ ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਏ ਵਿੱਚ ਆਂਧਰਾ ਪ੍ਰਦੇਸ਼, ਅਸਾਮ, ਦਿੱਲੀ, ਕੇਰਲ ਅਤੇ ਮਿਜ਼ੋਰਮ ਸ਼ਾਮਲ ਹਨ, ਜਦੋਂ ਕਿ ਪੂਲ ਬੀ ਵਿੱਚ ਕਰਨਾਟਕ, ਉਤਰਾਖੰਡ, ਤਾਮਿਲਨਾਡੂ, ਬਿਹਾਰ ਅਤੇ ਗੋਆ ਸ਼ਾਮਲ ਹਨ। ਇਸ ਡਿਵੀਜ਼ਨ ਦੀਆਂ ਚੋਟੀ ਦੀਆਂ ਦੋ ਟੀਮਾਂ ਡਿਵੀਜ਼ਨ ਏ ਵਿੱਚ ਅੱਗੇ ਵਧਣਗੀਆਂ, ਜਦੋਂ ਕਿ ਹੇਠਲੀਆਂ ਦੋ ਟੀਮਾਂ ਡਿਵੀਜ਼ਨ ਸੀ ਵਿੱਚ ਉਤਾਰ ਦਿੱਤੀਆਂ ਜਾਣਗੀਆਂ। ਡਿਵੀਜ਼ਨ ਸੀ ਦੀਆਂ ਅੱਠ ਟੀਮਾਂ ਨੂੰ ਦੋ ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਏ ਵਿੱਚ ਅਰੁਣਾਚਲ ਪ੍ਰਦੇਸ਼, ਦਾਦਰਾ ਅਤੇ ਨਗਰ ਹਵੇਲੀ, ਦਮਨ ਅਤੇ ਦੀਉ (ਰਾਜਸਥਾਨ), ਅਤੇ ਤ੍ਰਿਪੁਰਾ ਸ਼ਾਮਲ ਹਨ, ਜਦੋਂ ਕਿ ਪੂਲ ਬੀ ਵਿੱਚ ਪੁਡੂਚੇਰੀ, ਗੁਜਰਾਤ, ਜੰਮੂ ਅਤੇ ਕਸ਼ਮੀਰ ਅਤੇ ਤੇਲੰਗਾਨਾ ਸ਼ਾਮਲ ਹਨ। ਇਸ ਡਿਵੀਜ਼ਨ ਦੀਆਂ ਚੋਟੀ ਦੀਆਂ ਦੋ ਟੀਮਾਂ ਅਗਲੇ ਟੂਰਨਾਮੈਂਟ ਲਈ ਡਿਵੀਜ਼ਨ ਬੀ ਵਿੱਚ ਅੱਗੇ ਵਧਣਗੀਆਂ।

# ਜਪਾਨ ਵਿੱਚ ਜਗਨਬੀਰ ਬਾਜਵਾ ਨੇ ਲਹਿਰਾਇਆ ਤਿਰੰਗਾ, ਏਸ਼ੀਅਨ ਕੈਨੋ ਮੈਰਾਥਨ ਚੈਂਪੀਅਨਸ਼ਿਪ ਵਿੱਚ ਜਿੱਤੇ ਦੋ ਕਾਂਸੀ ਦੇ ਤਗਮੇ



ਚੰਡੀਗੜ੍ਹ/ਜਾਪਾਨ: ਜਪਾਨ ਵਿੱਚ ਆਯੋਜਿਤ ਏਸ਼ੀਅਨ ਕੈਨੋ ਮੈਰਾਥਨ ਚੈਂਪੀਅਨਸ਼ਿਪ ਵਿੱਚ ਚੰਡੀਗੜ੍ਹ ਦੇ 20 ਸਾਲਾ ਨੌਜਵਾਨ ਖਿਡਾਰੀ ਜਗਨਬੀਰ ਸਿੰਘ ਬਾਜਵਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਭਾਰਤ ਅਤੇ ਪੰਜਾਬ ਦਾ ਨਾਂ ਅੰਤਰਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ। ਪ੍ਰਤੀਯੋਗਤਾ ਦੇ 3.4 ਕਿਲੋਮੀਟਰ ਅਤੇ 10 ਕਿਲੋਮੀਟਰ ਦੋਵਾਂ ਮੁਕਾਬਲਿਆਂ ਵਿੱਚ ਜਗਨਬੀਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੋ ਕਾਂਸੀ ਦੇ ਤਗਮੇ ਆਪਣੇ ਨਾਂ ਕੀਤੇ। ਜਦੋਂ ਕਿ ਪਹਿਲੇ ਨੰਬਰ 'ਤੇ ਵੀਅਤਨਾਮ ਦੇ ਫਾਮ ਵਾਨ ਹਾਨ, ਦੂਜੇ ਨੰਬਰ 'ਤੇ ਜਾਪਾਨ ਦੇ ਉਏਦੇ ਸ਼ਿਤੋਰਾ ਅਤੇ ਤੀਜੇ ਨੰਬਰ 'ਤੇ ਭਾਰਤ ਦੇ ਜਗਨਬੀਰ ਸਿੰਘ ਬਾਜਵਾ ਰਹੇ। 20 ਸਾਲ ਦੇ ਇਸ ਨੌਜਵਾਨ ਖਿਡਾਰੀ ਲਈ ਏਸ਼ੀਆਈ ਪੱਧਰ ਦੀ ਇਸ ਵੱਕਾਰੀ ਪ੍ਰਤੀਯੋਗਤਾ ਵਿੱਚ ਦੋ ਤਗਮੇ ਹਾਸਲ ਕਰਨਾ ਉਸ ਦੀ ਪ੍ਰਤਿਭਾ, ਮਿਹਨਤ ਅਤੇ ਲਗਾਤਾਰ ਕੀਤੇ ਜਾ ਰਹੇ ਅਭਿਆਸ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਜਗਨਬੀਰ ਨੇ ਦੋਵਾਂ ਮੁਕਾਬਲਿਆਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਦੇ ਵਿਚਕਾਰ ਆਪਣੀ ਸਮਰੱਥਾ ਸਾਬਤ ਕੀਤੀ। ਖ਼ਾਸ ਗੱਲ ਇਹ ਰਹੀ ਕਿ ਉਹ ਪ੍ਰਤੀਯੋਗਤਾ ਵਿੱਚ ਘੱਟ ਉਮਰ ਦੇ ਖਿਡਾਰੀਆਂ ਵਿੱਚ ਸ਼ਾਮਲ ਸਨ ਅਤੇ ਇਸ ਦੇ ਬਾਵਜੂਦ ਉਨ੍ਹਾਂ ਨੇ ਦੋਵਾਂ ਮੁਕਾਬਲਿਆਂ ਵਿੱਚ ਤਗਮੇ ਜਿੱਤ ਕੇ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾਈ।

### ਲਗਾਤਾਰ ਸਖ਼ਤ ਮਿਹਨਤ ਦਾ ਮਿਲਿਆ ਨਤੀਜਾ

ਜਗਨਬੀਰ ਦੇ ਪ੍ਰਦਰਸ਼ਨ 'ਤੇ ਉਨ੍ਹਾਂ ਦੇ ਕੋਚ ਅਤੇ ਖ਼ੁਦ ਸੋਨੇ ਦਾ ਤਗਮਾ ਜਿੱਤਣ ਵਾਲੇ ਖਿਡਾਰੀ ਰਵਿੰਦਰ ਸਿੰਘ ਨੇ ਖ਼ੁਸ਼ੀ ਜਤਾਉਂਦੇ ਹੋਏ ਕਿਹਾ ਕਿ ਇਹ ਪੂਰੇ ਪਰਿਵਾਰ, ਪੰਜਾਬ ਅਤੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਜਗਨਬੀਰ ਨੇ ਜਿਸ ਪੱਧਰ ਦੀ ਪ੍ਰਾਪਤੀ ਹਾਸਲ ਕੀਤੀ ਹੈ, ਉਹ ਆਪਣੇ ਆਪ ਵਿੱਚ ਵੱਡੀ ਗੱਲ ਹੈ। ਰਵਿੰਦਰ ਸਿੰਘ ਨੇ ਕਿਹਾ ਕਿ ਜਗਨਬੀਰ ਨੇ ਇਸ ਲਈ ਲੰਬੇ ਸਮੇਂ ਤੋਂ ਲਗਾਤਾਰ ਸਖ਼ਤ ਮਿਹਨਤ ਕੀਤੀ ਹੈ। ਸਿਖਲਾਈ (ਟ੍ਰੇਨਿੰਗ) ਦੌਰਾਨ ਉਸ ਦੀ ਮਿਹਨਤ, ਲਗਨ ਅਤੇ ਖੇਡ ਪ੍ਰਤੀ ਸਮਰਪਣ ਲਗਾਤਾਰ ਦਿਖਾਈ ਦਿੰਦਾ ਰਿਹਾ ਹੈ। ਇਸੇ ਮਿਹਨਤ ਦਾ ਨਤੀਜਾ ਹੁਣ ਜਾਪਾਨ ਵਿੱਚ ਏਸ਼ੀਅਨ ਚੈਂਪੀਅਨਸ਼ਿਪ ਦੌਰਾਨ ਦੋ ਕਾਂਸੀ ਦੇ ਤਗਮਿਆਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਜਗਨਬੀਰ ਦੀ ਇਹ ਪ੍ਰਾਪਤੀ ਕੇਵਲ ਉਸ ਲਈ ਹੀ ਨਹੀਂ, ਸਗੋਂ ਉਸ ਦੇ ਪਰਿਵਾਰ ਅਤੇ ਪੂਰੇ ਪੰਜਾਬ ਲਈ ਮਾਣ ਦਾ ਵਸੀਲਾ ਹੈ। ਇੰਨੀ ਘੱਟ ਉਮਰ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਤਗਮਾ ਹਾਸਲ ਕਰਨਾ ਉਸ ਦੇ ਸੁਨਹਿਰੀ ਖੇਡ ਭਵਿੱਖ ਵੱਲ ਇਸ਼ਾਰਾ ਕਰਦਾ ਹੈ। ਭਾਰਤੀ ਟੀਮ ਦੇ ਕੋਚ ਦੀਪਕ ਕੁਮਾਰ ਸਿੰਘ, ਜੋ ਕੈਨੋ ਮੈਰਾਥਨ ਇੰਡੀਆ ਦੇ ਚੇਅਰਮੈਨ ਵੀ ਹਨ, ਨੇ ਵਧਾਈ ਦਿੰਦੇ ਹੋਏ ਕਿਹਾ ਕਿ ਜਗਨਬੀਰ ਦੀ ਸਫ਼ਲਤਾ ਦੇ ਪਿੱਛੇ ਉਸ ਦੇ ਪਰਿਵਾਰ ਦਾ ਸਹਿਯੋਗ ਅਤੇ ਉਸ ਦੀ ਆਪਣੀ ਲਗਾਤਾਰ ਮਿਹਨਤ ਅਹਿਮ ਰਹੀ ਹੈ। ਉਨ੍ਹਾਂ ਉਮੀਦ ਜਤਾਈ ਕਿ ਜਗਨਬੀਰ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਵੱਡੀਆਂ ਅੰਤਰਰਾਸ਼ਟਰੀ ਪ੍ਰਤੀਯੋਗਤਾਵਾਂ ਵਿੱਚ ਦੇਸ਼ ਲਈ ਤਗਮੇ ਹਾਸਲ ਕਰੇਗਾ।

### ਦੀਪਕ ਕੁਮਾਰ ਸਿੰਘ ਦੀ ਅਗਵਾਈ ਹੇਠ ਭਾਰਤੀ ਟੀਮ ਦਾ ਪ੍ਰਦਰਸ਼ਨ

ਭਾਰਤੀ ਟੀਮ ਦੇ ਕੋਚ ਦੀਪਕ ਕੁਮਾਰ ਸਿੰਘ, ਜੋ ਕੈਨੋ ਮੈਰਾਥਨ ਇੰਡੀਆ ਦੇ ਚੇਅਰਮੈਨ ਵੀ ਹਨ, ਦੀ ਅਗਵਾਈ ਵਿੱਚ ਖਿਡਾਰੀਆਂ ਨੇ ਜਾਪਾਨ ਵਿੱਚ ਪ੍ਰਤੀਯੋਗਤਾ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੀਮ ਦੀ ਤਿਆਰੀ ਅਤੇ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਪ੍ਰਤੀਯੋਗਤਾ ਲਈ ਤਿਆਰ ਕਰਨ ਵਿੱਚ ਕੋਚਿੰਗ ਸਟਾਫ਼ ਦੀ ਅਹਿਮ ਭੂਮਿਕਾ ਰਹੀ। ਜਗਨਬੀਰ ਦੀ ਇਸ ਪ੍ਰਾਪਤੀ ਨੇ ਚੰਡੀਗੜ੍ਹ ਅਤੇ ਪੰਜਾਬ ਦੇ ਨੌਜਵਾਨ ਖਿਡਾਰੀਆਂ ਲਈ ਵੀ ਇੱਕ ਨਵੀਂ ਪ੍ਰੇਰਨਾ ਪੈਦਾ ਕੀਤੀ ਹੈ। ਘੱਟ ਉਮਰ ਵਿੱਚ ਅੰਤਰਰਾਸ਼ਟਰੀ ਮੰਚ 'ਤੇ ਦੋ ਤਗਮੇ ਜਿੱਤ ਕੇ ਜਗਨਬੀਰ ਨੇ ਇਹ ਸਾਬਤ ਕੀਤਾ ਹੈ ਕਿ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਲਗਾਤਾਰ ਅਭਿਆਸ ਦੇ ਦਮ 'ਤੇ ਨੌਜਵਾਨ ਖਿਡਾਰੀ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਂ ਰੋਸ਼ਨ ਕਰ ਸਕਦੇ ਹਨ।











